Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Ad Space Available
Please Call
Ph: 847-359-0746

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Nineteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 47, November 24, 2018
20451 N. Plum Grove Rd., Palatine, IL 60074
Ph:847-359-0746, Fax:847-705-9388

## ਸਿੱਖ ਕਤਲੇਆਮ

# 34 ਸਾਲ ਬਾਅਦ ਘੁੰਮਿਆ ਨਿਆਂ ਦਾ ਪਹੀਆ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਇਨਸਾਫ ਦੀ ਆਸ ਜਾਗੀ ਹੈ। ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਯਸ਼ਪਾਲ ਸਿੰਘ (55) ਨੂੰ ਫਾਂਸੀ ਅਤੇ ਉਸ ਦੇ ਸਾਥੀ ਨਰੇਸ਼ ਸਹਿਰਾਵਤ (59) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਿਸ਼ੇਸ਼ ਜਾਂਚ ਟੀਮ (ਸਿਟ) ਵਲੋਂ ਦਰਜ ਕੀਤੇ ਗਏ 5 ਮਾਮਲਿਆਂ ਵਿਚ ਪਹਿਲੇ ਮੁਕੱਦਮੇ ਵਿਚ ਇਹ ਸਜ਼ਾ ਦਿੱਤੀ ਗਈ ਹੈ।

ਕਤਲੇਆਮ ਦੇ 34 ਸਾਲ ਬਾਅਦ ਇਹ ਪਹਿਲਾ ਮਾਮਲਾ ਹੈ ਜਦੋਂ ਕਿਸੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਅਦਾਲਤ ਨੇ 14 ਨਵੰਬਰ ਨੂੰ ਦੋਵਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਨ੍ਹਾਂ 'ਤੇ ਸਿੱਖ ਕਤਲੇਆਮ ਦੌਰਾਨ ਹਰਦੇਵ ਸਿੰਘ (24 ਸਾਲ) ਤੇ ਅਵਤਾਰ ਸਿੰਘ (26 ਸਾਲ) ਨਾਂ ਦੇ ਦੋ ਸਿੱਖਾਂ ਨੂੰ ਮਹੀਪਾਲਪੁਰ ਵਿਚ ਕਤਲ ਕਰਨ ਦੇ ਦੋਸ਼ ਸਾਬਤ ਹੋਏ ਸਨ। ਹਰਦੇਵ ਸਿੰਘ ਦੇ ਭਰਾ ਸੰਤੋਖ ਸਿੰਘ ਨੇ ਸ਼ਿਕਾਇਤ ਕੀਤੀ ਸੀ ਪਰ ਦਿੱਲੀ ਪੁਲਿਸ ਨੇ 1994 ਵਿਚ ਮੁਕੱਦਮਾ ਬੰਦ ਕਰ ਦਿੱਤਾ ਸੀ। ਇਸ ਫੈਸਲਾ ਨੂੰ ਕਤਲੇਆਮ ਦੇ ਹੋਰ ਮਾਮਲਿਆਂ ਵਿਚ ਵੀ ਪੀੜਤਾਂ ਨੂੰ ਨਿਆਂ ਦੀ ਉਮੀਦ ਮੰਨਿਆ ਜਾ ਰਿਹਾ ਹੈ। ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ 650 ਦੇ ਕਰੀਬ ਮੁਕੱਦਮੇ ਦਰਜ ਹੋਏ ਸਨ, 267 ਬੰਦ ਕਰ ਦਿੱਤੇ ਗਏ ਪਰ ਸੀ.ਬੀ.ਆਈ. ਨੇ ਇਨ੍ਹਾਂ ਵਿਚੋਂ 5 ਮੁਕੱਦਮੇ

(ਬਾਕੀ ਸਫਾ 6 ਉਤੇ)

# ਨਿਰੰਕਾਰੀ ਭਵਨ 'ਤੇ ਹਮਲੇ ਨਾਲ ਸਿਆਸਤ ਦਾ ਰੁਖ ਮੁੜਿਆ

**ਚੰਡੀਗੜ੍ਹ:** ਅੰਮ੍ਰਿਤਸਰ ਵਿਚ ਨਿਰੰਕਾਰੀ ਭਵਨ ਉਤੇ ਹੋਏ ਗ੍ਰਨੇਡ ਹਮਲੇ ਪਿੱਛੋਂ ਪੰਜਾਬ ਇਸ ਸਮੇਂ ਹਾਈ ਅਲਰਟ ਉਤੇ ਹੈ। ਪੰਜਾਬ ਦੇ ਲੋਕਾਂ ਅੰਦਰ ਚਿੰਤਾ ਅਤੇ ਸਹਿਮ ਹੈ। ਇਸ ਹਮਲੇ ਨੂੰ ਚਾਲੀ ਸਾਲ ਪਹਿਲਾਂ 13 ਅਪਰੈਲ 1978 ਨੂੰ ਹੋਈ ਸਿੱਖ-ਨਿਰੰਕਾਰੀ ਟਕਰਾਅ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਪੰਜਾਬ ਵਿਚ ਅਤਿਵਾਦ ਦੀ ਮੁੜ ਸੁਰਜੀਤੀ ਬਾਰੇ ਰੌਲਾ ਪਾਇਆ ਜਾ ਰਿਹਾ ਸੀ। ਹਮਲੇ ਤੋਂ ਤਿੰਨ ਦਿਨ ਪਹਿਲਾਂ ਪੰਜਾਬ ਵਿਚ ਅਲਰਟ ਜਾਰੀ ਕੀਤਾ ਹੋਇਆ ਸੀ।

ਯਾਦ ਰਹੇ ਕਿ ਭਾਰਤ ਦੇ ਫੌਜ ਮੁਖੀ ਨੇ ਕੁਝ ਦਿਨ ਪਹਿਲਾਂ ਹੀ ਆਖਿਆ ਸੀ ਕਿ ਪੰਜਾਬ ਮੁੜ ਅਤਿਵਾਦ ਦੇ ਸਾਏ ਹੇਠ ਹੈ। ਨਿਰੰਕਾਰੀ ਭਵਨ ਉਤੇ ਹਮਲਾ ਅਤਿਵਾਦੀ ਕਾਰਾ ਸੀ ਜਾਂ ਕੁਝ ਹੋਰ ਇਸ ਬਾਰੇ ਕੌਮੀ ਜਾਂਚ ਏਜੰਸੀ ਸਮੇਤ

(ਬਾਕੀ ਸਫਾ 6 ਉਤੇ)

# ਕੈਲੀਫੋਰਨੀਆ 'ਚ ਅੱਗ ਨਾਲ ਮਰਨ ਵਾਲਿਆਂ ਦੀ ਗਿਣਤੀ 79 ਹੋਈ, 993 ਲਾਪਤਾ

**ਸੈਕਰਾਮੈਂਟੋ (ਬਿਊਰੋ):** ਪੈਰਾਡਾਈਜ਼ (ਕੈਲੀਫੋਰਨੀਆ) ਦੇ ਜੰਗਲਾਂ ਵਿਚ ਲੱਗੀ ਅੱਗ ਨਾਲ ਮਰਨ ਵਾਲਿਆਂ ਦੀ ਗਿਣਤੀ 79 ਹੋ ਗਈ ਹੈ ਅਤੇ 993 ਅਜੇ ਵੀ ਲਾਪਤਾ ਹਨ। ਮ੍ਰਿਤਕਾਂ ਵਿਚੋਂ 64 ਜਣਿਆਂ ਦੀ ਪਛਾਣ ਹੋ ਗਈ ਹੈ।

## ਮੀਂਹ ਦੀ ਭਵਿੱਖਵਾਣੀ; ਮੀਂਹ ਨਾਲ ਮੱਠੀ ਪੈ ਸਕਦੀ ਹੈ ਜੰਗਲ ਦੀ ਅੱਗ

ਬੂਟੀ ਕਾਊਂਟੀ ਸ਼ੈਰਿਫ ਦੇ ਦਫਤਰ ਵਲੋਂ ਜਾਰੀ ਜਾਣਕਾਰੀ ਮੁਤਾਬਕ ਅੱਗ ਡੇਢ ਲੱਖ ਏਕੜ ਤਕ ਫੈਲ ਗਈ ਹੈ। ਇਹ ਕੈਲੀਫੋਰਨੀਆ ਦੇ ਇਤਿਹਾਸ ਵਿਚ ਹੁਣ ਤਕ ਦੀ ਸਭ ਤੋਂ ਭਿਆਨਕ ਅੱਗ ਹੈ, ਜਿਸ ਵਿਚ 15 ਹਜ਼ਾਰ ਇਮਾਰਤਾਂ ਤਬਾਹ ਹੋ ਗਈਆਂ ਹਨ। ਇਨ੍ਹਾਂ ਵਿਚੋਂ 11700 ਤੋਂ ਵਧੇਰੇ ਘਰ ਹਨ। ਇਸੇ ਦੌਰਾਨ ਮੌਸਮ ਵਿਭਾਗ ਨੇ ਭਵਿਖਵਾਣੀ ਕੀਤੀ ਹੈ ਕਿ ਬੁਧਵਾਰ ਤੋਂ ਸ਼ੁਕਰਵਾਰ ਤਕ ਮੀਂਹ ਪੈ ਸਕਦਾ ਹੈ। ਮੌਸਮ ਵਿਭਾਗ ਦੀ ਸੀਨੀਅਰ ਅਫਸਰ ਕ੍ਰਿਸਟੀਨਾ ਪਿਡੀਨੋਵਿਸਕੀ ਨੇ ਦੱਸਿਆ ਹੈ ਕਿ ਮੀਂਹ ਨਾਲ ਇਸ ਭਿਆਨਕ ਅੱਗ ਨੂੰ ਠੱਲ੍ਹ ਪੈਣ ਵਿਚ ਮਦਦ ਮਿਲੇਗੀ।

ਇਸੇ ਦੌਰਾਨ ਸ਼ੈਰਿਫ ਕੋਰੀ ਹੋਨੀਆ ਨੇ ਦੱਸਿਆ ਹੈ ਕਿ ਅਜੇ ਮ੍ਰਿਤਕਾਂ ਦੇ ਮੁਕੰਮਲ ਅੰਕੜੇ ਹਾਸਲ ਨਹੀਂ ਹੋਏ। ਜਿਸ ਤਰ੍ਹਾਂ ਸਮੁੱਚਾ ਇਲਾਕਾ ਭਿਆਨਕ ਅੱਗ ਦੀ ਭੇਟ ਵਿਚ ਆਇਆ ਹੈ, ਉਸ ਨਾਲ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਤਰਾ ਹੈ। ਉਨ੍ਹਾਂ ਖਦਸ਼ਾ ਜਾਹਰ ਕੀਤਾ ਕਿ ਮ੍ਰਿਤਕਾਂ ਦੀ ਅਸਲ ਗਿਣਤੀ ਬਾਰੇ ਸ਼ਾਇਦ ਕਦੇ ਵੀ ਪਤਾ ਨਾ ਲੱਗੇ। ਉਨ੍ਹਾਂ ਆਸ ਪ੍ਰਗਟਾਈ ਕਿ ਮੀਂਹ ਤੋਂ ਬਾਅਦ ਰਾਹਤ ਕਾਰਜਾਂ ਵਿਚ ਹੋਰ ਤੇਜ਼ੀ ਲਿਆਂਦੀ ਜਾ ਸਕੇਗੀ। ਅੱਗ ਦੀ ਲਪੇਟ ਵਿਚ ਆਏ ਲੋਕਾਂ ਨੂੰ ਕੱਢਣ ਲਈ ਵੱਡੇ ਪੱਧਰ 'ਤੇ ਰਾਹਤ ਕਾਰਜ ਚਲਾਏ ਜਾ ਰਹੇ ਹਨ। ਉਂਜ, ਉਨ੍ਹਾਂ ਇਹ ਵੀ ਕਿਹਾ ਕਿ ਹੁਣ ਅੱਗ ਪਿਛੋਂ ਸੁਆਹ ਉਡਣ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜ਼ਮੀਨ ਉਤੇ ਵਿਛੀ ਸੁਆਹ ਕਾਰਨ ਮੀਂਹ ਦਾ ਪਾਣੀ ਧਰਤੀ 'ਚ ਜਾਣ ਤੋਂ ਵੀ ਦਿੱਕਤ ਹੋ ਸਕਦੀ ਹੈ।

ਉਤਰੀ ਕੈਲੀਫੋਰਨੀਆ ਵਿਚ ਲੱਗੀ ਇਸ ਅੱਗ ਦਾ ਧੂੰਆਂ ਸੈਨ ਫਰਾਂਸਿਸਕੋ ਤੱਕ ਤਾਂ ਪਹੁੰਚਿਆ ਹੀ, ਇਸ ਦਾ ਅਸਰ ਕੈਲੀਫੋਰਨੀਆ ਤੋਂ ਤਿੰਨ ਹਜ਼ਾਰ ਮੀਲ ਦੂਰ ਨਿਊ ਯਾਰਕ ਦੀ ਫਿਜ਼ਾ ਵਿਚ ਵੀ ਨਜ਼ਰ ਆਇਆ। ਦੇਸ਼ ਦੇ ਹੋਰਨਾਂ ਹਿੱਸਿਆਂ ਤੱਕ ਵੀ ਇਸ ਦਾ ਅਸਰ ਪੁੱਜਾ।



*ਅੱਗ ਦੀ ਲਪੇਟ 'ਚ ਆਇਆ ਇਕ ਘਰ*

## ਡਰਾਈਵਰ ਦੀ ਹਿੰਮਤ ਨਾਲ 22 ਵਿਦਿਆਰਥੀ ਬਚੇ

41 ਵਰ੍ਹਿਆਂ ਦੇ ਬੱਸ ਡਰਾਈਵਰ ਕੇਵਿਨ ਮੈਕੇ ਦੀ ਬਹਾਦਰੀ ਸਦਕਾ 25 ਵਿਦਿਆਰਥੀਆਂ ਦੀ ਜਾਨ ਬਚ ਗਈ। ਉਸ ਨੇ ਦੱਸਿਆ ਕਿ ਉਸ ਨੇ ਆਪਣੀ ਕਮੀਜ਼ ਪਾੜ ਕੇ ਇਸ ਨਾਲ ਬੱਸ ਦੇ ਸ਼ੀਸ਼ੇ ਨੂੰ ਰਗੜਨਾ ਜਾਰੀ ਰੱਖਿਆ। ਇਸ ਦੌਰਾਨ ਬੱਚਿਆਂ ਨੇ ਰੁਮਾਲ ਗਿੱਲੇ ਕਰਕੇ ਨੱਕ ਢੱਕ ਲਏ ਅਤੇ ਇਨ੍ਹਾਂ ਰੁਮਾਲਾਂ ਰਾਹੀਂ ਹੀ ਸਾਹ ਲਿਆ। ਇੰਜ ਉਹ ਪੰਜ ਘੰਟਿਆਂ ਦੀ ਮੁਸ਼ੱਕਤ ਪਿਛੋਂ ਸੁਰੱਖਿਅਤ ਥਾਂ 'ਤੇ ਪੁੱਜ ਗਏ। ਮੈਕੇ ਨੇ ਸਕੂਲ ਅਧਿਆਪਕਾ ਮੇਰੀ ਲੁਡਵਿੱਗ (50) ਦੀ ਮਦਦ ਨਾਲ ਬੱਚਿਆਂ ਨੂੰ ਬਚਾਇਆ।

Buying/Selling
in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Raj Shergill
Associate Broker
Landmark Realty
40600 Ann Arbor Rd.,
Suite# 150,
Plymouth, MI 48170
Call: 734-751-4455
rajsshergill@yahoo.com


Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

ਸੰਤ ਬਾਬਾ ਲਖਬੀਰ ਸਿੰਘ ਰਤਵਾੜਾ ਸਾਹਿਬ ਵਾਲਿਆਂ ਵਲੋਂ

# ਮਹਾਨ ਕੀਰਤਨ ਸਮਾਗਮ


## 2 ਦਸੰਬਰ ਤੋਂ 9 ਦਸੰਬਰ 2018 ਤੱਕ



ਬਾਬਾ ਲਖਬੀਰ ਸਿੰਘ
ਰਤਵਾੜਾ ਸਾਹਿਬ ਵਾਲੇ



ਗੁਰਦੁਆਰਾ ਸੈਨ ਹੋਜ਼ੇ ਦੀ ਸ਼ਾਨਦਾਰ ਇਮਾਰਤ



ਸਵਰਗੀ ਸੰਤ ਵਰਿਆਮ ਸਿੰਘ
ਰਤਵਾੜਾ ਸਾਹਿਬ ਵਾਲੇ



### ਪ੍ਰੋਗਰਾਮ ਦਾ ਵੇਰਵਾ

**2 ਦਸੰਬਰ (ਐਤਵਾਰ)**
ਸਵੇਰੇ 11:45 ਤੋਂ ਬਾਅਦ ਦੁਪਹਿਰ 12:45 ਤੱਕ

**3 ਤੋਂ 8 ਦਸਬੰਰ (ਸੋਮਵਾਰ ਤੋਂ ਸਨਿਚਰਵਾਰ)**
ਸ਼ਾਮ 6:55 ਵਜੇ ਤੋਂ ਰਾਤ 7:55 ਵਜੇ ਤੱਕ

**9 ਦਸੰਬਰ (ਐਤਵਾਰ)**
ਸਵੇਰੇ 11:45 ਤੋਂ ਬਾਅਦ ਦੁਪਹਿਰ 12:45 ਵਜੇ ਤੱਕ

*ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸਾਰਾ ਹਫਤਾ ਗੁਰੂ ਘਰ ਪਹੁੰਚ ਕੇ ਮਹਾਂਪੁਰਸ਼ਾ ਦੇ ਪ੍ਰਵਚਨ/ਕਥਾ/ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ


## ਰੱਬ ਨੂੰ ਤੈਂ ਕੀ ਦਰਦ ਨਾ ਆਇਆ ਦਾ ਉਲ੍ਹਾਮਾ ਦੇਣ ਵਾਲੇ ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ


## ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿੱਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਜਗਦੀਸ਼ਰ ਸਿੰਘ ਕਲੇਰ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ



ਦਰਸ਼ਨ ਸਿੰਘ ਗਰੇਵਾਲ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੁਰਾ


ਅਯੁਧਿਆ ਸਲਵਾਨ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਸਿੰਘ ਭੁੱਲਰ


ਤਰਲੋਚਨ ਸਿੰਘ ਦੁਪਾਲਪੁਰ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਡਾ. ਗੁਰਬਖਸ਼ ਸਿੰਘ ਭੰਡਾਲ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪਨੂੰ


ਬੂਟਾ ਸਿੰਘ


ਇਕਬਾਲ ਜੱਬੋਵਾਲ


ਐਸ. ਅਸ਼ੋਕ ਭੌਰਾ


ਮੇਜਰ ਕੁਲਾਰ

ਪੰਜਾਬ ਟਾਈਮਜ਼
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
Ph: 847-359-0746
*e-mail: punjabtimes1@sbcglobal.net, website: www.punjabtimesusa.com*

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

‘ਰਾਜੇ ਸ਼ੀਂਹ ਮੁਕੱਦਮ ਕੁੱਤੇ’ ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ ‘ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ’ ਦਾ ਨਿਹੋਰਾ ਦੇਣ ਵਾਲੇ ਅਤੇ ‘ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ’ ਆਖ ਔਰਤ ਜਾਤ ਨੂੰ ਉਚੇਰਾ ਦਰਜਾ ਬਖਸ਼ਣ ਵਾਲੇ

# ਪ੍ਰਥਮ ਪਾਤਸ਼ਾਹ ਧੰਨ ਧੰਨ
# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ
# ਸਮੂਹ ਸਿੱਖ ਜਗਤ ਨੂੰ

# ਲੱਖ ਲੱਖ ਵਧਾਈ

ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਘਰ ਘਰ ਪਹੁੰਚਾਈਏ
ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ



ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਗਰੇਵਾਲ

ਵਲੋਂ

ਪ੍ਰੀਤਮ ਸਿੰਘ ਗਰੇਵਾਲ
ਦੇਵ ਗਰੇਵਾਲ
ਤੇ ਸਮੂਹ ਪਰਿਵਾਰ

**Grewal Enterprises**
**San Jose, CA**
**Ph:408-406-0703**

# ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਿਲ ਕਰਨ ਦੀ ਮੰਗ ਉਭਰੀ

**ਸ੍ਰੀ ਗੰਗਾਨਗਰ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ ਹੈ। ਪਾਰਟੀ ਦੇ ਰਾਜਸਥਾਨ



ਸੂਬਾ ਸਕੱਤਰ ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਇਸ ਸਬੰਧੀ ਪੱਤਰ ਵੀ ਲਿਖਿਆ ਹੈ।

ਪ੍ਰੋ. ਮੋਰਜੰਡ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਮੰਗ ਦੇ ਸਾਰੇ ਆਰਥਕ, ਭੁਗੋਲਿਕ ਅਤੇ ਸੱਭਿਆਚਾਰਕ ਪਹਿਲੂਆਂ 'ਤੇ ਵਿਚਾਰ ਕਰਕੇ ਉਸ ਨੂੰ ਰਾਸ਼ਟਰਪਤੀ ਦੇ ਸਨਮੁਖ ਕੀਤਾ ਹੈ। ਰਾਜਸਥਾਨ ਦੇ ਕੁਝ ਇਲਾਕੇ ਹਰਿਆਣੇ ਵਿਚ ਮਿਲਾਉਣ ਦੀ ਮੰਗ ਵੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਸਮੇਂ ਸਮੇਂ ਦੀਆਂ ਰਾਜਸਥਾਨ ਸਰਕਾਰਾਂ ਦੋ ਜਿਲਿਆਂ-ਗੰਗਾਨਗਰ ਅਤੇ ਹਨੂੰਮਾਨਗੜ੍ਹ ਨਾਲ ਵਿਤਕਰੇ ਵਾਲਾ ਸਲੂਕ ਕਰਦੀਆਂ ਆਈਆਂ ਹਨ। ਇਸ ਇਲਾਕੇ ਨੂੰ ਪੰਜਾਬ ਨਾਲ ਮਿਲਾਉਣ ਨਾਲ ਇਸ ਇਲਾਕੇ ਦੀ ਸਭ ਤੋਂ ਵੱਡੀ ਖੇਤੀਯੋਗ ਪਾਣੀ ਦੀ ਮੰਗ ਖੁਦ ਹਲ ਹੋ ਜਾਏਗੀ। ਇਸ ਦੇ ਲਗਭਗ 350 ਕਿਲੋਮੀਟਰ ਦੇ ਰਕਬੇ ਵਿਚ ਫੂਡ ਪ੍ਰੋਸੈਸਿੰਗ ਦੀ ਇੰਡਸਟਰੀ ਲਾਈ ਜਾ ਸਕਦੀ ਹੈ। ਫਸਲਾਂ ਖਰੀਦਣ ਲਈ ਸਰਕਾਰ ਢੁਕਵੇਂ ਪ੍ਰਬੰਧ ਨਹੀਂ ਕਰਦੀ। ਰਾਜ ਸਰਕਾਰ 'ਤੇ ਵਿਤਕਰੇਬਾਜ਼ੀ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਹੈ ਕਿ 20 ਸਾਲ ਪਹਿਲਾਂ ਸਵਾਮੀ ਕੇਸ਼ਵਾਨੰਦ ਦੇ ਨਾਂ 'ਤੇ ਸੰਗਰੀਆ ਵਿਚ ਖੇਤੀਬਾੜੀ ਯੂਨੀਵਰਸਿਟੀ ਬਣਾਉਣ ਦਾ ਮਤਾ ਆਇਆ ਸੀ, ਜੋ ਬਾਅਦ ਵਿਚ ਬੀਕਾਨੇਰ ਬਣਾ ਦਿਤੀ ਗਈ, ਜਿਸ ਦਾ ਖੇਤੀਬਾੜੀ ਵਾਲੇ ਇਨ੍ਹਾਂ ਜਿਲਿਆਂ ਨੂੰ ਉਕਾ ਫਾਇਦਾ ਨਹੀਂ ਹੋਇਆ। ਪੰਜਾਬ ਤੋਂ ਆਉਣ ਵਾਲੇ ਪਾਣੀ ਨੂੰ ਇਨ੍ਹਾਂ ਦੋ ਜਿਲਿਆਂ ਨੂੰ ਨਾ ਦੇ ਕੇ ਬਰਾਨੀ ਇਲਾਕਿਆਂ ਵਿਚ ਖੁੱਲ੍ਹਾ ਛੱਡਿਆ ਜਾਂਦਾ ਹੈ, ਜਿਸ ਕਰਕੇ ਇਨ੍ਹਾਂ ਦੋ ਜਿਲਿਆਂ ਦਾ ਕਿਸਾਨ ਕਰਜਾਈ ਹੋ ਰਿਹਾ ਹੈ।

ਪ੍ਰੋ. ਮੋਰਜੰਡ ਨੇ ਮੰਗ ਕੀਤੀ ਕਿ ਪਾਰਲੀਮੈਂਟ ਐਕਟ 1955 ਤਹਿਤ ਗੰਗਾਨਗਰ ਤੇ ਹਨੂੰਮਾਨਗੜ੍ਹ ਜਿਲੇ ਪੰਜਾਬ ਵਿਚ ਸ਼ਾਮਿਲ ਕੀਤੇ ਜਾਣ ਕਿਉਂਕਿ ਪੰਜਾਬ ਨਾਲ ਸਾਡੀ ਸੱਭਿਆਚਾਰਕ ਸਾਂਝ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 1990 ਵਿਚ ਰਾਜਸਥਾਨ ਵਿਧਾਨ ਸਭਾ ਚੋਣ ਲੜੀ ਸੀ ਅਤੇ ਕਰੀਬ ਡੇਢ ਲੱਖ ਵੋਟਾਂ ਹਾਸਿਲ ਕੀਤੀਆਂ ਸਨ। ਹੁਣ ਪਾਰਟੀ 5 ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜ ਰਹੀ ਹੈ ਅਤੇ 2019 ਵਿਚ ਲੋਕ ਸਭਾ ਚੋਣਾਂ ਵੀ ਲੜੇਗੀ।

# ਆਮ ਆਦਮੀ ਪਾਰਟੀ ਨਾਲ ਰਲਿਆ ਭਾਜਪਾ ਦਾ ਹਰਮੋਹਨ ਧਵਨ

**ਚੰਡੀਗੜ੍ਹ:** ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਭਾਜਪਾ ਆਗੂ ਹਰਮੋਹਨ ਧਵਨ ਨੇ 9 ਸਾਲ ਬਾਅਦ ਭਾਜਪਾ ਦੇ 'ਕਮਲ' ਨੂੰ ਛੱਡ ਕੇ 'ਆਪ' ਦੇ ਝਾੜੂ ਨਾਲ ਆਪਣਾ ਸਿਆਸੀ ਰਾਹ ਸਾਫ ਕਰਨ ਦਾ ਐਲਾਨ ਕਰ ਦਿੱਤਾ, ਇਸ ਸਮੇਂ ਇਨ੍ਹਾਂ ਨਾਲ ਪੱਕੇ ਸਾਥੀ ਵੀ ਆਪ ਵਿਚ ਸ਼ਾਮਲ ਹੋ ਗਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਮੌਜੂਦ ਸਨ।

ਪਾਰਟੀ ਬਦਲਦੇ ਹੀ ਧਵਨ ਨੇ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਸ਼ਹਿਰ ਦੀ ਭਾਜਪਾ ਲੋਕ ਸਭਾ ਮੈਂਬਰ ਕਿਰਨ ਖੇਰ ਤੋਂ ਹੀ ਆਪਣੇ ਦਰਦ ਨਾਲ ਪਾਰਟੀ ਦੀਆਂ ਜਨ-ਵਿਰੋਧੀ ਸਰਗਰਮੀਆਂ ਨੂੰ ਜੱਗ ਜ਼ਾਹਿਰ ਕੀਤਾ ਕਿ ਭਾਜਪਾ ਨੇ ਚੰਡੀਗੜ੍ਹੀਆਂ ਨਾਲ ਧੋਖਾ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਜਦ ਰਾਜਨੀਤੀ ਸ਼ੁਰੂ ਕੀਤੀ ਸੀ ਤਦ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਕਿ ਜਦੋਂ ਸੱਤਾ ਵਿਚ ਹੋਵੋ ਤਾਂ ਕਲਮ ਦੀ ਤਾਕਤ ਨਾਲ ਕੰਮ ਕਰੋ ਅਤੇ ਜਦੋਂ ਵਿਰੋਧੀ ਪੱਖ ਵਿਚ ਹੋ ਤਾਂ ਲੋਕਾਂ ਦੀ ਆਵਾਜ਼ ਜ਼ੋਰ-ਸ਼ੋਰ ਨਾਲ ਚੱਕੋ।

ਹਰਮੋਹਨ ਧਵਨ ਨੇ ਭਾਜਪਾ ਹਾਈਕਮਾਨ ਉਤੇ ਵੀ ਹਮਲਾ ਕਰਦੇ ਕਿਹਾ ਕਿ ਇਸ ਸਮੇਂ ਦੇਸ਼ ਨੂੰ ਵੰਡਿਆ ਜਾ ਰਿਹਾ ਹੈ। ਹਿੰਦੂ-ਮੁਸਲਮਾਨ ਵਿਚ ਖਾਈ ਪੈਦਾ ਕੀਤੀ ਜਾ ਰਹੀ ਹੈ।

ਦਿਲਚਸਪ ਇਹ ਵੀ ਰਿਹਾ ਕਿ ਇਸ ਪ੍ਰੋਗਰਾਮ ਵਿਚ ਕਾਂਗਰਸ ਅਤੇ ਭਾਜਪਾ ਸੂਹੀਆ ਦਲ ਸ਼ਕਤੀ ਭਾਂਪਣ ਲਈ ਪੂਰਾ ਸਰਗਰਮ ਨਜ਼ਰ ਆਇਆ।

# '6ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ 6 ਜਨਵਰੀ 2019 ਨੂੰ

**ਫਰੀਮਾਂਟ (ਬਿਊਰੋ):** ਇੱਕੀ ਇੰਟਰਨੈਸ਼ਨਲ ਐਂਟਰੇਟਨਮੈਂਟ ਇੰਕ. ਵਲੋਂ ਨਵੇਂ ਸਾਲ ਦੀ ਆਮਦ 'ਤੇ 'ਛੇਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ 6 ਜਨਵਰੀ 2019, ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਦੇਰ ਸ਼ਾਮ ਤੱਕ ਇਥੇ ਪੈਰਾਡਾਈਜ਼ ਬਾਲਰੂਮ ਵਿਚ ਹੋਵੇਗਾ।

ਪ੍ਰੋਗਰਾਮ ਦੇ ਇਕ ਪ੍ਰਬੰਧਕ ਐਸ. ਅਸ਼ੋਕ ਭੌਰਾ ਨੇ ਦੱਸਿਆ ਕਿ ਅਲਾਪ ਗਰੁਪ ਦੇ ਚੰਨੀ ਸਿੰਘ ਵਰਗੇ ਕਲਾਕਾਰ ਅਤੇ ਮਰਦਾਨਗੀ ਦਿੱਖ ਵਿਚ ਗਾਉਣ ਵਾਲੀਆਂ ਕੁੜੀਆਂ ਹਰਮਨਦੀਪ ਅਤੇ ਮੋਨਾ ਸਿੰਘ ਇਸ ਛਣਕਾਟੇ ਦਾ ਅਹਿਮ ਹਿੱਸਾ ਬਣਨਗੀਆਂ ਜਦੋਂਕਿ ਪਹਿਲੀ ਵਾਰ ਹੈ ਕਿ ਯੂ. ਸੀ. ਡੇਵਿਸ ਦੀ ਗਿੱਧਾ ਟੀਮ ਅਤੇ 'ਬੇ-ਏਰੀਆ ਧਮਕ' ਦੀਆਂ ਟੀਮਾਂ ਗਿੱਧਾ ਪੇਸ਼ ਕਰਨਗੀਆਂ। ਅਜੇ ਭੰਗੜਾ ਅਕੈਡਮੀ ਦਾ ਭੰਗੜਾ ਅਤੇ ਪਰਮਜੀਤ ਧਾਲੀਵਾਲ ਦੀ ਅਗਵਾਈ ਹੇਠ ਮਲਵਈ ਬਾਬਿਆਂ ਦਾ ਗਿੱਧਾ ਵੀ ਪੇਸ਼ ਕੀਤਾ ਜਾਵੇਗਾ।

ਇਸੇ ਦੌਰਾਨ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ. ਵਲੋਂ ਕਰਵਾਏ ਜਾਂਦੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੀ ਤਾਰੀਫ ਕਰਦਿਆਂ ਕਿਹਾ ਕਿ ਇਹ ਨਿਰੋਲ ਸੱਭਿਆਚਾਰਕ ਅਤੇ ਸਿਹਤਮੰਦ ਸੰਗੀਤਕ ਪ੍ਰੋਗਰਾਮ ਹੈ। ਉਨ੍ਹਾਂ ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਵਲੋਂ ਇਸ ਪ੍ਰੋਗਰਾਮ ਨੂੰ ਦਿੱਤੇ ਜਾਂਦੇ ਸਹਿਯੋਗ ਦਾ ਵੀ ਉਚੇਚਾ ਜ਼ਿਕਰ ਕੀਤਾ। ਸ. ਗਾਖਲ ਨੇ ਇਸ ਪਰਿਵਾਰਕ ਪ੍ਰੋਗਰਾਮ ਵਿਚ ਸਮੂਹ ਪੰਜਾਬੀਆਂ ਨੂੰ ਬੱਚਿਆਂ ਸਮੇਤ ਪਹੁੰਚਣ ਦੀ ਅਪੀਲ ਕੀਤੀ।

ਹੋਰ ਜਾਣਕਾਰੀ ਫੋਨ: 510-695-4836 ਰਾਹੀਂ ਲਈ ਜਾ ਸਕਦੀ ਹੈ।

# ਰਿਕਾਰਡ ਬੋਲੀ 'ਤੇ ਵਿਕਿਆ 'ਗੁਲਾਬੀ ਹੀਰਾ'

**ਜਨੇਵਾ:** ਕ੍ਰਿਸਟੀ ਵੱਲੋਂ ਕਰਵਾਈ ਨਿਲਾਮੀ ਦੌਰਾਨ 19 ਕੈਰੇਟ ਦਾ ਗੁਲਾਬੀ ਰੰਗ ਦਾ ਹੀਰਾ ਪਿਛਲੇ ਸਾਰੇ ਰਿਕਾਰਡਾਂ ਨੂੰ ਮਾਤ ਪਾਉਂਦਿਆਂ ਪੰਜ ਕਰੋੜ ਅਮਰੀਕੀ ਡਾਲਰ 'ਚ ਵਿਕਿਆ। ਇਹ ਹੀਰਾ ਕਦੇ ਓਪੈੱਨਹਾਇਮਰ ਪਰਿਵਾਰ ਦੀ ਮਲਕੀਅਤ ਸੀ, ਜੋ ਕਈ ਦਹਾਕੇ ਡੀ. ਬੀਅਰਜ਼ ਨਾਂ ਦੀ ਡਾਇਮੰਡ ਮਾਈਨਿੰਗ ਕੰਪਨੀ ਚਲਾਉਂਦੀ ਰਹੀ ਹੈ। ਇਸ ਗੁਲਾਬੀ ਪੱਥਰ ਨੂੰ ਅਮਰੀਕੀ ਲਗਜ਼ਰੀ ਬਰਾਂਡ ਹੈਰੀ ਵਿਲਸਨ ਨੇ ਖਰੀਦਿਆ ਹੈ, ਜੋ ਸਵਿਸ ਸਵਾਚ ਗਰੁੱਪ ਦਾ ਹਿੱਸਾ ਹੈ।

ਯੂਰਪ ਵਿਚ ਕ੍ਰਿਸਟੀ ਦੇ ਹੈੱਡ ਫਰਾਂਸਿਸ ਕੁਰੀਅਲ ਨੇ ਕਿਹਾ, 'ਪ੍ਰਤੀ ਕੈਰੇਟ ਲਈ 26 ਲੱਖ ਅਮਰੀਕੀ ਡਾਲਰ। ਗੁਲਾਬੀ ਹੀਰੇ ਲਈ ਪ੍ਰਤੀ ਕੈਰੇਟ ਮੁੱਲ ਇਕ ਵਿਸ਼ਵ ਰਿਕਾਰਡ ਹੈ।' ਖਰੀਦ ਤੋਂ ਫੌਰੀ ਮਗਰੋਂ ਖਰੀਦਦਾਰ ਨੇ ਇਸ ਹੀਰੇ 'ਵਿਨਸਟਨ ਪਿੰਕ ਲੈਗੇਸੀ' ਦਾ ਨਾਂ ਦੇ ਦਿੱਤਾ। ਕ੍ਰਿਸਟੀ ਮੁਤਾਬਕ ਗੁਲਾਬੀ ਪੱਥਰ ਲਗਭਗ ਇਕ ਸਦੀ ਪਹਿਲਾਂ ਦੱਖਣੀ ਅਫਰੀਕਾ ਦੀ ਖਾਣ 'ਚੋਂ ਮਿਲਿਆ ਸੀ ਤੇ ਇਸ ਨੂੰ 1920 ਵਿਚ ਕੱਟ ਕੇ ਆਕਾਰ ਦਿੱਤਾ ਗਿਆ ਸੀ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568



ਵੇਟਰ ਤੇ ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਇੰਡੀਆ ਪੈਲੇਸ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਲਖਵੀਰ ਜੌਹਲ

ਫੋਨ: 317-709-7800

44-45



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

***Grand Opening***

***Special Price for Truck Wash***

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ

1950 E Miner Ave.

Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਲਤਾਨਪੁਰ ਲੋਧੀ 'ਚ ਬਣਾਇਆ ਜਾਵੇਗਾ 'ਪਿੰਡ ਬਾਬੇ ਨਾਨਕ ਦਾ'

**ਨਵੀਂ ਦਿੱਲੀ:** ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਅਹਿਮ ਸਬੰਧ ਰੱਖਦੇ ਸੁਲਤਾਨਪੁਰ ਲੋਧੀ ਨੂੰ ਵਿਰਾਸਤੀ ਸ਼ਹਿਰ ਵਜੋਂ ਵਿਕਸਿਤ ਕਰਨ ਲਈ ਕਰੀਬ 100 ਏਕੜ ਰਕਬੇ 'ਚ ਪਿੰਡ ਬਣਾ ਕੇ ਉਸ ਨੂੰ 'ਪਿੰਡ ਬਾਬੇ ਨਾਨਕ ਦਾ' ਦਾ ਨਾਂ ਦਿੱਤਾ ਜਾਵੇਗਾ। ਇਹ ਫੈਸਲਾ 2019 'ਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵੱਡੀ ਪੱਧਰ 'ਤੇ ਮਨਾਉਣ ਲਈ ਗਠਿਤ ਰਾਸ਼ਟਰੀ ਅਮਲ ਕਮੇਟੀ ਦੀ ਮੀਟਿੰਗ 'ਚ ਲਿਆ ਗਿਆ।

ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਾਲ ਭਰ ਚੱਲਣ ਵਾਲੇ ਕਈ ਪ੍ਰੋਗਰਾਮ ਉਲੀਕੇ ਗਏ। ਇਨ੍ਹਾਂ ਪ੍ਰੋਗਰਾਮਾਂ ਤਹਿਤ ਯਾਦਗਾਰੀ ਸਿੱਕੇ, ਡਾਕ ਟਿਕਟਾਂ ਜਾਰੀ ਕਰਨਾ, ਵਿਸ਼ੇਸ਼ ਰੇਲ ਗੱਡੀਆਂ ਚਲਾਉਣਾ, ਅੰਤਰਰਾਸ਼ਟਰੀ ਪੱਧਰ 'ਤੇ ਵਿਦਿਅਕ ਸੈਮੀਨਾਰ ਕਰਵਾਉਣਾ ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ਦੂਰਦਰਸ਼ਨ, ਲੋਕ ਸਭਾ ਤੇ ਰਾਜ ਸਭਾ ਟੀ.ਵੀ. 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਬੰਧੀ ਅਤੇ ਗੁਰਬਾਣੀ ਕੀਰਤਨ ਦੇ ਪ੍ਰੋਗਰਾਮਾਂ ਦਾ ਵੀ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

ਮੀਟਿੰਗ ਤੋਂ ਬਾਅਦ ਰਾਜਨਾਥ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਸਾਹਿਬ ਜੀ ਦੀ ਯਾਦ 'ਚ ਯਾਦਗਾਰੀ ਸਿੱਕੇ ਅਤੇ ਡਾਕ ਟਿਕਟ ਜਾਰੀ ਕੀਤੀ ਜਾਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਪਸਾਰ ਲਈ ਸਭਿਆਚਾਰਕ ਮੰਤਰਾਲੇ ਵਲੋਂ ਨਵੀਂ ਦਿੱਲੀ 'ਚ ਇਕ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਜਾਵੇਗਾ। ਕੇਂਦਰ ਸਰਕਾਰ, ਪੰਜਾਬ ਸਰਕਾਰ ਨੂੰ ਅੰਤਰ ਧਰਮ ਅਧਿਐਨ ਬਾਰੇ ਰਾਸ਼ਟਰੀ ਸੰਸਥਾ ਸਥਾਪਤ ਕਰਨ ਲਈ ਮੁਫ਼ਤ ਜ਼ਮੀਨ ਵੀ ਮੁਹੱਈਆ ਕਰਵਾਏਗੀ, ਜਿਸ 'ਚ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਫਿਰਕੂ ਸੁਹਿਰਦਤਾ ਦਾ ਸੁਨੇਹਾ ਦਿੱਤਾ ਜਾਵੇਗਾ।

# ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਵੱਡੀ ਟੈਲੀਸਕੋਪ ਲੱਗੇਗੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਵਿਚ ਭਾਰਤ-ਪਾਕਿਸਤਾਨ ਸਰਹੱਦ 'ਤੇ ਉਚ ਸਮਰਥਾ ਵਾਲੀ ਟੈਲੀ ਸਕੋਪ ਲਾਈ ਜਾਵੇਗੀ ਤਾਂ ਕਿ ਸਿੱਖ ਸ਼ਰਧਾਲੂ ਸਰਹੱਦ ਦੇ ਉਸ ਪਾਰ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅਖੀਰਲੇ ਸਾਲ ਕਰਤਾਰਪੁਰ ਵਿਚ ਹੀ ਬਿਤਾਏ ਸਨ।ਗ੍ਰਹਿ ਮੰਤਰਾਲੇ ਨੇ ਇਕ ਬਿਆਨ ਵਿਚ ਦੱਸਿਆ ਕਿ ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ ਮੰਤਰਾਲੇ ਵੱਲੋਂ ਗੁਰਦੁਆਰਾ ਡੇਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਉਚ ਸਮਰਥਾ ਵਾਲੀ ਟੈਲੀਸਕੋਪ ਲਾਈ ਜਾਵੇਗੀ ਤੇ ਰੇਲਵੇ ਵੱਲੋਂ ਇਕ ਵਿਸ਼ੇਸ਼ ਰੇਲਗੱਡੀ ਚਲਾਈ ਜਾਵੇਗੀ ਜੋ ਗੁਰੂ ਸਾਹਿਬ ਨਾਲ ਸਬੰਧਤ ਥਾਂਵਾਂ ਤੋਂ ਹੋ ਕੇ ਲੰਘੇਗੀ।

ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘੇ ਦੇਣ ਦਾ ਮੁੱਦਾ ਪਿੱਛੇ ਜਿਹੇ ਉਭਰ ਗਿਆ ਸੀ ਜਦੋਂ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਤੋਂ ਬਾਅਦ ਆਖਿਆ ਸੀ ਕਿ ਪਾਕਿਸਤਾਨ ਸਰਕਾਰ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਦੇਣ ਲਈ ਤਿਆਰ ਹੈ। ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ ਲੰਮੇ ਸਮੇਂ ਤੋਂ ਲਾਂਘੇ ਲਈ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਨਾਲ ਗੱਲਬਾਤ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ।

# *34 ਸਾਲ ਬਾਅਦ ਘੁੰਮਿਆ ਨਿਆਂ ਦਾ ਪਹੀਆ*

*(ਸਫਾ ਇਕ ਦੀ ਬਾਕੀ)*

ਮੁੜ ਖੋਲ੍ਹੇ। ਵਿਸ਼ੇਸ਼ ਜਾਂਚ ਟੀਮ ਨੇ ਵੀ 18 ਮਾਮਲੇ ਮੁੜ ਖੋਲ੍ਹੇ ਤੇ 60 ਮਾਮਲੇ ਅਜਿਹੇ ਪਾਏ ਗਏ ਜਿਨ੍ਹਾਂ ਦੀ ਅੱਗੇ ਜਾਂਚ ਕੀਤੀ ਜਾ ਸਕਦੀ ਸੀ। ਹੋਰਨਾਂ ਕੇਸਾਂ ਦਾ ਵੀ ਨਿਆਂ-ਪਾਲਿਕਾ ਵੱਲੋਂ ਛੇਤੀ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫੈਸਲੇ ਦਾ ਸਵਾਗਤ ਕੀਤਾ ਹੈ। ਸ੍ਰੀ ਬਾਦਲ ਨੇ



'ਸਿਟ' ਨੇ ਪਿਛਲੇ ਡੇਢ ਸਾਲ ਦੌਰਾਨ 52 ਮਾਮਲਿਆਂ ਨੂੰ ਅਣਲੱਭੇ ਕਰਾਰ ਦਿੱਤਾ। ਬਾਕੀ 8 ਮਾਮਲਿਆਂ ਦੀ ਜਾਂਚ ਹੋ ਰਹੀ ਹੈ, 5 ਦੀ ਚਾਰਜਸ਼ੀਟ ਦਾਖਲ ਹੋ ਚੁੱਕੀ ਹੈ ਤੇ 3 ਮਾਮਲੇ ਜਿਨ੍ਹਾਂ ਵਿਚ ਸੱਜਣ ਕੁਮਾਰ ਨਾਮਜ਼ਦ ਹੈ, ਦੀ ਜਾਂਚ ਲਟਕੀ ਪਈ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 1984 ਦੇ ਦੰਗਿਆਂ ਦੇ ਇਕ ਕੇਸ ਵਿਚ ਅਦਾਲਤ ਵਲੋਂ ਮੌਤ ਦੀ ਪਹਿਲੀ ਸਜ਼ਾ ਸੁਣਾਏ ਜਾਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਆਖਰਕਾਰ ਘਿਨਾਉਣੇ ਅਪਰਾਧ ਲਈ ਨਿਆਂ ਮਿਲਿਆ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਕਿਹਾ ਕਿ ਉਮੀਦ ਹੈ ਕਿ ਇਹ ਫੈਸਲਾ ਇਕ ਨੀਂਹ-ਪੱਥਰ ਹੈ, ਜਿਹੜਾ ਬਾਕੀ ਹਜ਼ਾਰਾਂ ਪੀੜਤਾਂ ਨੂੰ ਵੀ ਇਨਸਾਫ ਦਿਵਾਏਗਾ।

# *ਕੇਜਰੀਵਾਲ 'ਤੇ ਮਿਰਚਾਂ ਦਾ ਪਾਊਡਰ ਸੁੱਟਿਆ*

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਦਿੱਲੀ ਸਕੱਤਰੇਤ ਵਿਚ ਇਕ ਵਿਅਕਤੀ ਨੇ ਉਦੋਂ ਮਿਰਚ ਪਾਊਡਰ ਪਾ ਦਿੱਤਾ ਜਦੋਂ ਉਹ ਦੁਪਹਿਰ ਦੇ ਖਾਣੇ ਲਈ ਦਫਤਰ ਵਿਚੋਂ ਨਿਕਲੇ ਸਨ। ਇਹ ਘਟਨਾ ਸਕੱਤਰੇਤ ਦੀ ਤੀਜੀ ਮੰਜ਼ਲ ਉਪਰ ਹੋਈ ਜਿਥੇ ਮੁੱਖ ਮੰਤਰੀ ਦਾ ਦਫਤਰ ਹੈ। ਦਿੱਲੀ ਪੁਲਿਸ ਵੱਲੋਂ ਕੇਜਰੀਵਾਲ 'ਤੇ ਮਿਰਚਾਂ ਸੁੱਟਣ ਵਾਲੇ 40 ਸਾਲਾਂ ਦੇ ਨਰੇਲਾ ਵਾਸੀ ਅਨਿਲ ਕੁਮਾਰ ਸ਼ਰਮਾ ਨੂੰ ਗ੍ਰਿਫਤਾਰ ਕਰ ਕੇ ਇਸ ਵਾਰਦਾਤ ਦਾ ਪਿਛੋਕੜ ਜਾਨਣ ਦੀ ਕੋਸ਼ਿਸ਼ ਜਾਰੀ ਸੀ। ਮਿਰਚ ਪਾਊਡਰ ਧੂੜਣ ਸਮੇਂ ਸ੍ਰੀ ਕੇਜਰੀਵਾਲ ਨੇ ਐਨਕਾਂ ਲਾਈਆਂ ਹੋਈਆਂ ਹੋਣ ਕਰ ਕੇ ਬਚਾਅ ਹੋ ਗਿਆ ਪਰ ਉਨ੍ਹਾਂ ਦੀ ਐਨਕ ਫਰਸ਼ ਉਪਰ ਡਿੱਗ ਕੇ ਟੁੱਟ ਗਈ।

# ਰਾਜਸਥਾਨ ਵਿਚ ਭਾਜਪਾ ਨੇ ਸਿੱਖ ਵਿਰੋਧੀ ਉਮੀਦਵਾਰ ਖੜ੍ਹੇ ਕੀਤੇ

**ਚੰਡੀਗੜ੍ਹ (ਬਿਊਰੋ):** ਰਾਜਸਥਾਨ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਇਕ ਸੀਟ ਅਤੇ ਭਾਜਪਾ ਨੇ 4 ਸੀਟਾਂ 'ਤੇ ਸਿੱਖ ਪਿਛੋਕੜ ਵਾਲੇ ਉਮੀਦਵਾਰ ਖੜ੍ਹੇ ਕੀਤੇ ਗਏ ਹਨ। ਕਾਂਗਰਸ ਨੇ ਗੰਗਾਨਗਰ ਜਿਲੇ ਦੀ ਕਰਣਪੁਰ ਸੀਟ ਤੋਂ ਸ਼ਰਾਬ ਵਪਾਰੀ ਗੁਰਮੀਤ ਸਿੰਘ ਕੁੰਨਰ ਨੂੰ ਮੈਦਾਨ ਵਿਚ ਲਿਆਂਦਾ ਹੈ। ਉਹ ਪਿਛਲੀਆਂ ਚੋਣਾਂ 'ਚ ਵੀ ਮੈਦਾਨ ਵਿਚ ਸਨ ਪਰ ਚੋਣ ਹਾਰ ਗਏ ਸਨ। ਇਸ ਸੀਟ 'ਤੇ ਸਿਰਫ ਇਕ ਵਾਰ ਹਿੰਦੂ ਪੰਜਾਬੀ ਉਮੀਦਵਾਰ ਕੁੰਦਨ ਲਾਲ ਮੀਗਲਾਨੀ ਨੂੰ ਛੱਡ ਕੇ ਹਰ ਵਾਰ ਸਿੱਖ ਉਮੀਦਵਾਰ ਜੇਤੂ ਰਿਹਾ ਹੈ।

ਇਸੇ ਤਰ੍ਹਾਂ ਭਾਜਪਾ ਉਮੀਦਵਾਰ ਸੁਰਿੰਦਰਪਾਲ ਟੀ. ਟੀ. ਆਰ. ਐਸ. ਐਸ. ਦੇ ਪਿਛੋਕੜ ਵਾਲੇ ਜਾਣੇ ਜਾਂਦੇ ਹਨ। ਉਹ ਆਰ. ਐਸ. ਐਸ. ਵਲੋਂ ਪਿਛਲੇ ਸਾਲ ਗੁਰੂ ਗੋਬਿੰਦ ਸਿੰਘ ਸਬੰਧੀ ਕੀਤੇ ਗਏ ਸਮਾਗਮ ਵਿਚ ਵੀ ਸ਼ਿਰਕਤ ਕਰਕੇ ਆਏ ਸਨ, ਜਦਕਿ ਅਕਾਲ ਤਖਤ ਸਾਹਿਬ ਤੋਂ ਸਪਸ਼ਟ ਆਦੇਸ਼ ਸੀ ਕਿ ਸਿੱਖ ਉਸ ਸਮਾਗਮ ਵਿਚ ਸ਼ਿਰਕਤ ਨਾ ਕਰਨ।

ਸਾਦੁਲ ਸ਼ਹਿਰ ਸੀਟ ਤੋਂ ਭਾਜਪਾ ਨੇ ਸਾਬਕਾ ਮੰਤਰੀ ਗੁਰਜੰਟ ਸਿੰਘ ਬਰਾੜ ਦੇ ਪੋਤਰੇ ਗੁਰਬੀਰ ਬਰਾੜ ਨੂੰ ਮੈਦਾਨ ਵਿਚ ਲੈਆਂਦਾ ਹੈ। ਇਹ ਪਰਿਵਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੇੜਤਾ ਵਾਲਾ ਹੈ ਪਰ ਸ਼ੁਰੂ ਤੋਂ ਹੀ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਸਾਬਕਾ ਮੰਤਰੀ ਗੁਰਜੰਟ ਸਿੰਘ ਬਰਾੜ ਉਪਰ ਸੌਦਾ ਸਾਧ ਨਾਲ ਨੇੜਤਾ ਦੇ ਦੋਸ਼ ਲਗਦੇ ਰਹੇ ਹਨ। ਉਮੀਦਵਾਰ ਗੁਰਬੀਰ ਬਰਾੜ ਦੇ ਪਿਤਾ ਬਲਦੇਵ ਸਿੰਘ ਬਰਾੜ ਨੂੰ ਗੁਰਦੁਆਰਾ ਬੁੱਢਾ ਜੌਹੜ 'ਤੇ ਧੱਕੇ ਨਾਲ ਕਬਜ਼ਾ ਕਰਨ ਅਤੇ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਕਰਕੇ ਪੰਥ ਵਿਚੋਂ ਛੇਕਿਆ ਹੋਇਆ ਹੈ।

ਹਨੂਮਾਨਗੜ੍ਹ ਜਿਲੇ ਦੀ ਸੰਗਰਿਆ ਸੀਟ ਤੋਂ ਭਾਜਪਾ ਵਲੋਂ ਗੁਰਦੀਪ ਸਿੰਘ ਸ਼ਾਹਪੀਣੀ ਨੂੰ ਉਮੀਦਵਾਰ ਬਣਾਇਆ ਗਿਆ ਹੈ। ਉਹ ਇਸ ਤੋਂ ਪਹਿਲਾਂ ਦੋ ਵਾਰ ਚੋਣ ਲੜ ਚੁਕੇ ਹਨ। ਉਨ੍ਹਾਂ 'ਤੇ ਪੁਲਿਸ ਮੁਖਬਰੀ ਕਰਕੇ ਦੋ ਸਿੱਖ ਨੌਜਵਾਨਾਂ-ਭਾਈ ਸਿਕੰਦਰ ਸਿੰਘ ਸੁੱਬਾ ਪਿੰਡ ਸਿੰਘੇਵਾਲਾ ਤੇ ਹਰਦੇਵ ਸਿੰਘ ਸਿੱਧੂ ਪਿੰਡ ਪੂਹਲਾ ਨੂੰ ਮਰਵਾਉਣ ਦਾ ਕਥਿਤ ਦੋਸ਼ ਲੱਗਾ ਹੋਇਆ ਹੈ। ਇਸ ਤੋਂ ਇਲਾਵਾ ਨਿਰੰਕਾਰੀ ਕਾਂਡ ਵੇਲੇ ਪਿੰਡ ਦੇ ਗੁਰਦੁਆਰਾ ਸਾਹਿਬ 'ਤੇ ਗੋਲੀਬਾਰੀ ਕਰਨ ਦੇ ਦੋਸ਼ ਹਨ। ਗੁਰਦੀਪ ਸਿੰਘ ਸ਼ਾਹਪੀਣੀ ਰਿਸ਼ਤੇ ਵਿਚ ਗੁਰਵੀਰ ਬਰਾੜ ਦੇ ਮਾਮਾ ਲਗਦੇ ਹਨ।

ਚੌਥੇ ਉਮੀਦਵਾਰ ਸੁਖਵੰਤ ਸਿੰਘ ਨੂੰ ਅਲਵਰ ਜਿਲੇ ਅਧੀਨ ਪੈਂਦੇ ਹਲਕਾ ਰਾਮਗੜ੍ਹ ਤੋਂ ਖੜ੍ਹਾ ਕੀਤਾ ਗਿਆ ਹੈ। ਇਹ ਸੀਟ ਕੱਟੜ ਹਿੰਦੂ ਵਜੋਂ ਪਛਾਣ ਬਣਾ ਚੁਕੇ ਗਿਆਨ ਦੇਵ ਆਹੂਜਾ ਦੀ ਕੱਟ ਕੇ ਸਿੱਖ ਨੌਜਵਾਨ ਨੂੰ ਦਿਤੀ ਹੈ, ਜੋ ਪਹਿਲਾਂ ਬਲਾਕ ਸੰਮਤੀ ਦੇ ਪ੍ਰਧਾਨ ਵੀ ਰਹੇ ਹਨ। ਸੁਖਵੰਤ ਸਿੰਘ ਵੀ ਕੱਟੜ ਹਿੰਦੂ ਜਥੇਬੰਦੀ ਦੇ ਸਮਰਥਕ ਦੱਸੇ ਜਾਂਦੇ ਹਨ।

# ਨਿਰੰਕਾਰੀ ਭਵਨ 'ਤੇ ਹਮਲੇ ਨਾਲ ਸਿਆਸਤ ਦਾ ਰੁਖ ਮੁੜਿਆ

*(ਸਫਾ ਇਕ ਦੀ ਬਾਕੀ)*

ਪੰਜਾਬ ਪੁਲਿਸ ਜਾਂਚ ਕਰ ਰਹੀ ਹੈ ਤੇ ਇਸ ਬਾਰੇ ਅਜੇ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਪਰ ਸਿਆਸੀ ਧਿਰਾਂ ਇਸ ਦੁਖ ਦੀ ਘੜੀ ਮੌਕੇ ਵੀ ਸਿਆਸੀ ਫਾਇਦੇ ਦਾ ਤਾਕ ਵਿਚ ਹਨ। ਮੁੱਖ ਮੰਤਰੀ ਨੇ ਪਹਿਲੇ ਸੱਟੇ ਹੀ ਇਸ ਹਮਲੇ ਨੂੰ ਪਾਕਿਸਤਾਨ ਨਾਲ ਜੋੜ ਦਿੱਤਾ। ਸ਼੍ਰੋਮਣੀ ਅਕਾਲੀ ਦਲ ਬਾਦਲ ਇਸ ਪਿੱਛੇ ਬਰਗਾੜੀ ਮੋਰਚੇ ਦੇ ਆਗੂਆਂ ਦੇ ਹੱਥ ਹੋਣ ਦਾ ਦਾਅਵਾ ਕਰ ਰਿਹਾ ਹੈ। ਉਘੇ ਵਕੀਲ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਨੇ ਇਸ ਹਮਲੇ ਪਿੱਛੇ ਭਾਰਤੀ ਫੌਜ ਦਾ ਹੱਥ ਹੋਣ ਦੇ ਸ਼ੰਕੇ ਵੀ ਖੜ੍ਹੇ ਕਰ ਦਿੱਤੇ ਹਨ।

ਇਹ ਹਮਲਾ ਉਸ ਸਮੇਂ ਹੋਇਆ ਹੈ ਜਦੋਂ ਪੰਜਾਬ ਵਿਚ ਰਵਾਇਤੀ ਧਿਰਾਂ ਡੂੰਘੇ ਸੰਕਟ ਵਿਚ ਹਨ। ਅਕਾਲੀ ਦਲ ਬਾਦਲ ਅੰਦਰੂਨੀ ਅਤੇ ਬਾਹਰੀ ਸੰਕਟ ਵਿਚੋਂ ਲੰਘ ਰਿਹਾ ਹੈ। ਕਾਂਗਰਸ ਸਰਕਾਰ ਖਿਲਾਫ ਵੱਡੇ ਪੱਧਰ ਉਤੇ ਮੋਰਚੇ ਲੱਗੇ ਹੋਏ ਹਨ। ਅਧਿਆਪਕਾਂ ਤੇ ਕਿਸਾਨਾਂ ਸਮੇਤ ਹਰ ਮੁਲਾਜ਼ਮ ਧਿਰ ਸਰਕਾਰ ਖਿਲਾਫ ਸੜਕਾਂ ਉਤੇ ਨਿੱਤਰੀ ਹੋਈ ਹੈ। ਬਰਗਾੜੀ ਮੋਰਚੇ ਨੇ ਸਭ ਤੋਂ ਵੱਧ ਸਰਕਾਰ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਵੱਡੀ ਗਿਣਤੀ ਲੋਕ ਆਪ ਮੁਹਾਰੇ ਇਸ ਮੋਰਚੇ ਨਾਲ ਜੁੜ ਰਹੇ ਹਨ। ਲੋਕ ਸਭਾ ਚੋਣਾਂ ਤੱਕ ਇਸ ਮੋਰਚੇ ਦੇ ਸਿਆਸੀ ਪੌੜੀਆਂ ਚੜ੍ਹਨ ਵੱਲ ਵੀ ਸੰਕੇਤ ਦਿੱਤੇ ਹਨ। ਇਸ ਲਈ ਸ਼ੱਕ ਦੀ ਸੂਈ ਸਿਆਸੀ ਧਿਰਾਂ ਵੱਲ ਵੀ ਮੁੜ ਰਹੀ ਹੈ।

ਮੁਢਲੀ ਜਾਂਚ ਇਹੀ ਦੱਸ ਰਹੀ ਹੈ ਕਿ ਹਮਲਾਵਰਾਂ ਦਾ ਇਰਾਦਾ ਕੋਈ ਵੱਡਾ ਨੁਕਸਾਨ ਕਰਨਾ ਨਹੀਂ ਸੀ। ਦੋ ਹਮਲਾਵਰ ਭਵਨ ਦੇ ਗੇਟ ਕੋਲ ਆਏ ਤੇ ਜਿਨ੍ਹਾਂ ਵਿਚੋਂ ਇਕ, ਗੇਟ ਉਤੇ ਖੜ੍ਹੇ ਸੇਵਾਦਾਰ ਨੂੰ ਬਾਂਹ ਤੋਂ ਫੜ ਕੇ ਪਾਸੇ ਲੈ ਕ ਗਿਆ ਤੇ ਦੂਜੇ ਨੇ ਗ੍ਰਨੇਡ ਸੁੱਟ ਦਿੱਤਾ। ਇਸ ਪੱਖੋਂ ਇਹ ਕੋਈ ਅਤਵਿਾਦੀ ਕਾਰਾਂ ਨਹੀਂ ਲੱਗਦਾ। ਹਮਲੇ ਦਾ ਮਕਸਦ ਜਾਨੀ ਨੁਕਸਾਨ ਨਾਲੋਂ ਦਹਿਸ਼ਤ ਪੈਦਾ ਕਰਨਾ ਤੇ ਇਸ ਦਾਅਵੇ ਨੂੰ ਪੱਕਾ ਕਰਨਾ ਸੀ ਕਿ ਪੰਜਾਬ ਵਿਚ ਸਿਰ ਚੁੱਕ ਰਿਹਾ ਹੈ। ਲੋਕ ਇਨਸਾਫ ਪਾਰਟੀ ਦੇ ਆਗੂ ਸਿਮਰਜੀਤ ਸਿੰਘ ਬੈਂਸ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਦਾਅਵਾ ਹੈ ਕਿ ਇਹ ਕਾਰ ਸਰਕਾਰ ਦੇ ਕਹਿਣ ਉਤੇ ਖੁਫੀਆ ਏਜੰਸੀਆਂ ਨੇ ਕੀਤਾ ਹੈ ਅਤੇ ਬਰਗਾੜੀ ਮੋਰਚੇ ਨੂੰ ਅਤਿਵਾਦ ਨਾਲ ਜੋੜਨ ਲਈ ਇਹ ਖੇਡ ਖੇਡੀ ਗਈ ਸੀ। ਚੇਤੇ ਰਹੇ ਕਿ ਵਿਧਾਨ ਸਭਾ ਚੋਣਾਂ ਵੇਲੇ ਮੌੜ ਮੰਡੀ ਧਮਾਕੇ ਨੂੰ ਵੀ ਇਸੇ ਨਜ਼ਰੀਏ ਨਾਲ ਵੇਖਿਆ ਗਿਆ ਸੀ। ਪੌਣੇ 2 ਸਾਲ ਬਾਅਦ ਵੀ ਇਸ ਹਮਲੇ ਬਾਰੇ ਕੋਈ ਸੂਹ ਨਹੀਂ ਮਿਲੀ ਤੇ ਜਾਂਚ ਏਜੰਸੀਆਂ ਹਵਾ ਵਿਚ ਟੱਕਰਾਂ ਮਾਰ ਰਹੀਆਂ।


ਦੱਸ ਦਈਏ ਕਿ ਪਿਛਲੇ ਕੁਝ ਮਹੀਨਿਆਂ ਵਿਚ ਪੰਜਾਬ ਵਿਚ ਵੱਡੀ ਗਿਣਤੀ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਹਨ। ਇਨ੍ਹਾਂ ਨੌਜਵਾਨਾਂ ਨੂੰ ਖਾਲਿਸਤਾਨ ਲਹਿਰ ਨਾਲ ਜੋੜਿਆ ਜਾ ਰਿਹਾ ਹੈ। ਪਿਛਲੇ ਮਹੀਨੇ ਜਲੰਧਰ ਦੇ ਮਕਸੂਦਾਂ ਥਾਣੇ ਉਤੇ ਵੀ ਅਜਿਹਾ ਗ੍ਰਨੇਡ ਹਮਲਾ ਹੋਇਆ ਸੀ। ਇਸ ਸਮੇਂ ਵੀ ਸੂਈ ਗਰਮਖਿਆਲੀਆਂ ਵੱਲ ਗਈ ਸੀ, ਪਰ ਬਾਅਦ ਵਿਚ ਕੁਝ ਕਸ਼ਮੀਰੀ ਵਿਦਿਆਰਥੀਆਂ ਨੂੰ ਇਸ ਕੇਸ ਵਿਚ ਕਾਬੂ ਕਰ ਲਿਆ ਤੇ ਇਸ ਮਾਮਲੇ ਨੂੰ ਅਤਿਵਾਦੀ ਜ਼ਾਕਿਰ ਮੂਸਾ ਨਾਲ ਜੋੜਿਆ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕੁੱਟਣ ਦੇ ਮਾਮਲੇ 'ਤੇ ਸਿਰਸਾ ਤੇ ਫੂਲਕਾ ਆਹਮੋ ਸਾਹਮਣੇ





**ਨਵੀਂ ਦਿੱਲੀ:** ਪਟਿਆਲਾ ਹਾਊਸ ਅਦਾਲਤ ਵਿਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਚਪੇੜਾਂ ਮਾਰਨ ਦੇ ਮਾਮਲੇ ਉਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਤੇ ਉਘੇ ਵਕੀਲ ਐਚ.ਐਸ. ਫੂਲਕਾ ਆਹਮੋ ਸਾਹਮਣੇ ਹਨ। ਫੂਲਕਾ ਨੇ ਕਿਹਾ ਹੈ ਕਿ ਅਜਿਹੀਆਂ ਹਰਕਤਾਂ ਨਾਲ ਕੇਸ ਪ੍ਰਭਾਵਿਤ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਹੁਣ ਨਿਆਂ ਮਿਲਣ ਦੀ ਆਸ ਬੱਝੀ ਹੈ ਤਾਂ ਅਜਿਹੇ ਕੰਮਾਂ ਨਾਲ ਅੜਿੱਕਾ ਲੱਗ ਸਕਦਾ ਹੈ। ਫੂਲਕਾ ਨੇ ਟਵੀਟ ਕਰ ਕੇ ਵੀ ਸਿਰਸਾ ਦੀ ਕਲਾਸ ਲਾਈ ਹੈ। ਉਨ੍ਹਾਂ ਕਿਹਾ ਕਿ ਸਿਰਸਾ ਵੱਲੋਂ ਕੀਤੀ ਮਾਰਕੁੱਟ ਤੋਂ ਜੱਜ ਕਾਫੀ ਨਾਰਾਜ਼ ਹੈ। ਦੂਜੇ ਪਾਸੇ ਸਿਰਸਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਫੂਲਕਾ ਤੋਂ ਇਹ ਉਮੀਦ ਨਹੀਂ ਸੀ। ਉਨ੍ਹਾਂ ਕਿਹਾ ਕਿ ਫੂਲਕਾ ਕੇਰਜੀਵਾਲ ਤੇ ਹੋਰ ਆਪ ਆਗੂਆਂ ਦੀ ਭਾਸ਼ਾ ਬੋਲ ਰਹੇ ਹਨ। ਦੋਸ਼ੀਆਂ ਨੇ ਅਦਾਲਤ ਵਿਚ ਉਨ੍ਹਾਂ ਨੂੰ ਲਲਕਾਰਿਆ ਸੀ ਤੇ ਉਨ੍ਹਾਂ ਨਾਲ ਇਹੀ ਹੋਣਾ ਚਾਹੀਦਾ ਸੀ।

ਸਿਰਸਾ ਨੇ ਇਹ ਵੀ ਕਿਹਾ ਕਿ ਜਿਸ ਮਾਮਲੇ ਦੀ ਸੁਣਵਾਈ ਵਿਚ ਇਹ ਸਭ ਹੋਇਆ ਸੀ, ਉਸ ਵਿਚ ਫੂਲਕਾ ਵਕੀਲ ਨਹੀਂ ਹਨ। ਉਨ੍ਹਾਂ ਕਿਹਾ ਕਿ ਫੂਲਕਾ ਸਿਰਫ ਮੀਡੀਆ ਨੂੰ ਆਪਣਾ ਬਿਆਨ ਦੇਣ ਲਈ ਉਥੇ ਪਹੁੰਚ ਜਾਂਦੇ ਹਨ ਤੇ ਫਿਰ ਟਵੀਟ ਕਰਦੇ ਹਨ। ਦੱਸ ਦਈਏ ਕਿ 1984 ਸਿੱਖ ਕਤਲੇਆਮ ਦੇ ਇਕ ਮਾਮਲੇ ਵਿਚ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਸੀ, ਜਦ ਮਨਜਿੰਦਰ ਸਿੰਘ ਸਿਰਸਾ ਨੇ ਦੋ ਸਿੱਖਾਂ ਦੇ ਕਤਲ ਮਾਮਲੇ ਦੇ ਦੋਸ਼ੀ ਨੂੰ ਥੱਪੜ ਮਾਰ ਦਿੱਤਾ। ਇਸ ਤੋਂ ਬਾਅਦ ਦੋਸ਼ੀਆਂ ਨੂੰ ਜੇਲ੍ਹ ਲਿਜਾ ਰਹੀ ਪੁਲਿਸ ਨੇ ਸਿਰਸਾ ਨੂੰ ਪਿੱਛੇ ਧੱਕ ਦਿੱਤਾ। ਇਸ ਦੌਰਾਨ ਦੋਵਾਂ ਧਿਰਾਂ ਦਰਮਿਆਨ ਥੋੜ੍ਹੀ ਝੜਪ ਵੀ ਹੋਈ। ਜ਼ਿਕਰਯੋਗ ਹੈ ਕਿ ਪਹਿਲੀ ਨਵੰਬਰ 1984 ਨੂੰ ਹਰਦੇਵ ਸਿੰਘ ਤੇ ਅਵਤਾਰ ਸਿੰਘ ਦੇ ਕਤਲ ਮਾਮਲੇ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਨਰੇਸ਼ ਸਹਿਰਾਵਤ ਤੇ ਯਸ਼ਪਾਲ ਸਿੰਘ ਨੂੰ ਦੋਸ਼ੀ ਐਲਾਨ ਦਿੱਤਾ ਸੀ। ਜਦੋਂ ਦੋਸ਼ੀ ਅਦਾਲਤ ਤੋਂ ਬਾਹਰ ਆਉਣ ਲੱਗੇ ਤਾਂ ਸਿੱਖ ਆਗੂਆਂ ਨੇ ਉਨ੍ਹਾਂ ਨੂੰ ਘੇਰ ਲਿਆ।

## ਭਾਰਤੀ ਬਜ਼ੁਰਗ ਦੀ ਗੋਲੀ ਮਾਰ ਕੇ ਹੱਤਿਆ

**ਨਿਊ ਯਾਰਕ:** ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 16 ਸਾਲਾ ਲੜਕੇ ਨੇ ਨਿਊ ਜਰਸੀ ਵਿਚ ਭਾਰਤੀ ਮੂਲ ਦੇ ਵਿਅਕਤੀ ਨੂੰ ਕਤਲ ਕਰ ਦਿੱਤਾ। ਪੀੜਤ ਦੀ ਪਛਾਣ ਸੁਨੀਲ ਐਡਲਾ (61) ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਕੇ ਉਸ ਖਿਲਾਫ ਕੇਸ ਦਰਜ ਕਰ ਲਿਆ ਹੈ। ਮੌਕੇ ਤੋਂ ਐਡਲਾ ਦਾ ਵਾਹਨ ਗਾਇਬ ਸੀ, ਜੋ ਪੁਲਿਸ ਨੇ ਮਗਰੋਂ ਕਿਸੇ ਦੂਜੇ ਇਲਾਕੇ 'ਚੋਂ ਬਰਾਮਦ ਕਰ ਲਿਆ। ਪੁਲਿਸ ਨੇ ਐਟਲਾਂਟਿਕ ਸਿਟੀ ਸਰਵੇਲੈਂਸ ਸੈਂਟਰ ਦੀ ਮਦਦ ਨਾਲ ਹਮਲਾਵਰ ਨੂੰ 16 ਨਵੰਬਰ ਨੂੰ ਕਾਬੂ ਕਰ ਲਿਆ।

ਐਟਲਾਂਟਿਕ ਸਿਟੀ ਦੀ ਪ੍ਰੈੱਸ ਵਿਚ ਛਪੀ ਰਿਪੋਰਟ ਮੁਤਾਬਕ ਐਡਲਾ ਦੋ ਬੱਚਿਆਂ ਦਾ ਪਿਤਾ ਸੀ, ਜਿਸ ਦੇ ਅੱਗੇ ਪੋਤੇ ਪੋਤੀਆਂ ਸਨ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਐਟਲਾਂਟਿਕ ਕਾਊਂਟੀ ਵਿਚ ਰਹਿ ਰਿਹਾ ਸੀ ਤੇ ਹੌਸਪਿਟੈਲਿਟੀ ਸਨਅਤ 'ਚ ਕੰਮ ਕਰਦਾ ਸੀ। ਉਸ ਦੀ ਜਲਦੀ ਹੀ ਭਾਰਤ ਆਪਣੇ ਪਰਿਵਾਰ ਕੋਲ ਜਾਣ ਦੀ ਯੋਜਨਾ ਸੀ।


## ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

ਪਤੀ-ਪਤਨੀ ਨੂੰ ਪਹਿਲ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961

47-18

## Beer Wine License

# For Sale

Beer Wine License For Sale In Stanislaus County.

Asking Price: $9K

*Contact: Gurinder Kahlon*

Ph: 209-535-0635

47-48

# Matrimonials

### ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

Suitable Ramgariha Sikh match sought for our daughter, M.Sc. (Botany), Currently enrolled in LPN (US), 28 years, 5'-7", Beautiful and slim, Residing in Chicago. Pl. Contact: manpreets1211@gmail.com 43-46

*punjabtimesusa.com*

### ਲੜਕੇ ਦੀ ਲੋੜ ਹੈ

ਖੱਤਰੀ, 29 ਸਾਲ, 5'-2", ਤਲਾਕਸ਼ੁਦਾ, ਰਜਿਸਟਰਡ ਨਰਸ, ਗਰੀਨ ਕਾਰਡ ਹੋਲਡਰ ਲੜਕੀ ਲਈ ਖਾਨਦਾਨੀ ਪਰਿਵਾਰ ਦੇ ਯੋਗ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਮੁੰਡੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ ਤੇ ਵਟਸਐਪ: 1-317-579-5870 45-48

### ਲੜਕੀ ਦੀ ਲੋੜ ਹੈ

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜ਼ਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799 44-51

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45

# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605

*www.princebarbershop.com*

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

**1816 Main Ave., Secramento CA, 95838**

## ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

*ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ*



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਅਕਾਲੀ ਦਲ ਤੇ ਬਾਦਲ ਪਰਿਵਾਰ ਲਈ ਨਵੀਆਂ ਵੰਗਾਰਾਂ

**ਚੰਡੀਗੜ੍ਹ:** ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਸਮੇਂ ਡੂੰਘੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਇਹ ਸਥਿਤੀ ਭਾਵੇਂ ਸਿਆਸੀ ਤੇ ਧਾਰਮਿਕ ਚੁਣੌਤੀ ਵਜੋਂ ਦਿਖਾਈ ਦਿੰਦੀ ਹੈ ਪਰ ਮੂਲ ਰੂਪ ਵਿਚ ਪਾਰਟੀ ਲੀਡਰਸ਼ਿਪ ਪ੍ਰਤੀ ਲੋਕਾਂ ਵਿਚ ਪੈਦਾ ਹੋਈ ਬੇਭਰੋਸਗੀ ਦਾ ਸੰਕਟ ਵਧੇਰੇ ਬਣ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਰਾਜਸੀ ਪਾਰਟੀਆਂ ਵਿਚੋਂ ਦੂਜੇ ਨੰਬਰ ਉਤੇ ਆਉਂਦੀ ਹੈ ਅਤੇ ਇਸ ਦਾ ਮੁੱਢ 1920 ਵਿਚ ਬੱਝਿਆ ਸੀ। ਮੌਜੂਦਾ ਪੰਜਾਬ (1966 ਤੋਂ ਬਾਅਦ) ਦੇ ਹੋਂਦ ਵਿਚ ਆਉਣ ਮਗਰੋਂ ਇਸ ਪਾਰਟੀ ਨੇ ਲੋਕਾਂ ਉਤੇ ਸਭ ਤੋਂ ਲੰਮਾ ਸਮਾਂ ਰਾਜ ਕੀਤਾ ਹੈ ਤੇ ਇਸ ਰਾਜ ਭਾਗ ਵਿਚੋਂ ਵਧੇਰੇ ਸਮਾਂ ਪ੍ਰਕਾਸ਼ ਸਿੰਘ ਬਾਦਲ ਦੇ ਹਿੱਸੇ ਆਇਆ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਕਮਾਂਡ ਨਵੀਂ ਪੀੜ੍ਹੀ ਭਾਵ ਪ੍ਰਕਾਸ਼ ਸਿੰਘ ਬਾਦਲ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਦੇ ਹੱਥ ਆਉਣ ਤੋਂ ਬਾਅਦ ਇਸ ਪਾਰਟੀ ਨੇ ਨਵੀਂ ਕਰਵਟ ਲਈ। ਸਾਲ 2007 ਅਤੇ 2012 ਦੀਆਂ ਚੋਣਾਂ ਜਿੱਤ ਕੇ ਜਦੋਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸਾਂਝੀਆਂ ਸਰਕਾਰਾਂ ਬਣਾਈਆਂ ਤੇ ਸੱਤਾ ਦਾ ਦਸ ਸਾਲਾਂ ਤੱਕ ਅਨੰਦ ਮਾਣਿਆ ਤਾਂ ਟਕਸਾਲੀ ਆਗੂ, ਜੋ ਅੱਜ ਬਾਗੀਆਂ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ, ਫੁੱਲੇ ਨਹੀਂ ਸੀ ਸਮਾਉਂਦੇ ਸਨ। ਪਾਰਟੀ ਅੰਦਰ ਚਾਰੇ ਪਾਸੇ ਸੁਖਬੀਰ ਸਿੰਘ ਬਾਦਲ ਦੀ ਮੈਨੇਜਮੈਂਟ ਦੀ ਚਰਚਾ ਹੁੰਦੀ ਸੀ। ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਦੌਰਾਨ ਇਸ ਪਰਿਵਾਰ ਦੇ ਸਕੇ-ਸਬੰਧੀ ਸੱਤਾ ਦਾ ਲੁਤਫ ਲੈਂਦੇ ਰਹੇ। ਇਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ



ਬਾਦਲ, ਮਨਪ੍ਰੀਤ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬਿਕਰਮ ਸਿੰਘ ਮਜੀਠੀਆ ਅਤੇ ਜਨਮੇਜਾ ਸਿੰਘ ਸੇਖੋਂ ਆਦਿ ਸ਼ਾਮਲ ਹਨ, ਜੋ ਕੈਬਨਿਟ ਵਿਚ ਰਹੇ। ਇਸੇ ਤਰ੍ਹਾਂ ਹਰਸਿਮਰਤ ਕੌਰ ਬਾਦਲ ਕੇਂਦਰ ਵਿਚ ਮੰਤਰੀ ਅਤੇ ਹੋਰ ਕਈ ਰਿਸ਼ਤੇਦਾਰ ਚੇਅਰਮੈਨੀਆਂ ਲੈਂਦੇ ਰਹੇ। ਇਸੇ ਲਈ ਅਕਾਲੀ ਦਲ ਦੇ ਆਗੂ ਦਬਵੀਂ ਸੁਰ ਵਿਚ ਆਖਦੇ ਹਨ ਕਿ ਜੇਕਰ ਸਾਰੇ ਟੱਬਰ ਤੇ ਰਿਸ਼ਤੇਦਾਰਾਂ ਨੇ ਰਾਜ ਭਾਗ ਭੋਗਿਆ ਹੈ ਤਾਂ ਮੁਸ਼ਕਲਾਂ ਵੀ ਤਾਂ ਪਰਿਵਾਰ ਨੂੰ ਹੀ ਝੱਲਣੀਆਂ ਪੈਣਗੀਆਂ। ਪੰਜਾਬ ਵਿਚ 2014 ਦੀਆਂ ਸੰਸਦੀ ਚੋਣਾਂ ਵਿਚ ਲੱਗੇ ਝਟਕੇ ਤੋਂ ਬਾਅਦ ਹੀ ਸਮੇਂ ਦੇ ਹਾਕਮਾਂ ਨੂੰ ਪੰਜਾਬ ਦੇ ਲੋਕਾਂ ਨੇ ਭਵਿੱਖ 'ਚ ਆਉਣ ਵਾਲੇ ਸਿਆਸੀ ਸੰਕਟ ਦੇ ਸੰਕੇਤ ਦੇ ਦਿੱਤੇ ਸਨ। ਉਸ ਤੋਂ ਬਾਅਦ 2015 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੇ ਇਸ ਸੰਕਟ ਦੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਦੀ ਪੇਸ਼ੀਨਗੋਈ ਕਰ ਦਿੱਤੀ ਸੀ। ਹੁਣ ਬਾਦਲ ਪਰਿਵਾਰ ਦੇ ਆਪਣੇ ਹੀ ਮੰਨਦੇ ਹਨ ਕਿ ਗਲਤੀਆਂ ਤੋਂ ਸਬਕ ਨਾ ਸਿੱਖਣ ਦੀ ਸਜ਼ਾ ਹੀ ਪਾਰਟੀ ਅਤੇ ਪਰਿਵਾਰ ਨੂੰ ਭੁਗਤਣੀ ਪੈ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਵਿਚੋਂ ਅਕਾਲੀ ਆਗੂਆਂ ਦਾ ਵੱਖ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਆਦਿ ਵੱਲੋਂ ਚੁੱਕੇ ਕਦਮਾਂ ਨੂੰ ਵੱਖਰੇ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ। ਅਕਾਲੀ ਦਲ ਅੰਦਰ ਸੁਲਘਦੀ ਅੱਗ ਤੋਂ ਇਹ ਵੀ ਪ੍ਰਭਾਵ ਮਿਲ ਰਿਹਾ ਹੈ ਕਿ ਸੰਸਦੀ ਚੋਣਾਂ ਤੋਂ ਪਹਿਲਾਂ ਅਤੇ ਪਿੱਛੋਂ ਪਾਰਟੀ ਅੰਦਰ ਬਾਗੀਆਂ ਦਾ ਕਾਫਲਾ ਵੱਡਾ ਹੋ ਸਕਦਾ ਹੈ ਤੇ ਬਾਦਲ ਪਰਿਵਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ ਆਪਣੀਆਂ ਸ਼ਕਤੀਆਂ ਨੂੰ ਸਹੀ ਰੂਪ ਵਿਚ ਵਰਤਣ ਤੋਂ ਪਹਿਲਾਂ ਅਕਸਰ ਅਕਾਲੀ ਦਲ ਦੀਆਂ ਮੀਟਿੰਗਾਂ ਤੇ ਛੋਟੀਆਂ ਰੈਲੀਆਂ ਗੁਰਦੁਆਰਿਆਂ ਵਿਚ ਹੀ ਹੁੰਦੀਆਂ ਸਨ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਵੀ ਅਕਾਲੀ ਸਿਆਸਤ ਦਾ ਹਿੱਸਾ ਸੀ। ਇਸੇ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦਾਗ ਧੋਣ ਵਿਚ ਅਕਾਲੀ ਦਲ ਖਾਸ ਕਰਕੇ ਬਾਦਲ ਪਰਿਵਾਰ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਚੋਣਾਂ ਤੋਂ ਪਹਿਲਾਂ ਚੌਥਾ ਮੋਰਚਾ ਬਣਾਇਆ ਜਾਵੇਗਾ: ਧਰਮਵੀਰ ਗਾਂਧੀ

**ਜਲੰਧਰ:** ਪਟਿਆਲਾ ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਕਿਹਾ ਹੈ ਕਿ 2019 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਚੌਥਾ ਮੋਰਚਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ 'ਆਪ' ਦੇ ਨੇਤਾ ਸੁਖਪਾਲ ਖਹਿਰਾ ਤੇ ਬੈਂਸ ਭਰਾਵਾਂ ਦੇ ਨਾਲ ਗੱਲ ਕਰ ਰਹੇ ਹਨ ਅਤੇ ਇਹ ਐਲਾਨ ਛੇਤੀ ਹੀ ਕੀਤਾ ਜਾਵੇਗਾ। ਚੋਣਾਂ ਤੋਂ ਪਹਿਲਾਂ ਸੂਬੇ ਵਿਚ ਚੌਥੇ ਮੋਰਚੇ ਦੇ ਆਉਣ ਬਾਰੇ ਗੱਲ ਕਰਦਿਆਂ ਡਾ. ਗਾਂਧੀ ਨੇ ਕਿਹਾ ਕਿ ਚੌਥੇ ਮੋਰਚੇ ਬਾਰੇ ਐਲਾਨ ਜਲਦੀ ਅਤੇ 2019 ਦੀਆਂ ਚੋਣਾਂ ਤੋਂ ਪਹਿਲਾਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੁਖਪਾਲ ਖਹਿਰਾ ਅਤੇ ਬੈਂਸ ਭਰਾ ਉਨ੍ਹਾਂ ਦੇ ਸੰਪਰਕ ਵਿਚ ਹਨ ਤੇ ਉਨ੍ਹਾਂ ਨਾਲ ਦੋ ਵਾਰ ਗੱਲਬਾਤ ਹੋਈ ਹੈ।

## ਸਿੱਧੂ ਲਾਉਣਗੇ ਕਾਂਗਰਸ ਦੀ ਬੇੜੀ ਪਾਰ, ਚੋਣ ਪ੍ਰਚਾਰ ਦੀ ਸੰਭਾਲੀ ਕਮਾਨ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਕੌਮੀ ਸਿਆਸਤ ਵਿਚ ਵੱਡਾ ਨਾਂ ਹੋ ਗਿਆ ਹੈ। ਕਾਂਗਰਸ ਨੇ ਸਿੱਧੂ ਨੂੰ ਪੰਜ ਸੂਬਿਆਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਟਾਰ ਪ੍ਰਚਾਰਕ ਐਲਾਨ ਦਿੱਤਾ ਹੈ। ਸਿੱਧੂ ਤਿੰਨ ਸੂਬਿਆਂ ਵਿਚ ਕਾਂਗਰਸ ਲਈ ਪ੍ਰਚਾਰ ਕਰਨਗੇ। ਉਹ 5 ਦਿਨ ਚੋਣਾਂ ਵਾਲੇ ਤਿੰਨ ਸੂਬਿਆਂ



'ਚ ਪ੍ਰਚਾਰ ਮੁਹਿੰਮ ਕਰਨਗੇ। ਇਸ ਕੰਮ ਨੂੰ ਸਹੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਪਾਰਟੀ ਨੇ ਸਿੱਧੂ ਖਾਤਰ ਵਿਸ਼ੇਸ਼ ਹੈਲੀਕਾਪਟਰ ਦਾ ਪ੍ਰਬੰਧ ਵੀ ਕਰ ਦਿੱਤਾ ਹੈ।

ਸ. ਸਿੱਧੂ ਨੇ ਛੱਤੀਸਗੜ੍ਹ ਤੋਂ ਆਪਣੀ ਇਸ ਨਵੀਂ ਸਿਆਸੀ ਪਾਰੀ ਦਾ ਆਗਾਜ਼ ਕੀਤਾ। ਛੱਤੀਸਗੜ੍ਹ ਤੋਂ ਮੱਧ ਪ੍ਰਦੇਸ਼ 'ਚ ਸਿੱਧੂ ਦੇ ਜਾਦੂਈ ਬੋਲ ਗੂੰਜਣਗੇ। ਇਸ ਤੋਂ ਬਾਅਦ ਰਾਜਸਥਾਨ ਵਿਚ ਵੀ ਛੇ ਦਿਨ ਸਿੱਧੂ ਕਾਂਗਰਸੀ ਉਮੀਦਵਾਰਾਂ ਲਈ ਪ੍ਰਚਾਰ ਕਰਨਗੇ। ਜ਼ਿਕਰਯੋਗ ਹੈ ਕਿ ਅਗਸਤ 2018 ਵਿਚ ਸਿੱਧੂ ਦੀ ਪਾਕਿਸਤਾਨ ਫੇਰੀ ਕੌਮੀ ਪੱਧਰ ਉਤੇ ਵਿਵਾਦਾਂ ਵਿਚ ਆਈ ਸੀ, ਪਰ ਉਨ੍ਹਾਂ ਦੇ ਬੇਬਾਕ ਅੰਦਾਜ਼ ਅਤੇ ਜ਼ਬਰਦਸਤ ਭਾਸ਼ਣ ਕਲਾ ਸਦਕਾ ਪਾਰਟੀ ਨੇ ਤਿੰਨ ਸੂਬਿਆਂ ਵਿਚ ਪ੍ਰਚਾਰ ਕਰਨ ਦਾ ਜਿੰਮਾ ਉਨ੍ਹਾਂ ਨੂੰ ਸੌਂਪਿਆ ਹੈ।

# ਬਾਗੀ ਅਕਾਲੀਆਂ ਦੇ ਸਮਰਥਕ ਸ਼੍ਰੋਮਣੀ ਕਮੇਟੀ 'ਚ ਨਿਸ਼ਾਨੇ 'ਤੇ ਆਏ

**ਅੰਮ੍ਰਿਤਸਰ:** ਬਗਾਵਤ ਕਾਰਨ ਸ਼੍ਰੋਮਣੀ ਅਕਾਲੀ ਦਲ ਵਿਚੋਂ ਫਾਰਗ ਕੀਤੇ ਸੀਨੀਅਰ ਅਕਾਲੀ ਆਗੂਆਂ ਦੇ ਸਮਰਥਕ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਖਿਲਾਫ ਵੀ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਖੂੰਜੇ ਲਾਏ ਜਾਣ ਦੀ ਚਰਚਾ ਹੈ। ਹਾਲ ਹੀ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਤੇ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਪਾਰਟੀ ਵਿਚੋਂ ਫਾਰਗ ਕੀਤਾ ਗਿਆ ਸੀ।


ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਕਾਰਵਾਈ ਤੋਂ ਬਾਅਦ ਮਾਝੇ ਵਿਚ ਇਨ੍ਹਾਂ ਟਕਸਾਲੀ ਆਗੂਆਂ ਦੇ ਸਮਰਥਕਾਂ ਨੂੰ ਇਨ੍ਹਾਂ ਨਾਲੋਂ ਤੋੜਨ ਦੀ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਪਿਛਲੇ ਦਿਨੀਂ ਪਹਿਲਾਂ ਬ੍ਰਹਮਪੁਰਾ ਸਮਰਥਕ ਅਤੇ ਮਗਰੋਂ ਅਜਨਾਲਾ ਪਰਿਵਾਰ ਸਮਰਥਕਾਂ ਨੇ ਇਨ੍ਹਾਂ ਨਾਲ ਨਾਤਾ ਤੋੜਨ ਅਤੇ ਪਾਰਟੀ ਨਾਲ ਜੁੜੇ ਰਹਿਣ ਦਾ ਐਲਾਨ ਕੀਤਾ ਹੈ। ਅਜਨਾਲਾ ਹਲਕੇ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਬੀਤੇ ਦਿਨੀਂ ਇਹ ਸੰਕੇਤ ਦਿੱਤਾ ਗਿਆ ਸੀ ਕਿ ਭਵਿੱਖ ਵਿਚ ਸ਼੍ਰੋਮਣੀ ਕਮੇਟੀ ਵਿਚਲੇ ਇਨ੍ਹਾਂ ਦੇ ਸਮਰਥਕ ਕਰਮਚਾਰੀ ਵੀ ਮੁੱਖ ਸਥਾਨਾਂ ਤੋਂ ਦੂਜੇ ਸਥਾਨਾਂ ਉਤੇ ਤਬਦੀਲ ਕੀਤੇ ਜਾ ਸਕਦੇ ਹਨ। ਇਸ ਸੰਕੇਤ ਕਾਰਨ ਇਨ੍ਹਾਂ ਟਕਸਾਲੀ ਆਗੂਆਂ ਦੇ ਸਮਰਥਕ ਕਰਮਚਾਰੀਆਂ ਵਿਚ ਸਹਿਮ ਬਣਿਆ ਹੋਇਆ ਹੈ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਸੰਸਥਾ ਵੱਲੋਂ ਕਿਸੇ ਵੀ ਕਰਮਚਾਰੀ ਨਾਲ ਵਿਤਕਰਾ ਜਾਂ ਭੇਦਭਾਵ ਦੀ ਭਾਵਨਾ ਨਾਲ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਉਂਜ, ਸ਼੍ਰੋਮਣੀ ਕਮੇਟੀ ਬੁਲਾਰੇ ਨੇ ਭਾਵੇਂ ਅਜਿਹੀ ਕਿਸੇ ਸੰਭਾਵਨਾ ਤੋਂ ਇਨਕਾਰ ਕੀਤਾ ਹੈ, ਪਰ ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਦੇ ਮੈਨੇਜਰ ਅਤੇ ਮੀਤ ਮੈਨੇਜਰ ਪੱਧਰ ਦੇ ਦੋ ਅਧਿਕਾਰੀ ਜੋ ਪਹਿਲਾਂ ਇਨ੍ਹਾਂ ਟਕਸਾਲੀ ਅਕਾਲੀ ਆਗੂਆਂ ਦੀ ਸਿਫਾਰਸ਼ ਉਤੇ ਹਰਿਆਣਾ ਤੇ ਆਨੰਦਪੁਰ ਸਾਹਿਬ ਵਿਚ ਤਬਦੀਲ ਕਰ ਦਿੱਤੇ ਗਏ ਸਨ, ਨੂੰ ਵਾਪਸ ਪਹਿਲੀਆਂ ਥਾਵਾਂ 'ਤੇ ਤਬਦੀਲ ਕਰ ਦਿੱਤਾ ਹੈ। ਇਹ ਦੋਵੇਂ ਅਧਿਕਾਰੀ ਸ਼੍ਰੋਮਣੀ ਅਕਾਲੀ ਦਲ ਵਿਚੋਂ ਫਾਰਗ ਕੀਤੇ ਗਏ ਨੌਜਵਾਨ ਆਗੂ ਇਕਬਾਲ ਸਿੰਘ ਸੰਧੂ ਦੇ ਨੇੜਲੇ ਹਨ। ਇਸ ਨੌਜਵਾਨ ਆਗੂ ਨੂੰ ਵੀ ਇਨ੍ਹਾਂ ਟਕਸਾਲੀ ਆਗੂਆਂ ਦੀ ਪਾਰਟੀ ਵਿਰੋਧੀ ਕਾਰਵਾਈਆਂ ਦੀ ਸ਼ਿਕਾਇਤ ਕਾਰਨ ਹੀ ਪਾਰਟੀ ਵਿਚੋਂ ਫਾਰਗ ਕੀਤਾ ਗਿਆ ਸੀ।

# ਪੰਚਾਇਤ ਚੋਣਾਂ ਅਗਲੇ ਸਾਲ ਤੱਕ ਟਲਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤ ਚੋਣਾਂ ਇਕ ਵਾਰੀ ਫਿਰ ਅੱਗੇ ਪੈਣ ਦੇ ਆਸਾਰ ਬਣ ਗਏ ਹਨ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਭਾਵੇਂ ਗਰਾਮ ਪੰਚਾਇਤ ਚੋਣਾਂ 15 ਦਸੰਬਰ ਤੱਕ ਕਰਾਉਣ ਲਈ ਸੂਬਾਈ ਚੋਣ ਕਮਿਸ਼ਨ ਨੂੰ ਲਿਖ ਦਿੱਤਾ ਸੀ ਪਰ ਸਰਕਾਰ ਦਾ ਮੂਡ ਤੇ ਇਰਾਦਾ ਬਦਲ ਗਿਆ ਜਾਪਦਾ ਹੈ। ਸੂਤਰਾਂ ਅਨੁਸਾਰ ਪੰਚਾਇਤ ਚੋਣਾਂ ਹੁਣ ਦਸੰਬਰ ਮਹੀਨੇ ਦੇ ਆਖਰੀ ਜਾਂ ਜਨਵਰੀ ਮਹੀਨੇ ਦੇ ਪਹਿਲੇ ਹਫਤੇ ਤੱਕ ਹੀ ਹੋਣਗੀਆਂ। ਪੰਜਾਬ ਸਰਕਾਰ ਵੱਲੋਂ 16 ਜੁਲਾਈ ਨੂੰ ਸਮੂਹ ਪੰਚਾਇਤਾਂ ਭੰਗ ਕਰ ਕੇ ਪ੍ਰਸ਼ਾਸਕ ਲਗਾ ਦਿੱਤੇ ਗਏ ਸਨ। ਸੰਵਿਧਾਨਕ ਤੌਰ ਉਤੇ ਗਰਾਮ ਪੰਚਾਇਤਾਂ ਦੇ ਭੰਗ ਹੋਣ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਚੋਣਾਂ ਦਾ ਅਮਲ ਨੇਪਰੇ ਚਾੜ੍ਹਨਾ ਜ਼ਰੂਰੀ ਹੈ। ਕੈਪਟਨ ਸਰਕਾਰ ਵੱਲੋਂ ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਦਾ ਐਲਾਨ ਕੀਤਾ ਗਿਆ ਸੀ।

ਪੰਚਾਇਤੀ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਅਕਤੂਬਰ ਮਹੀਨੇ ਤਾਂ ਪੰਚਾਇਤਾਂ ਦੀ ਰਾਖਵੇਂਕਰਨ ਪ੍ਰਕਿਰਿਆ ਨੇਪਰੇ ਨਾ ਚੜ੍ਹਨ ਕਾਰਨ ਪੰਚਾਇਤਾਂ ਦੀਆਂ ਚੋਣਾਂ ਮੁਲਤਵੀ ਕੀਤੀਆਂ ਗਈਆਂ ਸਨ ਪਰ ਇਸ ਵਾਰੀ ਰਾਜਸੀ ਮਜਬੂਰੀਆਂ ਕਾਰਨ ਚੋਣਾਂ ਲਟਕਾਈਆਂ ਜਾ ਰਹੀਆਂ ਹਨ। ਸੂਤਰਾਂ ਦਾ ਦੱਸਣਾ ਹੈ ਕਿ 23 ਨਵੰਬਰ ਤੋਂ ਰਾਜ ਸਰਕਾਰ ਵੱਲੋਂ ਸੁਲਤਾਨਪੁਰ ਲੋਧੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਦਿਵਸ ਸਮਾਰੋਹ ਦੀ ਆਰੰਭਤਾ ਹੋਣੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਮੌਕੇ ਕਈ




ਤਰ੍ਹਾਂ ਦੇ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ ਤੇ ਜੇ ਪੰਚਾਇਤ ਚੋਣਾਂ ਦਾ ਐਲਾਨ ਹੋ ਜਾਂਦਾ ਹੈ ਕਿ ਚੋਣ ਜ਼ਾਬਤੇ ਕਾਰਨ ਮੁੱਖ ਮੰਤਰੀ ਵੱਲੋਂ ਐਲਾਨ ਕਰਨਾ ਸੰਭਵ ਨਹੀਂ ਹੋਵੇਗਾ।

ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਦਫਤਰ ਵੱਲੋਂ ਹੀ ਇਸ਼ਾਰਾ ਕੀਤਾ ਗਿਆ ਹੈ ਕਿ ਗਰਾਮ ਪੰਚਾਇਤ ਚੋਣਾਂ ਦਾ ਐਲਾਨ ਰੋਕ ਲਿਆ ਜਾਵੇ। ਇਸ ਤਰ੍ਹਾਂ ਨਾਲ ਗਰਾਮ ਪੰਚਾਇਤਾਂ ਦੀਆਂ ਚੋਣਾਂ ਦਾ ਐਲਾਨ ਨਵੰਬਰ ਦੇ ਅੰਤ ਤੱਕ ਲਟਕ ਗਿਆ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਹੁਣ ਦਸੰਬਰ ਮਹੀਨੇ ਦੇ ਅੰਤ ਤੱਕ ਜਨਵਰੀ ਮਹੀਨੇ ਦੇ ਪਹਿਲੇ ਹਫਤੇ ਹੀ ਸੰਭਵ ਹੋ ਸਕਣਗੀਆਂ।

ਪੰਜਾਬ ਵਿਚ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਜਾਤੀਆਂ ਨੂੰ ਤਾਂ ਪਹਿਲਾਂ ਹੀ ਰਾਖਵੇਂਕਰਨ ਦੀ ਸ਼੍ਰੇਣੀ ਵਿਚ ਰੱਖਿਆ ਹੋਇਆ ਸੀ। ਇਸ ਵਾਰੀ ਸਰਕਾਰ ਨੇ ਮਹਿਲਾਵਾਂ ਨੂੰ ਵੀ 50 ਫੀਸਦੀ ਰਾਖਵਾਂਕਰਨ ਦੇਣ ਲਈ ਪੰਚਾਇਤੀ ਕਾਨੂੰਨ ਵਿਚ ਸੋਧ ਕੀਤੀ ਹੈ ਤੇ ਕਾਂਗਰਸ ਦੇ ਪ੍ਰਭਾਵਸ਼ਾਲੀ ਨੇਤਾ ਆਪਣੇ ਪਿੰਡਾਂ ਨੂੰ ਜਨਰਲ ਵਰਗ ਲਈ ਰੱਖਣਾ ਚਾਹੁੰਦੇ ਹਨ। ਇਸ ਸਿਆਸੀ ਸੰਕਟ ਨਾਲ ਸਿੱਝਣ ਲਈ ਸਰਕਾਰ ਨੇ ਪਿਛਲੇ 15 ਸਾਲਾਂ ਤੋਂ ਚੱਲਿਆ ਆ ਰਿਹਾ ਰੋਸਟਰ ਹੀ ਖਤਮ ਕਰ ਦਿੱਤਾ ਹੈ ਤੇ ਗਰਾਮ ਪੰਚਾਇਤਾਂ ਲਈ ਰਾਖਵੇਂਕਰਨ ਦੀ ਮੁਹਾਰਨੀ ਮੁੜ ਤੋਂ ਘੜੀ ਗਈ ਹੈ।

ਚੋਣਾਂ ਲੜਨ ਦੇ ਚਾਹਵਾਨਾਂ ਅਨੁਸਾਰ ਜੇ ਪੰਚਾਇਤ ਚੋਣਾਂ ਜਨਵਰੀ ਮਹੀਨੇ ਤੱਕ ਚਲੀਆਂ ਗਈਆਂ ਤਾਂ ਉਮੀਦਵਾਰਾਂ ਦਾ ਖਰਚ ਬਹੁਤ ਜ਼ਿਆਦਾ ਹੋਵੇਗਾ। ਪੰਚਾਇਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਰਾਖਵੇਂਕਰਨ ਦੀ ਸਮੱਸਿਆ ਨੂੰ ਵੀ ਹੁਣ ਹੱਲ ਕਰ ਲਿਆ ਹੈ ਅਤੇ ਉਡੀਕ ਸਿਰਫ ਸ਼ਾਹੀ ਇਸ਼ਾਰੇ ਦੀ ਹੈ।

# ਵਾਅਦਿਆਂ 'ਤੇ ਖਰੀ ਨਾ ਉਤਰੀ ਕੈਪਟਨ ਸਰਕਾਰ, ਲੋਕਾਂ ਦਾ ਉਠਣ ਲੱਗਾ ਭਰੋਸਾ

**ਚੰਡੀਗੜ੍ਹ:** ਕੈਪਟਨ ਸਰਕਾਰ ਨੂੰ ਪੰਜਾਬ ਵਿਚ ਸੱਤਾ 'ਤੇ ਕਾਬਜ਼ ਹੋਇਆਂ ਡੇਢ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ। ਮਾੜੀ ਕਾਰਗੁਜ਼ਾਰੀ ਕਾਰਨ ਸੂਬੇ ਦੇ ਲੋਕਾਂ ਦਾ ਕੈਪਟਨ ਸਰਕਾਰ ਤੋਂ ਭਰੋਸਾ ਉੱਠਣ ਲੱਗਾ ਹੈ। ਸਰਕਾਰ ਵਿਚ ਲੋਕਾਂ ਦੀ ਤਾਂ ਕੀ, ਪਾਰਟੀ ਵਿਧਾਇਕ ਵੀ ਆਪਣੀ ਸੁਣਵਾਈ ਨਾ ਹੋਣ ਦੀਆਂ ਅਕਸਰ ਸ਼ਿਕਾਇਤਾਂ ਕਰਦੇ ਹਨ। ਇਨ੍ਹਾਂ 'ਚੋਂ ਕੁਝ ਤਾਂ ਕਾਂਗਰਸ ਹਾਈ ਕਮਾਨ ਕੋਲ ਪਹੁੰਚ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕਰ ਚੁੱਕੇ ਹਨ।

ਸੂਬੇ ਦੀਆਂ ਵਿਰੋਧੀਆਂ ਧਿਰਾਂ ਵਿਚ ਫੁੱਟ ਪਈ ਹੋਣ ਕਰ ਕੇ ਹਾਕਮ ਧਿਰ ਦੇ ਆਗੂਆਂ ਨੂੰ ਕਾਫੀ ਸੰਤੁਸ਼ਟੀ ਹੈ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਸਥਿਤੀ ਸਦਕਾ ਅਗਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਬੇੜੀ ਆਸਾਨੀ ਨਾਲ ਸਿਰੇ ਲੱਗ ਜਾਵੇਗੀ। ਕੈਪਟਨ ਸਰਕਾਰ ਅਤੇ ਉਨ੍ਹਾਂ



ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਪੰਜ ਸਾਲਾਂ ਵਿਚ ਸੂਬੇ ਦੇ ਬਜਟ ਨੂੰ ਸਰਪਲੱਸ ਕਰਨ ਦਾ ਵਾਅਦਾ ਕੀਤਾ ਹੈ ਪਰ ਸੂਬੇ ਦੀ ਆਰਥਿਕ ਸਥਿਤੀ ਵਿਚ ਕਿਸੇ ਪਾਸੇ ਤੋਂ ਕੋਈ ਸੁਧਾਰ ਨਹੀਂ ਹੋਇਆ। ਸੁਧਾਰ ਖਾਤਰ ਸਰਕਾਰ ਨੇ ਦੋ ਸਾਬਕਾ ਮੁੱਖ ਸਕੱਤਰਾਂ ਸਮੇਤ 13 ਸੇਵਾ ਮੁਕਤ ਸੀਨੀਅਰ ਆਈ.ਏ.ਐਸ. ਅਫਸਰਾਂ ਦੀਆਂ ਸੇਵਾਵਾਂ ਲਈਆਂ ਹਨ ਤੇ ਉਨ੍ਹਾਂ ਨੂੰ ਅਹਿਮ ਅਹੁਦਿਆਂ ਨਾਲ ਨਿਵਾਜਿਆ ਹੈ ਪਰ ਫਿਰ ਵੀ ਗੱਲ ਬਣ ਨਹੀਂ ਰਹੀ। ਪਿਛਲੀ ਸਰਕਾਰ ਵੱਲੋਂ ਅਨਾਜ ਦੇ 31,000 ਕਰੋੜ ਰੁਪਏ ਦੀ ਰਕਮ ਨੂੰ ਕਰਜ਼ੇ ਵਿਚ ਤਬਦੀਲ ਕਰਵਾਉਣ ਦੇ ਫੈਸਲੇ ਨਾਲ ਸੂਬੇ ਦੀ ਵਿੱਤੀ ਸਥਿਤੀ ਦੇ ਸਾਹ ਸੂਤੇ ਹੋਏ ਹਨ। ਇਸ ਦੀ ਸਾਲਾਨਾ ਕਿਸ਼ਤ 3270 ਕਰੋੜ ਰੁਪਏ ਬਣਦੀ ਹੈ ਤੇ ਕੇਂਦਰ ਸਰਕਾਰ ਹਰੇਕ ਮਹੀਨੇ ਸੂਬੇ ਨੂੰ ਗਰਾਂਟ ਦੇਣ ਸਮੇਂ ਚੁੱਪ-ਚੁਪੀਤੇ 272.5 ਕਰੋੜ ਰੁਪਏ ਕੱਟ ਲੈਂਦੀ ਹੈ ਤੇ ਇਹ ਸਿਲਸਲਾ 27 ਸਾਲ ਤੱਕ ਚੱਲਣਾ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਸੂਬੇ ਦੀ ਅਮਨ ਕਾਨੂੰਨ ਦੀ ਸਥਿਤੀ ਵਿਚ ਸੁਧਾਰ ਹੋਇਆ ਹੈ ਤੇ ਗੈਂਗਸਟਰਾਂ ਨੂੰ ਨੱਥ ਪਾਈ ਗਈ ਹੈ। ਕਰਜ਼ਾ ਮੁਆਫੀ ਲਾਗੂ ਕਰ ਕੇ ਕਿਸਾਨਾਂ ਨੂੰ ਰਾਹਤ ਦਿੱਤੀ ਹੈ। ਨਸ਼ੀਲੇ ਪਦਾਰਥਾਂ 'ਤੇ ਕਾਬੂ ਪਾਉਣ ਲਈ ਕਾਫੀ ਯਤਨ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਲਗਭਗ ਮਾਮਲੇ ਹੱਲ ਕਰ ਲਏ ਹਨ। ਚਾਰ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਹੈ। ਬੈਂਕਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰਜ਼ਾ ਮੁਆਫੀ ਸਕੀਮ ਕਾਰਨ ਵੱਟੇ ਖਾਤੇ ਵਿਚ ਪਏ ਪੈਸੇ ਵਿਚ ਕਾਫੀ ਵਾਧਾ ਹੋ ਗਿਆ ਹੈ ਤੇ ਖੇਤੀਬਾੜੀ ਦਾ ਐਨ.ਪੀ.ਏ. 11 ਫੀਸਦੀ ਹੋ ਗਿਆ ਹੈ। ਵਾਅਦੇ ਪੂਰੇ ਨਾ ਕਰ ਕੇ ਰਾਜ ਸਰਕਾਰ ਨੂੰ ਮੁਲਾਜ਼ਮਾਂ ਤੇ ਖਾਸ ਕਰ ਕੇ ਅਧਿਆਪਕਾਂ ਤੇ ਕਿਸਾਨਾਂ ਦੇ ਅੰਦੋਲਨਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਦੀਵਾਲੇ ਮੌਕੇ ਵੀ ਮੁਲਾਜ਼ਮਾਂ ਨੂੰ ਡੀਏ ਦੀ ਕਿਸ਼ਤ ਨਹੀਂ ਮਿਲੀ ਤੇ ਜਿਸ ਕਰ ਕੇ ਉਹ ਇਸ ਵਾਰ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋਏ ਤੇ ਆਪਣੇ ਹੱਕਾਂ ਖਾਤਰ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਵਿਧਾਨ ਸਭਾ ਹਲਕੇ ਬਠਿੰਡੇ ਵਿਚ ਗੇੜੇ ਲਾਉਣ ਲੱਗੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋ ਹੋਰ ਮੰਗਾਂ ਨੂੰ ਲੈ ਕੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਇਸ ਸਾਲ ਪਹਿਲੀ ਜੂਨ ਤੋਂ ਬਰਗਾੜੀ ਵਿਚ ਇਨਸਾਫ ਮੋਰਚਾ ਚੱਲ ਰਿਹਾ ਹੈ। ਇਸ ਮੋਰਚੇ ਨੂੰ ਲੈ ਕੇ ਵੀ ਖਦਸ਼ੇ ਜ਼ਾਹਿਰ ਕੀਤੇ ਜਾ ਰਹੇ ਹਨ। ਇਸ ਮੁੱਦੇ ਉਤੇ ਹਾਕਮ ਧਿਰ ਬਾਦਲਾਂ ਨੂੰ ਘੇਰਨ ਨੂੰ ਫਿਰਦੀ ਹੈ ਪਰ ਮਾਮਲਾ ਲਟਕਣ ਕਾਰਨ ਕਾਂਗਰਸ ਸਰਕਾਰ ਨੂੰ ਦਿੱਕਤ ਹੋ ਸਕਦੀ ਹੈ।

# ਅੰਮ੍ਰਿਤਸਰ 'ਚ ਨਿਰੰਕਾਰੀ ਭਵਨ 'ਤੇ ਗ੍ਰਨੇਡ ਹਮਲਾ; 3 ਹਲਾਕ

**ਅੰਮ੍ਰਿਤਸਰ:** ਰਾਜਾਸਾਂਸੀ ਕਸਬੇ ਨੇੜਲੇ ਪਿੰਡ ਅਦਲੀਵਾਲ ਵਿਚ ਨਿਰੰਕਾਰੀ ਭਵਨ ਵਿਚ ਚੱਲ ਰਹੇ ਸਤਿਸੰਗ ਦੌਰਾਨ ਗ੍ਰਨੇਡ ਹਮਲੇ 'ਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ 22 ਹੋਰ ਜ਼ਖ਼ਮੀ ਹੋ ਗਏ। ਗ੍ਰਨੇਡ ਧਮਾਕੇ ਵਿਚ ਮਾਰੇ ਗਏ ਵਿਅਕਤੀਆਂ ਦੀ ਸ਼ਨਾਖ਼ਤ ਸੰਦੀਪ ਸਿੰਘ ਵਾਸੀ ਰਾਜਾਸਾਂਸੀ, ਸੁਖਦੇਵ ਸਿੰਘ ਵਾਸੀ ਪਿੰਡ ਮੀਰਾਂਕੋਟ ਅਤੇ ਕੁਲਦੀਪ ਸਿੰਘ ਵਾਸੀ ਪਿੰਡ ਬੱਗਾ ਕਲਾਂ ਵਜੋਂ ਹੋਈ ਹੈ। ਜ਼ਖ਼ਮੀਆਂ ਵਿਚ 9 ਔਰਤਾਂ ਵੀ ਸ਼ਾਮਲ ਹਨ।

ਵੇਰਵਿਆਂ ਮੁਤਾਬਕ ਮੋਟਰਸਾਈਕਲ 'ਤੇ ਸਵਾਰ ਦੋ ਹਥਿਆਰਬੰਦ ਨੌਜਵਾਨ ਆਏ ਜਿਨ੍ਹਾਂ ਨੇ ਲੋਈਆਂ ਲਈਆਂ ਹੋਈਆਂ ਸਨ ਅਤੇ ਮੂੰਹ ਢਕੇ ਹੋਏ ਸਨ। ਉਨ੍ਹਾਂ 'ਚੋਂ ਇਕ ਨੌਜਵਾਨ ਨੇ ਪਿਸਤੌਲ ਕੱਢ ਲਈ ਅਤੇ ਮੁੱਖ ਗੇਟ ਉਤੇ ਖੜ੍ਹੇ ਸ਼ਰਧਾਲੂ ਨੂੰ ਇਕ ਪਾਸੇ ਲੈ ਗਿਆ ਅਤੇ ਉਸ ਕੋਲੋਂ ਅੰਦਰ ਚੱਲ ਰਹੇ ਸਮਾਗਮ ਬਾਰੇ ਜਾਣਕਾਰੀ ਲਈ। ਇਸ ਦੌਰਾਨ ਉਸ ਦਾ ਦੂਜਾ ਸਾਥੀ ਅੰਦਰ ਗਿਆ ਅਤੇ ਉਸ ਨੇ ਹਾਲ ਵਿਚ ਬੈਠੀ ਸੰਗਤ ਉਤੇ ਹੈਂਡ ਗ੍ਰਨੇਡ ਸੁੱਟਿਆ। ਧਮਾਕੇ ਨਾਲ ਭੱਜ-ਨੱਠ ਮੱਚ ਗਈ ਜਿਸ ਵਿਚ ਹਮਲਾਵਰ ਮੌਕੇ ਤੋਂ ਫਰਾਰ ਹੋਣ ਵਿਚ ਸਫਲ ਰਹੇ। ਮੌਕੇ 'ਤੇ ਹਾਜ਼ਰ ਗੁਰਭੇਜ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਅਤੇ ਬੇਟਿਆਂ ਨਾਲ ਸਮਾਗਮ ਵਿਚ ਆਇਆ ਸੀ ਅਤੇ ਦੋਵੇਂ ਪਤੀ-ਪਤਨੀ ਧਮਾਕੇ ਵਿਚ ਜ਼ਖ਼ਮੀ ਹੋ ਗਏ।

ਉਨ੍ਹਾਂ ਦੱਸਿਆ ਕਿ ਉਹ ਮੰਚ ਨੇੜੇ ਬੈਠੇ ਹੋਏ ਸਨ ਅਤੇ ਅਚਨਚੇਤੀ ਕੋਈ ਠੋਸ ਚੀਜ਼ ਡਿੱਗੀ ਜਿਸ ਮਗਰੋਂ ਜ਼ੋਰਦਾਰ ਧਮਾਕਾ ਹੋਇਆ। ਉਸ ਨੇ ਦੱਸਿਆ ਕਿ ਜਦੋਂ ਉਹ ਪਤਨੀ ਅਤੇ ਬੱਚਿਆਂ ਨਾਲ ਹਸਪਤਾਲ ਜਾਣ ਲੱਗਾ ਸੀ ਤਾਂ ਉਸ ਨੇ ਦੋ ਨੌਜਵਾਨਾਂ ਨੂੰ ਮੋਟਰਸਾਈਕਲ 'ਤੇ ਭਜਦੇ ਹੋਏ ਦੇਖਿਆ। ਹਾਲ ਵਿਚ ਧਮਾਕੇ ਸਮੇਂ ਲਗਭਗ 200 ਸ਼ਰਧਾਲੂ



ਹਾਜ਼ਰ ਸਨ। ਇਸ ਕੰਪਲੈਕਸ ਵਿਚ ਕਿਸੇ ਵੀ ਥਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਨਹੀਂ ਲੱਗੇ ਹੋਏ ਹਨ। ਧਮਾਕੇ ਨਾਲ ਜ਼ਮੀਨ 'ਤੇ ਤਿੰਨ ਇੰਚ ਦੇ ਘੇਰੇ ਵਿਚ ਛੋਟਾ ਟੋਆ ਪੈ ਗਿਆ ਜਿਸ ਦੀ

ਜਾਂਚ ਫੋਰੈਂਸਿਕ ਟੀਮ ਵੱਲੋਂ ਕੀਤੀ ਜਾ ਰਹੀ ਹੈ। ਗ੍ਰਨੇਡ ਦਾ ਸੇਫਟੀ ਵਾਲਵ ਮਿਲਿਆ ਹੈ ਅਤੇ ਉਸ ਦੀ ਪੜਤਾਲ ਕੀਤੀ ਜਾ ਰਹੀ ਹੈ। ਉਧਰ, ਡੇਰੇ ਦੇ ਪ੍ਰਬੰਧਕਾਂ ਤੇ ਸ਼ਰਧਾਲੂਆਂ ਨੇ ਦੋਸ਼ ਲਾਇਆ ਕਿ ਹਮਲਾ ਪ੍ਰਸ਼ਾਸਨ ਦੀ ਢਿੱਲ ਅਤੇ ਲਾਪਰਵਾਹੀ ਦਾ ਸਿੱਟਾ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਜ਼ਖ਼ਮੀਆਂ ਦੇ ਮੁਫਤ ਇਲਾਜ



ਤੇ ਬਿਹਤਰੀਨ ਮੈਡੀਕਲ ਸਹਾਇਤਾ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ।

ਉਨ੍ਹਾਂ ਕਿਹਾ ਹੈ ਕਿ ਸੂਬੇ ਦੀ ਅਮਨ-ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੋਸ਼ੀਆਂ ਨੂੰ ਕਾਬੂ ਕਰਕੇ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰੇਗੀ। ਮੁੱਖ ਮੰਤਰੀ ਨੇ ਲੋਕਾਂ ਨੂੰ ਖੌਫਜ਼ਦਾ ਨਾ ਹੋਣ ਅਤੇ ਅਮਨ-ਸ਼ਾਂਤੀ ਕਾਇਮ ਰੱਖਣ ਦੀ ਅਪੀਲ ਕੀਤੀ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਹਮਲੇ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ ਸਖਤ ਕਾਰਵਾਈ ਦਾ ਭਰੋਸਾ ਦਿੱਤਾ। ਗ੍ਰਹਿ ਮੰਤਰੀ ਨੇ ਇਸ ਹਮਲੇ ਨੂੰ ਭਿਆਨਕ ਦੱਸਦਿਆਂ ਇਸ ਹਮਲੇ 'ਚ ਹੋਈਆਂ ਮੌਤਾਂ 'ਤੇ ਦੁਖ ਜ਼ਾਹਿਰ ਕੀਤਾ।

## ਹਮਲਾ ਅਤਿਵਾਦੀਆਂ ਦਾ ਕਾਰਾ: ਡੀ.ਜੀ.ਪੀ.

**ਅੰਮ੍ਰਿਤਸਰ:** ਪੰਜਾਬ ਪੁਲਿਸ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਪਿੰਡ ਅਦਲੀਵਾਲ ਵਿਚ ਨਿਰੰਕਾਰੀ ਭਵਨ ਵਿਚ ਹੋਏ ਗ੍ਰਨੇਡ ਧਮਾਕੇ ਬਾਰੇ ਆਖਿਆ ਕਿ ਪੁਲਿਸ ਇਸ ਨੂੰ ਅਤਿਵਾਦੀ ਹਮਲੇ ਵਜੋਂ ਦੇਖ ਰਹੀ ਹੈ ਅਤੇ ਇਸੇ ਨਜ਼ਰੀਏ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਧਮਾਕੇ ਦੀ ਜਾਂਚ ਵਾਸਤੇ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਟੀਮ ਵੀ ਦਿੱਲੀ ਤੋਂ ਇਥੇ ਪੁੱਜ ਰਹੀ ਹੈ।

ਘਟਨਾ ਸਥਾਨ ਦਾ ਦੌਰਾ ਕਰਨ ਮਗਰੋਂ ਮੀਡੀਆ ਨਾਲ ਸੰਖੇਪ ਗੱਲਬਾਤ 'ਚ ਡੀ.ਜੀ.ਪੀ. ਨੇ ਆਖਿਆ ਕਿ ਮੁਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਧਮਾਕੇ ਲਈ ਹੈਂਡ ਗ੍ਰਨੇਡ ਦੀ ਵਰਤੋਂ ਕੀਤੀ ਗਈ। ਪਾਕਿਸਤਾਨੀ ਅਤਿਵਾਦੀ ਜ਼ਾਕਿਰ ਮੂਸਾ ਦਾ ਹਮਲੇ ਪਿੱਛੇ ਹੱਥ ਹੋਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਆਖਿਆ ਕਿ ਅਜੇ ਇਸ ਬਾਰੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ।

## ਖਾਲਿਸਤਾਨੀ ਵਿਚਾਰਧਾਰਾ ਵਾਲਿਆਂ ਦੀ ਜਾਂਚ ਹੋਵੇ: ਬਿੱਟੂ

**ਲੁਧਿਆਣਾ:** ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਆਖਿਆ ਕਿ ਬਰਗਾੜੀ ਵਿਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨਿੱਤ ਭਾਸ਼ਣ ਦਿੰਦੇ ਰਹਿੰਦੇ ਹਨ, ਜਿਸ ਤੋਂ ਪ੍ਰਭਾਵਿਤ ਹੋ ਕੇ ਨੌਜਵਾਨਾਂ ਨੇ ਇਹ ਕਾਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਖਾਲਿਸਤਾਨੀ ਵਿਚਾਰਧਾਰਾ ਰੱਖਣ ਵਾਲੇ ਬਲਜੀਤ ਸਿੰਘ ਦਾਦੂਵਾਲ ਅਤੇ ਅਜਿਹੀ ਵਿਚਾਰਧਾਰਾ ਰੱਖਣ ਵਾਲੇ ਵਿਅਕਤੀਆਂ ਦੀ ਇਸ ਹਮਲੇ ਸਬੰਧੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਜਥੇਦਾਰ ਦਾਦੂਵਾਲ ਨੂੰ ਵਿਦੇਸ਼ਾਂ ਤੋਂ ਵੱਡੀ ਰਕਮ ਪ੍ਰਾਪਤ ਹੋ ਰਹੀ ਹੈ।

# ਬੇਅਦਬੀ ਕਾਂਡ: ਬਾਦਲਾਂ ਨੇ ਵਿਸ਼ੇਸ਼ ਜਾਂਚ ਟੀਮ ਨੂੰ ਨਾ ਦਿੱਤਾ ਕੋਈ ਰਾਹ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਸਮੇਂ 2015 ਦੌਰਾਨ ਫਰੀਦਕੋਟ ਜ਼ਿਲ੍ਹੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੁਲੀਸ ਗੋਲੀ ਕਾਂਡ ਨਾਲ ਸਬੰਧਤ ਮਾਮਲਿਆਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਕੋਲੋਂ ਇਸ ਮਾਮਲੇ ਬਾਰੇ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਪੁੱਛਗਿੱਛ ਕੀਤੀ ਗਈ।

ਭਾਵੇਂ ਜਾਂਚ ਟੀਮ ਨੇ ਪੁੱਛਗਿੱਛ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ ਪਰ ਦੋਵਾਂ ਬਾਦਲਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਜਾਂਚ ਟੀਮ ਨੂੰ ਹਰ ਸਵਾਲ ਢੁਕਵਾਂ ਜਵਾਬ ਦਿੱਤਾ ਤੇ ਉਸ ਨੂੰ ਜਚਾ ਦਿੱਤਾ ਕਿ ਉਨ੍ਹਾਂ ਨੂੰ ਸਿਆਸੀ ਸ਼ਹਿ ਉਤੇ ਫਸਾਇਆ ਜਾ ਰਿਹਾ ਹੈ। ਸੁਖਬੀਰ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਉਨ੍ਹਾਂ ਨੇ ਸਿੱਟ ਨੂੰ ਹੀ ਅਜਿਹੇ ਸਵਾਲ ਪੁੱਛ ਲਏ ਕਿ ਉਸ ਨੂੰ ਭੱਜਦੀ ਨੂੰ ਰਾਹ ਨਾ ਲੱਭਾ। ਸੁਖਬੀਰ ਨੇ ਸਿੱਟ ਦੇ ਹਰ ਜਵਾਬ ਉਤੇ ਇਕ ਹੀ ਉਤਰ ਦਿੱਤੀ ਹੈ ਕਿ ਉਹ ਗੋਲੀਬਾਰੀ ਸਮੇਂ ਪੰਜਾਬ ਵੀ ਹੈ ਹੀ ਨਹੀਂ ਸੀ। ਦੱਸ ਦਈਏ ਕਿ ਕੈਪਟਨ ਸਰਕਾਰ ਵੱਲੋਂ ਬੇਅਦਬੀ ਮਾਮਲਿਆਂ ਬਾਰੇ ਗਈ ਸਿੱਟ ਨੇ ਦੋਵਾਂ ਬਾਦਲਾਂ ਸਮੇਂ ਅਦਾਕਾਰ ਅਕਸ਼ੈ ਕੁਮਾਰ ਨੂੰ ਤਲਬ ਕੀਤਾ ਸੀ। ਸਾਬਕਾ ਮੁੱਖ ਮੰਤਰੀ ਨੇ 'ਸਿੱਟ' ਦੇ ਮੈਂਬਰਾਂ ਨੂੰ ਸਪੱਸ਼ਟ ਕਿਹਾ ਕਿ ਪੁਲਿਸ ਨੂੰ ਗੋਲੀ ਚਲਾਉਣ ਦੇ ਹੁਕਮ ਨਹੀਂ ਦਿੱਤੇ ਗਏ ਸਨ।

ਧਾਰਮਿਕ ਤੇ ਸੰਵੇਦਨਸ਼ੀਲ ਮਾਮਲੇ ਵਿਚ ਪਹਿਲੀ ਵਾਰ ਪੁੱਛ-ਗਿੱਛ ਹੋਣ ਕਰਕੇ ਸ੍ਰੀ ਬਾਦਲ ਦੇ ਮੱਥੇ ਤੋਂ ਚਿੰਤਾ ਦੀਆਂ ਲਕੀਰਾਂ ਸਾਫ਼ ਪੜ੍ਹੀਆਂ ਜਾ ਸਕਦੀਆਂ ਸਨ। ਉਥੇ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਘਬਰਾਹਟ ਵਿਚ ਦਿਖਾਈ ਦੇ ਰਹੇ ਸਨ। ਉਂਜ ਇਥੇ ਸੀਨੀਅਰ ਲੀਡਰਸ਼ਿਪ ਨੇ ਵੀ ਭਰਵੀਂ ਹਾਜ਼ਰੀ ਲਵਾਈ। ਸਾਬਕਾ ਮੁੱਖ ਮੰਤਰੀ ਨੇ ਤਫਤੀਸ਼ੀ ਅਧਿਕਾਰੀਆਂ ਨੂੰ ਪੁੱਛ-ਗਿੱਛ ਲਈ ਢਾਈ ਵਜੇ ਦਾ ਸਮਾਂ ਦਿੱਤਾ ਸੀ। ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਸਮੇਂ ਮੁਤਾਬਕ ਚੰਡੀਗੜ੍ਹ ਦੇ ਸੈਕਟਰ 4 ਸਥਿਤ ਉਨ੍ਹਾਂ ਦੇ ਐਮ.ਐਲ.ਏ. ਫਲੈਟ 'ਤੇ ਪਹੁੰਚ ਗਏ ਸਨ। ਸ੍ਰੀ ਬਾਦਲ ਨੇ ਪੁਲਿਸ ਅਧਿਕਾਰੀ ਦਾ ਸਵਾਗਤ ਤਾਂ ਕੀਤਾ ਪਰ 'ਸਿੱਟ' ਮੁਖੀ ਪ੍ਰਬੋਧ ਕੁਮਾਰ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਖੁਦ ਆਉਣ ਲਈ ਕਿਹਾ। ਇਸ ਤੋਂ ਬਾਅਦ ਪ੍ਰਬੋਧ ਕੁਮਾਰ, ਆਈ.ਜੀ. ਅਰੁਣਪਾਲ ਸਿੰਘ ਅਤੇ ਐਸ.ਪੀ. ਭੁਪਿੰਦਰ ਸਿੰਘ ਉਥੇ ਪਹੁੰਚੇ ਅਤੇ ਬੰਦ ਕਮਰੇ ਵਿਚ ਸ੍ਰੀ ਬਾਦਲ ਤੋਂ ਪੁੱਛਗਿੱਛ ਸ਼ੁਰੂ ਹੋਈ। ਸਿੱਟ ਦੇ ਮੈਂਬਰਾਂ ਨੇ ਪੁੱਛਗਿੱਛ ਦੀ ਵੀਡੀਓਗ੍ਰਾਫੀ ਵੀ ਕੀਤੀ।

ਉਧਰ, ਸਾਬਕਾ ਮੁੱਖ ਮੰਤਰੀ ਨੇ 'ਸਿੱਟ' ਦੀ ਕਾਰਵਾਈ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਕਿਹਾ, "ਮੈਨੂੰ ਪੁਲਿਸ ਅਧਿਕਾਰੀਆਂ 'ਤੇ ਕੋਈ ਯਕੀਨ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਤਾਂ ਮਹਿਜ਼ ਖਾਨਾਪੂਰਤੀ ਕਰਨੀ ਹੈ ਤੇ ਹੋਣਾ ਤਾਂ ਉਹੀ ਹੈ ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚਾਹੁਣਗੇ ਪਰ ਮੈਂ ਕਾਨੂੰਨ ਨੂੰ ਮੰਨਣਾ ਵਾਲਾ ਵਿਅਕਤੀ ਹਾਂ'। ਉਨ੍ਹਾਂ ਕਿਹਾ ਕਿ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਜਦੋਂ ਇਰਾਦਾ ਕਤਲ ਦੇ ਮਾਮਲੇ ਵਿਚ ਤਤਕਾਲੀ ਮੁੱਖ ਮੰਤਰੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ ਅੰਦਰ ਵੱਡੀਆਂ ਵੱਡੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਕਦੇ ਮੁੱਖ ਮੰਤਰੀਆਂ, ਪ੍ਰਧਾਨ ਮੰਤਰੀ ਜਾਂ ਮੰਤਰੀਆਂ ਨੂੰ ਸੱਦਿਆਂ ਨਹੀਂ ਜਾਂਦਾ। ਇਥੋਂ ਤੱਕ ਕਿ ਸਾਕਾ ਨੀਲਾ ਤਾਰਾ ਜਾਂ 1984 ਦੇ ਦੰਗਿਆਂ ਬਾਰੇ ਉਸ ਸਮੇਂ ਦੇ ਪ੍ਰਧਾਨ ਮੰਤਰੀਆਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ 'ਸਿੱਟ' ਵੱਲੋਂ ਪੁੱਛੇ ਗਏ ਸਵਾਲ ਪੂਰੀ ਤਰ੍ਹਾਂ ਨਾਲ ਬੇਤੁਕੇ ਸਨ ਅਤੇ ਮੁੱਖ ਮੰਤਰੀ ਦੀ ਕੁਰਸੀ ਸੰਭਾਲ ਚੁੱਕੇ ਵਿਅਕਤੀ ਤੋਂ ਅਜਿਹੇ ਸਵਾਲ ਪੁੱਛਣੇ ਨਹੀਂ ਬਣਦੇ ਸਨ। ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਵੀ ਮੁੱਖ ਮੰਤਰੀ ਹੁੰਦਿਆਂ ਮੇਰੀ ਪਤਨੀ ਸਮੇਤ ਪਰਚਾ ਦਰਜ ਕੀਤਾ ਸੀ ਪਰ ਸੱਚ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਨੂੰ ਅਸੀਂ ਕਸੂਰਵਾਰ ਲਗਦੇ ਹਾਂ ਪਰ ਸੱਚ ਆਖਰ ਲੋਕਾਂ ਦੇ ਸਾਹਮਣੇ ਆ ਜਾਵੇਗਾ। ਉਨ੍ਹਾਂ ਕਾਂਗਰਸ ਸਰਕਾਰ 'ਤੇ ਸੂਬੇ ਦੇ ਹਾਲਾਤ ਖਰਾਬ ਕਰਨ ਦੇ ਦੋਸ਼ ਵੀ ਲਾਏ।

## *ਬਾਦਲ ਜਾਂਚ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨਾ ਚਾਹੁੰਦੈ: ਕੈਪਟਨ*

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਉਸ ਬਿਆਨ ਦੀ ਆਲੋਚਨਾ ਕੀਤੀ, ਜਿਸ ਵਿਚ ਬਾਦਲ ਨੇ ਕਿਹਾ ਸੀ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿਚ ਉਨ੍ਹਾਂ ਵਿਰੁੱਧ ਚੱਲ ਰਹੀ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਸਿਆਸਤ ਤੋਂ ਪ੍ਰੇਰਿਤ ਹੈ। ਸ੍ਰੀ ਕੈਪਟਨ ਨੇ ਆਖਿਆ ਕਿ ਅਜਿਹੀ ਬਿਆਨਬਾਜ਼ੀ ਕਰ ਕੇ ਸ੍ਰੀ ਬਾਦਲ ਜਾਂਚ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## *ਬਾਦਲ ਦੱਸਣ ਗੋਲੀ ਦੇ ਹੁਕਮ ਕਿਸ ਨੇ ਦਿੱਤੇ: ਜਾਖੜ*

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਖਿਆ ਕਿ ਜੇਕਰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਗੋਲੀ ਚਲਾਉਣ ਦੇ ਹੁਕਮ ਨਹੀਂ ਦਿੱਤੇ ਤਾਂ ਬਾਦਲ ਨੂੰ ਦੱਸਣਾ ਚਾਹੀਦਾ ਹੈ ਕਿ ਪੁਲਿਸ ਨੇ ਕਿਸ ਦੇ ਕਹਿਣ 'ਤੇ ਗੋਲੀ ਚਲਾਈ ਤੇ ਤਤਕਾਲੀ ਮੁੱਖ ਮੰਤਰੀ ਨੇ ਗੋਲੀ ਚਲਾਉਣ ਦੇ ਹੁਕਮ ਦੇਣ ਵਾਲੇ ਖਿਲਾਫ਼ ਕੀ ਕਾਰਵਾਈ ਕੀਤੀ ਸੀ। ਉਨ੍ਹਾਂ ਸਾਬਕਾ ਮੁੱਖ ਮੰਤਰੀ ਬਾਦਲ ਨੂੰ ਸਵਾਲ ਕਰਦਿਆਂ ਕਿਹਾ ਕਿ ਕੋਟਕਪੂਰਾ ਵਿਚ ਗੋਲੀ ਸਵੇਰੇ 6.47 ਵਜੇ ਚੱਲੀ ਸੀ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਅਨੁਸਾਰ ਗੋਲੀ ਚਲਾਉਣ ਅਤੇ ਭੀੜ ਨੂੰ ਖਦੇੜਨ ਪਿਛੋਂ ਪੁਲਿਸ ਵਾਲੇ ਪੂਰੀ ਖੁਸ਼ੀ ਦੇ ਰੌਂਅ ਵਿਚ ਸਨ ਤੇ ਇਹ ਸਥਿਤੀ ਤਾਂ ਹੀ ਪੈਦਾ ਹੋ ਸਕਦੀ ਹੈ ਜੇਕਰ ਸਰਕਾਰ ਨੇ ਉਨ੍ਹਾਂ ਦੀ ਇਸ ਕਾਰਵਾਈ ਨੂੰ ਥਾਪੜਾ ਦਿੱਤਾ ਹੋਵੇ।

## *ਨਾਭਾ 'ਚ ਬੈਂਕ ਡਕੈਤੀ; ਸੁਰੱਖਿਆ ਕਰਮੀ ਦਾ ਕਤਲ*

**ਨਾਭਾ:** ਲੁਟੇਰਿਆਂ ਨੇ ਨਾਭਾ ਸ਼ਹਿਰ ਸਥਿਤ ਭਾਰਤੀ ਸਟੇਟ ਬੈਂਕ 'ਤੇ ਹੱਲਾ ਬੋਲ ਕੇ ਬੈਂਕ ਅੰਦਰ ਲਿਜਾਈ ਜਾ ਰਹੀ 50 ਲੱਖ ਰੁਪਏ ਦੀ ਰਾਸ਼ੀ ਲੁੱਟ ਲਈ ਤੇ ਬੈਂਕ ਦੇ ਸੁਰੱਖਿਆ ਕਰਮੀ ਪ੍ਰੇਮ ਚੰਦ ਨੂੰ ਗੋਲੀ ਮਾਰ ਦਿੱਤੀ, ਜਿਸ ਦੀ ਹਸਪਤਾਲ 'ਚ ਮੌਤ ਹੋ ਗਈ। ਇਸ ਘਟਨਾ ਮਗਰੋਂ ਪਟਿਆਲਾ ਪੁਲਿਸ ਨੇ ਮੁਸਤੈਦੀ ਦਿਖਾਉਂਦਿਆਂ ਦੋਵਾਂ ਮੁਲਜ਼ਮਾਂ ਨੂੰ ਚਾਰ ਘੰਟਿਆਂ ਅੰਦਰ ਹੀ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਲੁੱਟ ਦੇ ਪੰਜਾਹ ਲੱਖ ਰੁਪਏ ਤੇ ਵਾਰਦਾਤ 'ਚ ਵਰਤੀ ਗਈ 32 ਬੋਰ ਦੀ ਪਿਸਤੌਲ, ਸੁਰੱਖਿਆ ਕਰਮੀ ਦੀ ਰਾਈਫਲ ਤੇ ਬੁਲੇਟ ਮੋਟਰ ਸਾਈਕਲ ਵੀ ਬਰਾਮਦ ਕਰ ਲਿਆ ਹੈ। ਮੁਲਜ਼ਮਾਂ ਦੀ ਸ਼ਨਾਖ਼ਤ 37 ਸਾਲਾ ਅਮਨਜੀਤ ਸਿੰਘ ਗੁਰੀ ਅਤੇ 35 ਜਗਦੇਵ ਸਿੰਘ ਤਾਰੀ ਵਾਸੀਆਨ ਸੰਗਰੂਰ ਵਜੋਂ ਹੋਈ ਹੈ। ਦੋਵਾਂ ਮੁਲਜ਼ਮਾਂ ਨੇ ਸੰਗਰੂਰ ਸਥਿਤ ਇੰਡੀਅਨ ਆਇਲ ਦੇ ਡਿੱਪੂ 'ਤੇ ਟੈਂਕਰ ਪਾਇਆ ਹੋਇਆ ਹੈ।

# ਮੌੜ ਬੰਬ ਧਮਾਕਾ: 'ਆਪ' ਵੱਲੋਂ ਸੁਖਬੀਰ ਬਾਦਲ ਵੱਲ ਉਂਗਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਮੰਗ ਕੀਤੀ ਕਿ ਮੌੜ ਬੰਬ ਕਾਂਡ 'ਚ ਸੁਖਬੀਰ ਸਿੰਘ ਬਾਦਲ ਦੀ ਸ਼ੱਕੀ ਭੂਮਿਕਾ ਦੀ ਜਾਂਚ ਕਰਵਾਈ ਜਾਵੇ।

ਸੂਬੇ ਦੀਆਂ ਆਮ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ 31 ਜਨਵਰੀ 2017 ਨੂੰ ਮੌੜ ਮੰਡੀ ਤੋਂ ਕਾਂਗਰਸੀ ਉਮੀਦਵਾਰ ਅਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਕੁੜਮ ਹਰਮਿੰਦਰ ਸਿੰਘ ਜੱਸੀ ਦੀ ਚੋਣ ਰੈਲੀ ਨੇੜੇ ਹੋਏ ਇਸ ਧਮਾਕੇ 'ਚ 7 ਬੇਕਸੂਰਾਂ ਦੀ ਮੌਤ ਹੋ ਗਈ ਸੀ ਅਤੇ ਉਸ ਸਮੇਂ ਸੁਖਬੀਰ ਸਿੰਘ ਬਾਦਲ ਸੂਬੇ ਦੇ ਉਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸਨ।

ਆਪ' ਦੇ ਸੀਨੀਅਰ ਆਗੂ ਤੇ ਵਿਧਾਇਕ ਅਮਨ ਅਰੋੜਾ ਨੇ ਦੋਸ਼ ਲਾਇਆ ਕਿ ਮੌੜ ਬੰਬ ਧਮਾਕੇ 'ਚ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਭੂਮਿਕਾ ਬੇਹੱਦ ਸ਼ੱਕੀ ਹੈ, ਇਥੋਂ ਤੱਕ ਕਿ ਕੇਂਦਰ ਦੀਆਂ ਏਜੰਸੀਆਂ ਦੇ ਹੱਥ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸੁਖਬੀਰ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਇਨ੍ਹਾਂ ਸਾਰਿਆਂ ਦਾ ਇਕੋ-ਇਕ ਮੰਤਵ ਸੀ ਕਿ ਪੰਜਾਬ ਅੰਦਰ ਕਿਸੇ ਵੀ ਕੀਮਤ ਉਤੇ ਆਮ ਆਦਮੀ ਪਾਰਟੀ ਦੀ ਸਰਕਾਰ ਨਾ ਬਣਨ ਦਿੱਤੀ ਜਾਵੇ। ਆਪਣੇ ਇਸ ਮਨਸੂਬੇ ਦੀ ਪੂਰਤੀ ਲਈ ਇਨ੍ਹਾਂ ਆਗੂਆਂ ਨੇ ਮਿਲ ਕੇ ਵੱਡੀਆਂ ਸਾਜਿਸ਼ਾਂ ਰਚੀਆਂ ਅਤੇ ਮੌੜ ਬੰਬ ਧਮਾਕੇ ਦਾ ਦੋਸ਼ ਵੀ 'ਆਪ' ਸਿਰ ਲਾ ਕੇ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਵਿਰੁੱਧ ਬੇਬੁਨਿਆਦ ਅਤੇ ਝੂਠਾ ਪ੍ਰਚਾਰ ਕੀਤਾ ਗਿਆ। ਅਮਨ ਅਰੋੜਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਉਦੋਂ ਕਾਫੀ ਰੌਲਾ ਪਾਇਆ ਕਿ ਮੌੜ ਬੰਬ ਧਮਾਕੇ 'ਚ ਆਮ ਆਦਮੀ ਪਾਰਟੀ ਦਾ ਹੱਥ ਹੈ।

ਬਾਦਲਾਂ ਅਤੇ ਕੈਪਟਨ ਨੇ ਇਕੋ ਭਾਸ਼ਾ 'ਚ 'ਆਪ' ਖਿਲਾਫ ਰੱਜ ਕੇ ਕੁਫਰ ਤੋਲਿਆ। ਉਹੀ ਸੁਖਬੀਰ ਸਿੰਘ ਬਾਦਲ ਅੱਜ ਕਹਿ ਰਹੇ ਹਨ ਕਿ ਮੌੜ ਬੰਬ ਧਮਾਕੇ 'ਚ ਸ਼ਾਮਲ ਡੇਰਾ ਪ੍ਰੇਮੀਆਂ ਨੂੰ ਤੁਰਤ ਗ੍ਰਿਫਤਾਰ ਕੀਤਾ ਜਾਵੇ।

ਅਮਨ ਅਰੋੜਾ ਨੇ ਕਿਹਾ ਕਿ ਸਵਾਲ ਇਹ ਹੈ ਕਿ ਪੌਣੇ ਦੋ ਸਾਲ 'ਚ ਅਜਿਹਾ ਕੀ ਬਦਲ ਗਿਆ ਹੈ? ਦੂਜੇ ਪਾਸੇ ਮੌੜ ਬੰਬ ਧਮਾਕੇ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੁੜੀਆਂ ਸਾਰੀਆਂ ਕੜੀਆਂ ਅਤੇ ਗਤੀਵਿਧੀਆਂ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਦੀ ਭੂਮਿਕਾ ਨੂੰ ਸ਼ੱਕੀ ਬਣਾਉਂਦੀਆਂ ਹਨ, ਜਿਸ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੀ ਚੋਣ ਰੈਲੀ 'ਚ ਬੰਬ ਧਮਾਕਾ ਕਰਵਾਇਆ ਜਾਂਦਾ ਹੈ, ਉਹ ਡੇਰਾ ਮੁੱਖੀ ਦਾ ਕੁੜਮ ਹੈ।

ਬੰਬ ਧਮਾਕੇ ਤੋਂ ਠੀਕ ਅਗਲੇ ਦਿਨ ਡੇਰਾ ਸਿਰਸਾ ਨੇ ਅਧਿਕਾਰਤ ਤੌਰ ਉਤੇ ਅਕਾਲੀ-ਭਾਜਪਾ ਉਮੀਦਵਾਰਾਂ ਦੇ ਹੱਕ 'ਚ ਸਮਰਥਨ ਦਾ ਐਲਾਨ ਕਰ ਦਿੰਦਾ ਹੈ। ਅਮਨ ਅਰੋੜਾ ਨੇ ਇਹ ਵੀ ਮੰਗ ਕੀਤੀ ਕਿ ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਮੌੜ ਬੰਬ ਧਮਾਕੇ ਵਿਚ 'ਆਪ' ਉਤੇ ਲਗਾਏ ਝੂਠੇ ਦੋਸ਼ਾਂ ਲਈ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣ।

# ਸਿੱਖ ਸਰਗਰਮੀਆਂ ਦੀ ਦਿਸ਼ਾ: ਕੁਝ ਵਿਚਾਰ

**ਵਿਚਾਰ-ਚਰਚਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖਾਂ ਨੂੰ ਧੁਰ-ਅੰਦਰ ਤੱਕ ਝੰਜੋੜਿਆ ਹੈ। ਇਹ ਸਿੱਖਾਂ ਦੇ ਸਭ ਤੋਂ ਪਵਿੱਤਰ ਅਹਿਸਾਸ 'ਤੇ ਕੀਤਾ ਜਾ ਰਿਹਾ ਨਿਹਾਇਤ ਘਟੀਆ ਤੇ ਕੋਝਾ ਵਾਰ ਹੈ। ਆਰੀਆ ਸਮਾਜ ਲਹਿਰ ਦੇ ਵੇਲੇ ਤੋਂ ਸਿੱਖਾਂ ਨੂੰ ਅਜਿਹੇ ਹਮਲੇ ਬਰਦਾਸ਼ਤ ਕਰਨੇ ਪੈ ਰਹੇ ਹਨ। ਪੰਜਾਬ ਦੀਆਂ ਖੱਬੇ-ਪੱਖੀ ਧਿਰਾਂ ਦੀ ਵੀ ਬੇਅਦਬੀ ਨੂੰ ਸਹੀ ਠਹਿਰਾਉਣ ਵਾਲਾ ਮਾਹੌਲ ਬਣਾਉਣ 'ਚ ਭੂਮਿਕਾ ਰਹੀ ਹੈ। ਹਿੰਦੁਸਤਾਨ ਦੀ ਸਥਾਪਤੀ ਨੇ ਸਿੱਖ ਅਹਿਸਾਸ ਦੀ ਸੰਵੇਦਨਸ਼ੀਲਤਾ ਨੂੰ ਲਗਾਤਾਰ ਆਪਣੇ ਅਤਿ ਹਿੰਸਕ ਅਤੇ ਨੀਵੇਂ ਪੱਧਰ ਦੇ ਹਮਲਿਆਂ ਦਾ ਨਿਸ਼ਾਨਾ ਬਣਾਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਅਹਿਸਾਸ ਭਾਰਤੀ ਹਾਕਮਾਂ ਦੀ ਮਾਰ ਤੋਂ ਉਚੇਰੇ ਸਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਿੱਖਾਂ ਨੇ ਇਨ੍ਹਾਂ ਹਮਲਿਆਂ ਦੇ ਜੁਆਬ 'ਚ ਆਪਣੀ ਵਿਰਾਸਤ ਹੋਰ ਸ਼ਾਨ ਨਾਲ ਸੁਰਜੀਤ ਕੀਤੀ। ਸੰਤ ਜਰਨੈਲ



**ਪ੍ਰਭਸ਼ਰਨਦੀਪ ਸਿੰਘ**
**ਆਕਸਫੋਰਡ ਯੂਨੀਵਰਸਿਟੀ**

ਸਿੰਘ ਜੀ ਭਿੰਡਰਾਂਵਾਲੇ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਸਿੱਖਾਂ ਅੰਦਰਲੀ ਪੁਨਰ-ਸੁਰਜੀਤੀ ਦੇ ਦੋ ਵਿਲੱਖਣ ਅਤੇ ਅਹਿਮ ਰੰਗ ਹਨ।

ਸੰਤਾਂ ਨੇ ਸਿੱਖ ਰੂਹਾਨੀਅਤ 'ਚੋਂ ਪੈਦਾ ਹੁੰਦੀ ਚੜ੍ਹਦੀ ਕਲਾ ਨੂੰ ਆਪਣੇ ਜੀਵਨ ਵਿਚੋਂ ਰੂਪਮਾਨ ਕੀਤਾ। ਸੰਤਾਂ ਦੇ ਜੀਵਨ ਨੇ ਪੰਥ ਨੂੰ ਧੁਰ-ਅੰਦਰੋਂ ਟੁੰਬਿਆ। ਪੰਥ ਨੇ ਆਪਣੀ ਪੱਤ ਪਛਾਣੀ। ਜਿੰਦਾ ਸ਼ਹੀਦਾਂ ਦੇ ਕਾਫਲੇ ਗੁਰਮੁਖ ਦੇ ਇੱਕ ਬੋਲ 'ਤੇ ਨਿਛਾਵਰ ਹੋਣ ਲਈ ਆ ਖਲੋਤੇ। ਹਿੰਦੂ ਸਾਮਰਾਜ ਦੀ ਹੈਂਕੜ 'ਤੇ ਅਣਕਿਆਸੇ ਵਦਾਣ ਵੱਜੇ। ਇਸ ਫਾਸ਼ੀ ਸਾਮਰਾਜ ਨੇ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ 'ਤੇ ਹਮਲਾ ਕਰ ਪੰਥ ਅੰਦਰ ਜਾਗੇ ਸਿੱਖ ਅਹਿਸਾਸ ਟੈਂਕਾਂ ਹੇਠ ਦਰੜ ਦੇਣ ਦੀ ਕੋਸ਼ਿਸ਼ ਕੀਤੀ। ਅਜਿਹੇ ਮਨਸੂਬੇ ਪੂਰੇ ਨਾ ਹੋਏ ਤਾਂ ਸਿੱਖਾਂ ਨੂੰ ਨਸਲਕੁਸ਼ੀ ਦੇ ਕਈ ਦੌਰਾਂ ਦਾ ਸਾਹਮਣਾ ਕਰਨਾ ਪਿਆ।

ਮਹਿਬੂਬ ਸਾਹਿਬ ਨੇ ਕਵਿਤਾ ਅਤੇ ਫਲਸਫੇ ਰਾਹੀਂ ਸਿੱਖ ਅਹਿਸਾਸ ਦੀ ਨੁਮਾਇੰਦਗੀ ਦਾ ਅਤਿ ਲੋੜੀਂਦਾ ਕਾਰਜ ਆਪਣੇ ਹੱਥ ਲਿਆ। ਉਨ੍ਹਾਂ ਨੇ ਆਧੁਨਿਕਵਾਦ ਦੇ ਬੋਲੀ ਅਤੇ ਬਿਰਤਾਂਤ ਉਤੇ ਹਮਲਿਆਂ ਦੀ ਪਛਾਣ ਕੀਤੀ। ਬਿਪਰ ਦੇ ਸੂਖਮ ਹਮਲਿਆਂ ਦੀ ਰਗ ਨੂੰ ਹੱਥ ਪਾ ਉਨ੍ਹਾਂ ਨੇ ਸ਼ਮਸ਼ੀਰਾਂ ਦੇ ਵਜਦ ਅੰਦਰਲੇ ਸਾਬਤ ਅਹਿਸਾਸ ਨੂੰ ਜ਼ੁਬਾਨ ਦਿੱਤੀ। ਮਹਿਬੂਬ ਸਾਹਿਬ ਦੇ ਫਲਸਫਾਨਾ ਕੰਮ ਨੇ ਆਧੁਨਿਕਵਾਦ ਦੀ ਹਿੰਸਾ ਦੇ ਵਲੂੰਧਰੇ ਇਤਿਹਾਸ ਅਤੇ ਧਰਮ ਦੇ ਸਰੂਪਾਂ ਨੂੰ ਸਿੱਖ ਅਨੁਭਵ 'ਚੋਂ ਸਮਝਣ ਅਤੇ ਬਿਆਨ ਕਰਨ ਵਿਚ ਅਹਿਮ ਹਿੱਸਾ ਪਾਇਆ। ਮਹਿਬੂਬ ਸਾਹਿਬ ਦੀ ਕਾਵਿ-ਭਾਸ਼ਾ ਗੁਆਚੇ ਬੋਲਾਂ ਦਾ ਸੱਜਰਾ ਆਗਮਨ ਸੀ। ਭਾਸ਼ਾ ਮਹਿਜ਼ ਸੰਚਾਰ ਦਾ ਮਾਧਿਅਮ ਨਹੀਂ ਹੁੰਦੀ, ਇਹ ਜਿਉਂਦਾ ਜਹਾਨ ਹੁੰਦੀ ਹੈ। ਆਧੁਨਿਕਤਾ ਦੇ ਨਾਂ ਹੇਠ ਸਾਮਰਾਜੀਆਂ ਨੇ ਸਿੱਖਾਂ ਨੂੰ ਉਨ੍ਹਾਂ ਦੇ ਬੋਲਾਂ ਤੋਂ ਵਿਰਵੇ ਕਰ ਦਿੱਤਾ ਸੀ, ਉਨ੍ਹਾਂ ਦੀ ਭਾਸ਼ਾ ਵਿਚ ਵੱਸੇ ਜਹਾਨ ਨੂੰ ਪੁਰਾਤਤਵ ਸਮੱਗਰੀ ਵਿਚ ਬਦਲ ਕੇ ਰੱਖ ਦਿੱਤਾ ਸੀ। ਮਹਿਬੂਬ ਸਾਹਿਬ ਦੀ ਕਵਿਤਾ ਰਾਹੀਂ ਹੋਈ ਭਾਸ਼ਾ ਦੀ ਇਸ ਪੁਨਰ-ਸੁਰਜੀਤੀ ਨਾਲ ਸਿੱਖ ਸੱਭਿਅਤਾ ਦੇ ਡੂੰਘੇ ਦੱਬੇ ਰੰਗ ਮੁੜ ਉਜਾਗਰ ਹੋ ਗਏ, ਬੇਹਾਂ 'ਤੇ ਫੁੱਲ ਖਿੜ ਪਏ, ਤੇ ਨਵੀਆਂ ਆਬਾਦੀਆਂ ਵਸਣ ਦੀਆਂ ਉਮੀਦਾਂ ਜਾਗ ਪਈਆਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਦੀ ਭਾਸ਼ਾ ਦਾ ਅਸਲ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਅਤੇ ਅਨੇਕ ਹੋਰ ਸਿੱਖ ਕਵੀਆਂ ਨੇ ਸਿੱਖ ਭਾਸ਼ਾ ਦੇ ਕਈ ਰੰਗਾਂ ਦੀ ਲਾਮਿਸਾਲ ਤਰਜਮਾਨੀ ਕੀਤੀ ਹੈ। ਸਿੱਖ ਮੁੱਖ ਤੌਰ 'ਤੇ ਬਚੇ ਵੀ ਆਪਣੇ ਮੂਲ ਸਰੋਤਾਂ ਨਾਲ ਜੁੜੇ ਰਹਿਣ ਕਰਕੇ ਹਨ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦਾ ਪੈਦਾ ਹੋਣ ਦਾ ਮੂਲ ਆਧਾਰ ਸਿੱਖਾਂ ਦਾ ਸਮੂਹਕ ਤੌਰ 'ਤੇ ਸ਼ਬਦ ਗੁਰੂ ਨਾਲ ਜੁੜੇ ਰਹਿਣਾ ਹੈ। ਸੰਤਾਂ ਨੂੰ ਪੰਥ ਤੋਂ ਮਿਲੇ ਹੁੰਗਾਰੇ ਦੀ ਵੀ ਇਹੀ ਬੁਨਿਆਦ ਹੈ। ਪਰ ਤਾਂ ਵੀ ਭਾਸ਼ਾ ਦੀ ਸਾਹਿਤਕ ਨੁਮਾਇੰਦਗੀ ਦਾ ਨਿਰੰਤਰ ਵਹਾਅ ਲੋੜੀਂਦਾ ਹੈ। ਹਰ ਦੌਰ ਦੀ ਲੋੜ

***ਪਿਛਲੇ ਕੁਝ ਸਮੇਂ ਦੌਰਾਨ ਪਾਠਕ ਸਿੱਖ ਵਿਚਾਰਵਾਨ ਪ੍ਰਭਸ਼ਰਨਦੀਪ ਸਿੰਘ (ਆਕਸਫੋਰਡ ਯੂਨੀਵਰਸਿਟੀ) ਦੇ ਕੁਝ ਲੇਖ ਪੜ੍ਹ ਚੁਕੇ ਹਨ। ਉਨ੍ਹਾਂ ਨੇ ਆਪਣੀ ਇਸ ਲਿਖਤ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਉਘੇ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਦੇ ਹਵਾਲੇ ਨਾਲ ਸਿੱਖ ਚੇਤਨਾ ਵਿਚ ਆਏ ਉਭਾਰ ਦੀ ਚਰਚਾ ਛੇੜੀ ਹੈ। ਉਹ ਕਹਿੰਦੇ ਹਨ, ਸਿੱਖਾਂ ਨੇ ਕੁਝ ਵਿਦਵਾਨ ਤਾਂ ਪੈਦਾ ਕੀਤੇ ਹਨ ਪਰ ਅਜੇ ਸਿੱਖਾਂ ਅੰਦਰ ਕੋਈ ਸਾਬਤ ਬੌਧਿਕ ਸਭਿਆਚਾਰ ਪੈਦਾ ਨਹੀਂ ਹੋ ਸਕਿਆ ਹੈ। ਇਸ ਕਾਰਜ ਲਈ ਉਨ੍ਹਾਂ ਨੌਜਵਾਨਾਂ ਨੂੰ ਉਦਮ ਕਰਨ ਦਾ ਹੋਕਾ ਦਿੱਤਾ ਹੈ। -ਸੰਪਾਦਕ***

ਹੈ ਕਿ ਨਵੇਂ ਕਵੀ ਪੈਦਾ ਹੋਣ ਜੋ ਭਾਸ਼ਾ ਦੇ ਪੁਰਾਣੇ ਰੰਗਾਂ ਵਿਚ ਵਸਦੇ ਜਹਾਨ ਨਾਲ ਲੋਕਾਂ ਦੀ ਸਾਂਝ ਪੁਆਉਂਦੇ ਰਹਿਣ। ਪੁਰਾਣੇ ਜਹਾਨ ਦਾ ਆਬਾਦ ਹੋਣਾ ਹੀ ਨਵੇਂ ਹਮਲਿਆਂ ਦਾ ਸਹੀ ਜੁਆਬ ਹੈ। ਨਵੇਂ ਹਮਲੇ ਮੂਲ ਰੂਪ 'ਚ ਬਿਰਤਾਂਤਕ ਹਨ। ਦੂਜੇ ਸ਼ਬਦਾਂ 'ਚ ਸਾਮਰਾਜੀ ਆਪਣੇ ਫਲਸਫੇ ਸਥਾਪਤ ਕਰ ਸਾਡੀ ਜ਼ਿੰਦਗੀ ਦੇ ਅਰਥ ਬਦਲਦੇ ਹਨ।

ਬਾਹਰੀ ਤਾਕਤਾਂ ਦੇ ਸ਼ੁਰੂ ਕੀਤੇ ਬਿਰਤਾਂਤਕ ਅਮਲ ਐਨੇ ਕੁ ਪ੍ਰਭਾਵਕਾਰੀ ਸਨ ਕਿ ਅੱਜ ਇਹ ਅੰਦਰੂਨੀ ਮਸਲੇ ਵੀ ਬਣ ਗਏ ਹਨ। ਮਿਸਾਲ ਵਜੋਂ ਆਧੁਨਿਕਵਾਦੀ ਬਿਰਤਾਂਤ ਪਹਿਲਾਂ ਅੰਗਰੇਜ਼ੀ ਤੇ ਫਿਰ ਹਿੰਦੂ ਸਾਮਰਾਜ ਦਾ ਹਥਿਆਰ ਸੀ ਪਰ ਜਦੋਂ ਇਹ ਸਿੱਖਾਂ ਦੇ ਅੰਦਰ ਘਰ ਕਰ ਗਿਆ ਤਾਂ ਸੁਧਾਰਵਾਦ ਦੇ ਨਾਂ ਹੇਠ ਸਿੱਖਾਂ ਦੇ ਇੱਕ ਹਿੱਸੇ ਨੇ ਇਸ ਨੂੰ ਵਰਤ ਸਭ ਕੁਝ ਬਰਬਾਦ ਕਰਨ ਦਾ ਰਾਹ ਫੜ ਲਿਆ। ਅੱਜ ਅਖੌਤੀ ਸਿੱਖ ਮਿਸ਼ਨਰੀ ਆਧੁਨਿਕਵਾਦੀ ਬਿਰਤਾਂਤ ਰਾਹੀਂ ਖੁਦ ਹੀ ਸਿੱਖ ਪਰੰਪਰਾਵਾਂ 'ਤੇ ਹਮਲੇ ਕਰ ਰਹੇ ਹਨ। ਕਵਿਤਾ ਅਜਿਹੀ ਸਤਹੀ ਮਾਨਸਿਕਤਾ ਦਾ ਬਰਾਬਰ ਅਹਿਸਾਸ ਦੇ ਉਚੇਰੇ ਰੂਪ ਦੀ ਨੁਮਾਇੰਦਗੀ ਸਾਹਮਣੇ ਲਿਆਉਂਦੀ ਹੈ। ਮਹਿਬੂਬ ਸਾਹਿਬ ਦੀ ਕਵਿਤਾ ਇਸ ਦੀ ਗਵਾਹੀ ਹੈ।

ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਅਤੇ ਮਹਾਂਕਵੀ ਹਰਿੰਦਰ ਸਿੰਘ ਮਹਿਬੂਬ ਵਿਚ ਇਹ ਗੱਲ ਸਾਂਝੀ ਸੀ ਕਿ ਉਹ ਸਿੱਖ ਰੂਹਾਨੀਅਤ ਨੂੰ ਪੰਥ ਦੇ ਹਰ ਅਹਿਸਾਸ, ਹਰ ਕਦਮ ਵਿਚ ਆਬਾਦ ਹੋਈ ਵੇਖਣਾ ਚਾਹੁੰਦੇ ਸਨ। ਪਰ ਦੋਹਾਂ ਨੇ ਇਹ ਕਦੇ ਨਹੀਂ ਕਿਹਾ ਕਿ ਇਸ ਦਾ ਸਿੱਖਾਂ ਦੇ ਸਿਆਸੀ ਸਰੋਕਾਰਾਂ ਜਾਂ ਸਿੱਖਾਂ ਦੀਆਂ ਸਿਆਸੀ ਖਾਹਿਸ਼ਾਂ ਨਾਲ ਕੋਈ ਵਿਰੋਧ ਹੈ। ਦੋਵੇਂ ਸਿੱਖ ਪ੍ਰਭੂਸੱਤਾ ਦੇ ਪੱਕੇ ਹਾਮੀ ਸਨ। ਭਾਵੇਂ ਕਿ ਸੰਤਾਂ ਨੇ ਇਹ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਨਾਲ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਪਰ ਉਨ੍ਹਾਂ ਨੇ ਸਿੱਖ ਪ੍ਰਭੂਸੱਤਾ ਦਾ ਅਹਿਸਾਸ ਪਹਿਲੇ ਦਿਨ ਤੋਂ ਹੀ ਸੁਰਜੀਤ ਕਰਨਾ ਸ਼ੁਰੂ ਕਰ

***ਸਿੱਖਾਂ ਖਿਲਾਫ ਭਾਰਤੀ ਸੱਭਿਆਚਾਰਕ ਜੰਗ ਸੰਸਾਰੀਕਰਨ ਤੋਂ ਪਹਿਲਾਂ ਦੀ ਚੱਲ ਰਹੀ ਹੈ। ਇਹ ਬਹੁਤ ਵੱਡੇ ਪੱਧਰ ਦੇ ਸਰਕਾਰੀ ਮੇਲਿਆਂ ਨਾਲ ਸ਼ੁਰੂ ਹੋਈ ਜਿਸ ਨੇ ਗਾਇਕੀ ਦੇ ਕਾਰੋਬਾਰ ਰਾਹੀਂ ਹੋਰ ਪੈਰ ਪਸਾਰੇ। ਸਿੱਖਾਂ ਦੇ ਜਿਹੜੇ ਅਹਿਸਾਸ ਭਾਰਤੀ ਹਕੂਮਤ ਟੈਂਕਾਂ ਹੇਠ ਨਪੀੜ ਕੇ ਖਤਮ ਨਹੀਂ ਕਰ ਸਕੀ, ਉਨ੍ਹਾਂ ਨੂੰ ਬੇਸੁਰੀ ਗਾਇਕੀ ਵਿਚਲੀ ਸਸਤੀ ਤੁਕਬੰਦੀ ਨੇ ਵੱਡੀ ਠੇਸ ਪੁਚਾਈ। ਸੱਭਿਆਚਾਰ ਦੀ ਉਸਾਰੀ ਵਿਚ ਹੋਰ ਗੱਲਾਂ ਦੇ ਨਾਲ-ਨਾਲ ਚੰਗੇ ਸੰਗੀਤ ਤੇ ਉਤਮ ਫਿਲਮਸਾਜ਼ੀ ਦੀ ਵੱਡੀ ਭੂਮਿਕਾ ਬਣਦੀ ਹੈ। ਸੰਗੀਤ ਅਤੇ ਫਿਲਮਸਾਜ਼ੀ ਲਈ ਚੰਗਾ ਸਾਹਿਤ, ਕਵਿਤਾ ਅਤੇ ਗਲਪ ਲੋੜੀਂਦਾ ਹੈ। ਸਾਹਿਤ ਦਾ ਬੌਧਿਕਤਾ ਨਾਲ ਡੂੰਘਾ ਨਾਤਾ ਹੈ।***

ਦਿੱਤਾ ਸੀ। ਸੰਤਾਂ ਨੇ ਸਿੱਖ ਪ੍ਰਭੂਸੱਤਾ ਦੀ ਅਣਸਰਦੀ ਲੋੜ ਨੂੰ ਸਿੱਖ ਮਨਾਂ ਵਿਚ ਸਥਾਪਤ ਕਰਨ ਵਿਚ ਵੱਡਾ ਹਿੱਸਾ ਪਾਇਆ। ਖਾਲਿਸਤਾਨ ਦੀ ਨੀਂਹ ਟਿਕਣ ਦਾ ਐਲਾਨ ਸੰਤਾਂ ਨੇ ਕਰ ਦਿੱਤਾ ਸੀ ਪਰ ਸੰਤਾਂ ਦੀ ਸਿੱਖਾਂ ਦੇ ਆਜ਼ਾਦ ਪ੍ਰਭੂਸੱਤਾ ਸੰਪੰਨ ਮੁਲਕ ਦੇ ਅਹਿਸਾਸ ਅਤੇ ਲਕਸ਼ ਨੂੰ ਦੇਣ ਇਸ ਤੋਂ ਕਿਤੇ ਵੱਡੀ ਹੈ।


ਸੰਤਾਂ ਦੀ ਦੇਣ ਵੀ ਬਹੁਤ ਵੱਡੀ ਹੈ, ਮਹਿਬੂਬ ਸਾਹਿਬ ਦਾ ਕੰਮ ਵੀ ਲਾਮਿਸਾਲ ਹੈ, ਪਰ ਸੁਆਲ ਤਾਂ ਇਹ ਹੈ ਕਿ ਅੱਜ ਸਿੱਖ ਕੀ ਕਰਨ? ਸੰਤਾਂ ਅਤੇ ਮਹਿਬੂਬ ਸਾਹਿਬ ਦੀ ਦੇਣ ਦੇ ਮੱਦੇ-ਨਜ਼ਰ ਹੁਣ ਕਿਹੋ-ਜਿਹੇ ਕਦਮ ਚੁੱਕੇ ਜਾਣ? ਇਸ ਦਾ ਸਿੱਧਾ ਜੁਆਬ ਹੋ ਸਕਦਾ ਹੈ ਕਿ ਸਿੱਖਾਂ ਦਾ ਕਿਸੇ ਇੱਕ ਅੱਧੇ ਕੰਮ ਨਾਲ ਗੁਜ਼ਾਰਾ ਨਹੀਂ। ਸਿੱਖਾਂ ਨੂੰ ਜ਼ਿੰਦਗੀ ਦੇ ਕੁੱਲ ਪਹਿਲੂਆਂ ਨੂੰ ਮੁਨਾਸਬ ਤਵੱਜੋਂ ਦੇਣੀ ਚਾਹੀਦੀ ਹੈ ਤੇ ਹਰ ਦਿਸ਼ਾ ਵਿਚ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਇਨ੍ਹਾਂ ਵਿਚੋਂ ਕੁਝ ਅਹਿਮ ਪਹਿਲੂ ਹਨ ਬੌਧਿਕ, ਸਾਹਿਤਕ, ਸੱਭਿਆਚਾਰਕ, ਅਤੇ ਸਿਆਸੀ, ਪਰ ਇਹ ਜੁਆਬ ਪੂਰਾ ਠੋਸ ਨਹੀਂ।

ਸਾਨੂੰ ਉਪਰੋਕਤ ਹਰ ਪਹਿਲੂ ਬਾਰੇ ਬਹੁਤ ਸਪੱਸ਼ਟ ਪਹੁੰਚ ਅਪਨਾਉਣ ਦੀ ਲੋੜ ਹੈ। ਪਰ ਇਸ ਸਪੱਸ਼ਟਤਾ ਦਾ ਇਸ ਦਿਸ਼ਾ ਵਿਚ ਵਿਚਾਰ-ਵਟਾਂਦਰੇ ਦੇ ਜਾਰੀ ਰਹਿਣ ਨਾਲ ਕੋਈ ਮੱਤਭੇਦ ਨਹੀਂ। ਕਹਿਣ ਤੋਂ ਭਾਵ ਇਨ੍ਹਾਂ ਪਹਿਲੂਆਂ ਬਾਰੇ ਹੋਰ ਵਿਅਕਤੀਆਂ ਦੇ ਵਿਚਾਰ, ਜੋ ਭਾਵੇਂ ਸਾਡੇ ਤੋਂ ਬਿਲਕੁਲ ਵੱਖਰੇ ਨਜ਼ਰੀਏ ਦੀ ਨੁਮਾਇੰਦਗੀ ਕਰਦੇ ਹੋਣ, ਸਾਨੂੰ ਜ਼ਿਆਦਾ ਉਸਾਰੂ ਸੇਧ ਦੇ ਸਕਦੇ ਹਨ। ਅਸੀਂ ਅਜਿਹੇ ਵਿਚਾਰਾਂ ਦਾ ਸੁਆਗਤ ਸਿਰਫ ਚੰਗੀ ਸੰਭਾਵਨਾ ਵਜੋਂ ਨਹੀਂ ਕਰਦੇ ਸਗੋਂ ਇਸ ਨੂੰ ਅਣਸਰਦੀ ਲੋੜ ਸਮਝਦੇ ਹਾਂ।

ਬੌਧਿਕ ਖੇਤਰ ਵਿਚ ਸਿੱਖ ਸਰੋਤਾਂ, ਹਿੰਦੂ ਬੌਧਿਕ ਪਰੰਪਰਾਵਾਂ, ਅਤੇ ਪੱਛਮੀ ਫਲਸਫੇ 'ਤੇ ਪਕੜ ਰੱਖਣ ਵਾਲੇ ਨੌਜੁਆਨ ਵਿਦਵਾਨਾਂ ਦਾ ਅੱਗੇ ਆਉਣਾ ਜ਼ਰੂਰੀ ਹੈ। ਅਜਿਹਾ ਨਹੀਂ ਹੁੰਦਾ ਕਿ ਹਰ ਵਿਦਵਾਨ ਉਪਰੋਕਤ ਸਾਰੀਆਂ ਬੌਧਿਕ ਪਰੰਪਰਾਵਾਂ ਦਾ ਮਾਹਿਰ ਹੋਵੇ ਪਰ ਤਾਂ ਵੀ ਇਨ੍ਹਾਂ ਪਰੰਪਰਾਵਾਂ ਦੀ ਇੱਕ ਪੱਧਰ ਦੀ ਸਮਝ ਹੋਵੇ ਤਾਂ ਵਧੀਆ ਗੱਲ ਹੈ। ਸਿੱਖਾਂ ਨੇ ਕੁਝ ਕੁ ਚੰਗੇ ਵਿਦਵਾਨ ਤਾਂ ਪੈਦਾ ਕੀਤੇ ਹਨ ਪਰ ਅਜੇ ਸਿੱਖਾਂ ਵਿਚ ਕੋਈ ਸਾਬਤ ਬੌਧਿਕ ਸੱਭਿਆਚਾਰ ਪੈਦਾ ਨਹੀਂ ਹੋ ਸਕਿਆ। ਬਹੁਗਿਣਤੀ ਸਿੱਖ ਨੌਜੁਆਨਾਂ ਨੂੰ ਆਪਣਾ ਅਧਿਐਨ ਅਤੇ ਚਿੰਤਨ ਕਾਫੀ ਮੁੱਢਲੇ ਪੱਧਰ ਤੋਂ ਸ਼ੁਰੂ ਕਰਨ ਦੀ ਲੋੜ ਹੈ।

ਸਾਹਿਤਕ ਖੇਤਰ ਦਾ ਬੌਧਿਕ ਕੰਮ ਨਾਲ ਡੂੰਘਾ ਨਾਤਾ ਹੈ। ਉਚੇਰੇ ਸਾਹਿਤ ਦੀ ਬੌਧਿਕਤਾ 'ਤੇ ਨਿਰਭਰਤਾ ਘੱਟ ਹੁੰਦੀ ਹੈ, ਕਈ ਵਾਰ ਇਹ ਉਸ ਤੋਂ ਪਾਰ ਲੰਘ ਜਾਂਦਾ ਹੈ, ਪਰ ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ। ਬਹੁਤਾ ਸਾਹਿਤ ਬੌਧਿਕਤਾ ਤੋਂ ਖੁਰਾਕ ਲੈਂਦਾ ਹੈ ਤੇ ਕੋਈ ਵੀ ਸਾਹਿਤ ਬੌਧਿਕ ਕੰਮਾਂ ਤੋਂ ਅਣਭਿੱਜ ਨਹੀਂ ਹੁੰਦਾ। ਸਾਹਿਤ ਸਿਰਜਣਾ ਲਈ ਭਾਸ਼ਾ 'ਤੇ ਮੁਹਾਰਤ ਪਹਿਲੀ ਲੋੜ ਹੈ। ਅਹਿਸਾਸ ਦੀਆਂ ਮਹੀਨ ਪਰਤਾਂ 'ਚੋਂ ਨਵੀਆਂ ਰਮਜ਼ਾਂ ਲੱਭਣ ਲਈ ਕੋਈ ਆਪਣਾ ਸਾਬਤ ਅਨੁਭਵ ਵੀ ਹੋਣਾ ਚਾਹੀਦਾ ਹੈ। ਸਿੱਖੀ ਦੇ ਅਨੁਭਵ ਨੂੰ ਰੂਹਾਨੀ ਕਹਿਣਾ ਕੋਈ ਗਲਤ ਗੱਲ ਨਹੀਂ ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਿੱਖੀ ਸੂਖਮ ਅਤੇ ਸਥੂਲ 'ਚੋਂ ਇੱਕੋ ਵੇਲੇ ਵਾਹਿਗੁਰੂ ਦੇ ਰੰਗ ਪਛਾਨਣ ਦਾ ਰਾਹ ਵਿਖਾਉਂਦੀ ਹੈ। ਸੂਖਮ ਅਹਿਸਾਸ ਨੂੰ ਮਾਣਦੇ ਸਿੱਖ ਸਥੂਲ ਜਗਤ ਪ੍ਰਤੀ ਜ਼ਿੰਮੇਵਾਰੀਆਂ ਤੋਂ ਕੰਨੀ ਨਹੀਂ ਕਤਰਾਉਂਦੇ। ਬਹੁਤੇ ਰੂਹਾਨੀ ਰਾਹਾਂ ਕੋਲ ਅਜਿਹਾ ਸੰਤੁਲਨ ਨਹੀਂ ਹੈ, ਇਸ ਲਈ ਇਸ ਨੂੰ ਰੂਹਾਨੀ ਅਨੁਭਵ ਕਹਿਣ ਨਾਲੋਂ ਸਿੱਖੀ ਦਾ ਅਨੁਭਵ ਕਹਿਣਾ ਬਿਹਤਰ ਹੈ। ਸਿੱਖ ਸਾਹਿਤਕਾਰਾਂ ਨੂੰ ਸਿੱਖੀ ਦੇ ਅਨੁਭਵ ਦੇ ਨਾਲ-ਨਾਲ ਜਗਤ-ਸਾਹਿਤ ਦੇ ਅਧਿਐਨ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਅਹਿਸਾਸ ਲਈ ਕੋਈ ਨੁਮਾਇੰਦਗੀ ਦੇ ਕੁੱਲ ਜਤਨਾਂ ਦਾ ਸਾਡੀ ਇਸ ਦੁਨੀਆਂ ਨਾਲ ਸਬੰਧ ਹੈ। ਸਾਡੇ ਸਰੋਕਾਰਾਂ ਨੂੰ ਦੁਨੀਆਂ ਦੇ ਅਨੇਕ ਸਾਹਿਤਕਾਰਾਂ ਨੇ ਜ਼ੁਬਾਨ ਦਿੱਤੀ ਹੈ ਤੇ ਅਸੀਂ ਵੀ ਉਨ੍ਹਾਂ ਦੇ ਸਫਰ ਵਿਚ ਬਣਦਾ ਹਿੱਸਾ ਪਾਉਣਾ ਹੈ। ਪਰ ਇਸ ਦਿਸ਼ਾ ਵਿਚ ਸਾਨੂੰ ਅਜੇ ਕਾਫੀ ਪੈਂਡੇ ਮਾਰਨੇ ਪੈਣੇ ਹਨ। ਅੱਜ ਸਿੱਖ ਨੌਜੁਆਨ ਦੇ ਸਾਹਿਤਕ ਸੂਹਜ-ਸੁਆਦ ਉਚੇਚੇ ਧਿਆਨ ਦੀ ਮੰਗ ਕਰਦੇ ਹਨ।

ਸੱਭਿਆਚਾਰਕ ਖੇਤਰ ਦੀ ਅਜੋਕੇ ਦੌਰ ਵਿਚ ਖਾਸ ਅਹਿਮੀਅਤ ਹੈ। ਇਸ ਦੀ ਵਜ੍ਹਾ ਹੈ ਕਿ ਅੱਜ ਹਕੂਮਤੀ ਧਿਰਾਂ ਨਾ ਸਿਰਫ ਜੰਗ ਦੇ ਸੱਭਿਆਚਾਰਕ ਮੁਹਾਜ਼ ਬਾਰੇ ਚੇਤੰਨ ਹਨ ਸਗੋਂ ਉਨ੍ਹਾਂ ਨੇ ਇਸ ਲਈ ਲੋੜੀਂਦੀ ਤਕਨਾਲੋਜੀ ਵੀ ਤਿਆਰ ਕਰ ਲਈ ਹੈ। ਸੱਭਿਆਚਾਰਕ ਜੰਗ ਦਾ ਸੰਸਾਰੀਕਰਨ ਨਾਲ ਸਿੱਧਾ ਨਾਤਾ ਹੈ ਜਿਸ ਕਰਕੇ ਬਹੁਕੌਮੀ ਕੰਪਨੀਆਂ ਦੀ ਇਸ਼ਤਿਹਾਰਬਾਜ਼ੀ ਰਾਹੀਂ ਬੇਪਨਾਹ ਵਿੱਤੀ ਵਸੀਲੇ ਇਸ ਦੀ ਪਿੱਠ 'ਤੇ ਖੜ੍ਹੇ ਹਨ। ਪਰ ਸਿੱਖਾਂ ਖਿਲਾਫ ਭਾਰਤੀ ਸੱਭਿਆਚਾਰਕ ਜੰਗ ਸੰਸਾਰੀਕਰਨ ਤੋਂ ਪਹਿਲਾਂ ਦੀ ਚੱਲ ਰਹੀ ਹੈ। ਇਹ ਬਹੁਤ ਵੱਡੇ ਪੱਧਰ ਦੇ ਸਰਕਾਰੀ ਮੇਲਿਆਂ ਨਾਲ ਸ਼ੁਰੂ ਹੋਈ ਜਿਸ ਨੇ ਗਾਇਕੀ ਦੇ ਕਾਰੋਬਾਰ



*ਹਰਿੰਦਰ ਸਿੰਘ ਮਹਿਬੂਬ*

ਰਾਹੀਂ ਹੋਰ ਪੈਰ ਪਸਾਰੇ। ਸਿੱਖਾਂ ਦੇ ਜਿਹੜੇ ਅਹਿਸਾਸ ਭਾਰਤੀ ਹਕੂਮਤ ਟੈਂਕਾਂ ਹੇਠ ਨਪੀੜ ਕੇ ਖਤਮ ਨਹੀਂ ਕਰ ਸਕੀ, ਉਨ੍ਹਾਂ ਨੂੰ ਬੇਸੁਰੀ ਗਾਇਕੀ ਵਿਚਲੀ ਸਸਤੀ ਤੁਕਬੰਦੀ ਨੇ ਵੱਡੀ ਠੇਸ ਪੁਚਾਈ। ਸੱਭਿਆਚਾਰ ਦੀ ਉਸਾਰੀ ਵਿਚ ਹੋਰ ਗੱਲਾਂ ਦੇ ਨਾਲ-ਨਾਲ ਚੰਗੇ ਸੰਗੀਤ ਤੇ ਉਤਮ ਫਿਲਮਸਾਜ਼ੀ ਦੀ ਵੱਡੀ ਭੂਮਿਕਾ ਬਣਦੀ ਹੈ। ਸੰਗੀਤ ਅਤੇ ਫਿਲਮਸਾਜ਼ੀ ਲਈ ਚੰਗਾ ਸਾਹਿਤ, ਕਵਿਤਾ ਅਤੇ ਗਲਪ ਲੋੜੀਂਦਾ ਹੈ। ਸਾਹਿਤ ਦਾ ਬੌਧਿਕਤਾ ਨਾਲ ਡੂੰਘਾ ਨਾਤਾ ਹੈ।

ਜ਼ਿੰਦਗੀ ਦਾ ਅਗਲਾ ਅਹਿਮ ਖੇਤਰ ਹੈ ਸਿਆਸਤ। ਬਾਕੀ ਖੇਤਰਾਂ ਵਾਂਗ ਸਿਆਸਤ ਬਾਰੇ ਵੀ ਇਹ ਸਪੱਸ਼ਟ ਹੈ ਕਿ ਇਸ ਵਿਚ ਖਲਾਅ ਕਦੇ ਨਹੀਂ ਚਿਤਵਿਆ ਜਾ ਸਕਦਾ; ਜੇ ਇੱਕ ਧਿਰ ਸਿਆਸੀ ਪਿੜ ਵਿਚੋਂ ਗੈਰ-ਹਾਜ਼ਰ ਰਹਿੰਦੀ ਹੈ ਤਾਂ ਦੂਜੀ ਨੇ ਉਸ ਦੀ ਥਾਂ ਲੈਣੀ ਹੈ; ਇੱਕ ਧਿਰ ਚੋਣਾਂ ਦਾ ਬਾਈਕਾਟ ਕਰੇਗੀ ਤਾਂ ਦੂਜੀ ਧਿਰ ਸਰਕਾਰ ਬਣਾ ਆਪਣੀ ਮਨਮਰਜ਼ੀ ਨਾਲ ਹਕੂਮਤ ਚਲਾਵੇਗੀ। ਇਸ ਲਈ ਸਾਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਿਆਸਤ ਜੇ ਕੱਚੀ-ਪਿੱਲੀ ਨਮੋਸ਼ੀਜਨਕ ਖੇਡ ਹੈ ਤਾਂ ਇਹ ਖੇਡਣੀ ਪੈਣੀ ਹੈ, ਜੇ ਇਹ ਜ਼ਹਿਰ ਹੈ ਤਾਂ ਇਹ ਪੀਣੀ ਪੈਣੀ ਹੈ। ਅਸੀਂ ਇਹ ਬਿਲਕੁਲ ਨਹੀਂ ਸੋਚਦੇ ਕਿ ਸਿੱਖ ਸਿਆਸੀ ਸਰਗਰਮੀ ਚੋਣਾਂ ਤੱਕ ਸੀਮਤ ਰਹਿਣੀ ਚਾਹੀਦੀ ਹੈ। ਇਸ ਵਿਚ ਕੋਈ ਮਾੜੀ ਗੱਲ ਨਹੀਂ ਜੇ ਸਿੱਖਾਂ ਦੀਆਂ ਕੁਝ ਧਿਰਾਂ ਚੋਣਤੰਤਰ ਤੋਂ ਪਾਰ ਦੀ ਨਿਸ਼ਕਾਮ ਸਿਆਸਤ ਕਰਨ। ਪਰ ਇਨ੍ਹਾਂ ਧਿਰਾਂ ਨੂੰ ਚੋਣਾਂ ਦੇ ਅਮਲ ਵਿਚ ਸ਼ਾਮਲ ਹੋਣ ਵਾਲੀਆਂ ਧਿਰਾਂ ਦੇ ਵਿਰੋਧ ਵਿਚ ਖੜ੍ਹਨ ਦੀ ਵੀ ਕੋਈ ਲੋੜ ਨਹੀਂ। ਬਦਕਿਸਮਤੀ ਨੂੰ ਅੱਜ ਪੰਜਾਬ ਵਿਚ ਚੋਣਾਂ ਦੇ ਅਮਲ 'ਚੋਂ ਬਾਹਰ ਹੋਣ ਦਾ ਅਰਥ ਹੈ ਸਿਆਸੀ ਪਿੜ 'ਚੋਂ ਬਾਹਰ ਹੋਣਾ। ਇਸ ਤਲਖ ਹਕੀਕਤ ਤੋਂ ਅੱਖਾਂ ਮੀਟਣੀਆਂ ਕਿਸੇ ਮਸਲੇ ਦਾ ਹੱਲ ਨਹੀਂ। ਸਿੱਖਾਂ ਨੂੰ ਇੱਕੋ ਵੇਲੇ ਬਹੁਪਰਤੀ ਸਿਆਸੀ ਸਰਗਰਮੀ ਸ਼ੁਰੂ ਕਰਨੀ ਚਾਹੀਦੀ ਹੈ। ਬਾਹਰੋਂ ਵਿਰੋਧੀ ਜਾਪਦੇ ਵੱਖੋ-ਵੱਖਰੇ ਸਿਆਸੀ ਅਮਲ ਕਿਸੇ ਸੁਚੱਜੇ ਅੰਦਰੂਨੀ ਤਾਲਮੇਲ ਵਿਚ ਗੁੰਦੇ ਹੋਣੇ ਚਾਹੀਦੇ ਹਨ।

ਅਜਿਹੇ ਪੱਧਰ ਦੀ ਸਿਆਸਤ ਲਈ ਸਿੱਖ ਹਲਕਿਆਂ ਨੂੰ ਆਪਣੇ ਅੰਦਰ ਜਮਹੂਰੀ ਸੱਭਿਆਚਾਰ ਉਸਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਬੇਬਾਕ ਵਿਸ਼ਲੇਸ਼ਣ ਅਤੇ ਸਖਤ ਆਲੋਚਨਾ ਕਿਸੇ ਵੀ ਬੌਧਿਕ ਜਾਂ ਸਿਆਸੀ ਅਮਲ ਦੀ ਬੁਨਿਆਦੀ ਲੋੜ ਹਨ। ਸਿੱਖ ਜਥੇਬੰਦੀਆਂ ਦਾ ਬੁੱਕਲ 'ਚ ਗੁੜ ਭੰਨਣ ਵਾਲਾ ਤਜਰਬਾ ਕਾਮਯਾਬ ਨਹੀਂ ਹੋਇਆ। ਅਸੀਂ ਪਹਿਲਾਂ ਹੀ ਕਈ ਦਹਾਕੇ ਇਸ ਪਹੁੰਚ ਤਹਿਤ ਖਰਾਬ ਕਰ ਚੁੱਕੇ ਹਾਂ। ਦੁਨੀਆਂ ਦੇ ਸਮੂਹ ਕਾਮਯਾਬ ਮੁਲਕਾਂ ਨੇ ਵਿਚਾਰਾਂ ਦੀ ਆਜ਼ਾਦੀ ਨੂੰ ਅਣਸਰਦੀ ਲੋੜ ਮੰਨ ਕੇ ਇਸ ਨੂੰ ਕਾਨੂੰਨੀ ਅਤੇ ਸੱਭਿਆਚਾਰਕ ਪ੍ਰਵਾਨਗੀ ਦਿੱਤੀ ਹੈ। ਸਿੱਖ ਆਗੂਆਂ ਅਤੇ ਸਿੱਖਾਂ ਦੇ ਮਸਲਿਆਂ 'ਤੇ ਲਿਖਣ ਵਾਲੇ ਵਿਦਵਾਨਾਂ ਆਦਿ ਦੀ ਜੁਆਬਦੇਹੀ ਜ਼ਰੂਰੀ ਹੈ। ਵਿਚਾਰ ਅਧੀਨ ਮੁੱਦਿਆਂ 'ਤੇ ਆਪਣਾ ਪੱਖ ਰੱਖਣਾ ਹਰ ਕਿਸੇ ਦਾ ਹੱਕ ਹੈ ਪਰ ਸੁਆਲ ਕਰਨ ਵਾਲੇ ਦਾ ਹੋਛੇ ਹਥਕੰਡਿਆਂ ਨਾਲ ਮੂੰਹ ਬੰਦ ਕਰਨਾ ਕਿਸੇ ਮਸਲੇ ਦਾ ਹੱਲ ਨਹੀਂ।

ਮੈਂ ਮੁੜ ਕਹਿਣਾ ਚਾਹਾਂਗਾ ਕਿ ਸਿੱਖਾਂ ਦੀ ਅਜੋਕੀ ਸਿਆਸੀ ਖੜੋਤ ਦੀ ਜੜ੍ਹ ਉਨ੍ਹਾਂ ਅੰਦਰਲੀ ਬੌਧਿਕ, ਸਾਹਿਤਕ, ਅਤੇ ਸੱਭਿਆਚਾਰਕ ਖੜੋਤ ਵਿਚ ਪਈ ਹੈ। ਮੈਂ ਧਰਮ ਦਾ ਜ਼ਿਕਰ ਜਾਣ-ਬੁੱਝ ਕੇ ਨਹੀਂ ਕੀਤਾ ਕਿਉਂਕਿ ਇੱਕ ਤਾਂ ਧਰਮ ਉਪਰੋਕਤ ਸਭ ਅਮਲਾਂ ਅਤੇ ਸਿਆਸੀ ਸਰਗਰਮੀ ਤੋਂ ਵੱਖਰਾ ਨਹੀਂ, ਦੂਜਾ, ਧਰਮ ਨਾਲ ਹੋਰ ਬਹੁਤ ਸਾਰੇ ਪਹਿਲੂ ਜੁੜੇ ਹੋਏ ਹਨ ਜਿਸ ਕਰਕੇ ਉਸ ਬਾਰੇ ਵੱਖਰੇ ਤੌਰ 'ਤੇ, ਵਿਸਥਾਰ ਸਹਿਤ ਵਿਚਾਰ ਕਰਨ ਦੀ ਲੋੜ ਹੈ। ਇਸ ਲਈ ਸਿੱਖਾਂ ਨੂੰ ਉਪਰੋਕਤ ਸਭ ਖੇਤਰਾਂ ਵਿਚ ਬਹੁਪਰਤੀ ਸਰਗਰਮੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ। ਇਨ੍ਹਾਂ ਸਰਗਰਮੀਆਂ ਲਈ ਸ਼ਖਸੀ ਅਤੇ ਸਮੂਹਕ-ਦੋਹਾਂ ਪੱਧਰਾਂ 'ਤੇ ਜਤਨ ਹੋਣੇ ਚਾਹੀਦੇ ਹਨ। ਸੰਸਥਾਵਾਂ ਹਮੇਸ਼ਾ ਬਣਨੀਆਂ ਚਾਹੀਦੀਆਂ ਹਨ ਪਰ ਲਗਾਤਾਰ ਤਬਾਹੀ ਵੱਲ ਨੂੰ ਧੱਕੇ ਜਾ ਰਹੇ ਸਿੱਖਾਂ ਦੀ ਹੋਣੀ ਨਾਲ ਸਰੋਕਾਰ ਰੱਖਣ ਵਾਲਿਆਂ ਕੋਲ ਸੰਸਥਾਵਾਂ ਖੜ੍ਹੀਆਂ ਹੋਣ ਦੀ ਉਡੀਕ ਕਰਨ ਦਾ ਸਮਾਂ ਨਹੀਂ ਹੈ। ਕਈ ਵਾਰ ਸ਼ਖਸੀ ਜਤਨ ਸੰਸਥਾਵਾਂ ਨੂੰ ਮਾਤ ਦੇ ਜਾਂਦੇ ਹਨ। ਸਿੱਖਾਂ ਦੇ ਬਹੁਤੇ ਵਿਦਵਾਨ ਅਤੇ ਸਾਹਿਤਕਾਰ ਨਿੱਜੀ ਉਦਮ ਕਰਕੇ ਹੀ ਸੰਸਥਾਵਾਂ ਤੋਂ ਵੱਧ ਕੰਮ ਕਰ ਗਏ। ਪੰਜਾਬ ਵਿਚ ਕਮਿਊਨਿਸਟਾਂ ਦੇ ਬਹੁਤੇ ਵਿਦਵਾਨ ਅਤੇ ਸਾਹਿਤਕਾਰ ਸਾਹਿਤ ਸਭਾਵਾਂ, ਸਿਆਸੀ ਪਾਰਟੀਆਂ ਅਤੇ ਯੂਨੀਵਰਸਿਟੀਆਂ ਵਰਗੀਆਂ ਸੰਸਥਾਵਾਂ ਦੀ ਪੈਦਾਇਸ਼ ਹਨ ਅਤੇ ਲਗਭਗ ਸਾਰੇ ਹੀ ਨਿਕੰਮੇ ਹਨ। ਇਸ ਲਈ ਸਿੱਖ ਨੌਜੁਆਨਾਂ ਨੂੰ ਆਪਣੇ ਤੌਰ 'ਤੇ ਇਹ ਚੁਣੌਤੀ ਸਵੀਕਾਰ ਕਰਨੀ ਚਾਹੀਦੀ ਹੈ ਤੇ ਆਪੋ-ਆਪਣੀ ਦਿਲਚਸਪੀ ਵਾਲੇ ਖੇਤਰਾਂ ਵਿਚ ਗੁਰੂ ਦੇ ਓਟ ਆਸਰੇ ਨਾਲ ਨਿੱਜੀ ਤੌਰ 'ਤੇ ਕੰਮ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ।

ਅਖੀਰ ਵਿਚ ਇਸ ਗੱਲ ਬਾਰੇ ਸਪੱਸ਼ਟ ਹੋ ਜਾਈਏ ਕਿ ਗੁਰੂ ਸਾਹਿਬਾਨ ਦੇ ਬਖਸ਼ੇ ਸਿੱਖ ਸੱਭਿਆਚਾਰ ਦੀ ਸੁਰਜੀਤੀ ਹਮੇਸ਼ਾ ਸਾਡੀ ਬੁਨਿਆਦੀ ਲੋੜ ਹੈ। ਅਸੀਂ ਇਸ ਪੱਖ ਨੂੰ ਤਵੱਜੋਂ ਦੇਣੀ ਹੈ ਪਰ ਮੌਜੂਦਾ ਸਿਆਸੀ ਹਕੀਕਤਾਂ ਅੱਗੇ ਗੋਡੇ ਟੇਕ ਕੇ ਨਹੀਂ, ਆਪਣੀਆਂ ਸਿਆਸੀ ਜ਼ਿੰਮੇਵਾਰੀਆਂ ਤੋਂ ਪਿੱਠ ਮੋੜ ਕੇ ਨਹੀਂ। ਹਾਂ, ਇਹ ਜ਼ਰੂਰ ਹੈ ਕਿ ਸਾਡੀ ਬੌਧਿਕ, ਸਾਹਿਤਕ, ਸੱਭਿਆਚਾਰਕ, ਅਤੇ ਸਿਆਸੀ ਸਰਗਰਮੀ ਸੇਵਾ ਦਾ ਰੂਪ ਹੋਵੇ ਜੋ ਕਿ ਸਿੱਖ ਲਈ ਰੂਹਾਨੀ ਕਰਮ ਹੈ। ਸਾਡੀਆਂ ਸਮੂਹ ਸਰਗਰਮੀਆਂ ਸਾਡੇ ਅੰਦਰਲੇ ਸਿੱਖੀ ਦੇ ਸਫਰ 'ਤੇ ਰੌਸ਼ਨੀ ਲੈਣ ਅਤੇ ਉਸ ਵਿਚ ਹੋਰ ਸ਼ਿੱਦਤ ਭਰਨ।

ਸੰਘਰਸ਼ਾਂ ਤੋਂ ਪਿੱਠ ਮੋੜ ਕੇ ਚੰਗੇ ਚਰਿੱਤਰ ਨਹੀਂ ਉਸਾਰੇ ਜਾਂਦੇ। ਚੰਗੇ ਚਰਿੱਤਰ ਜਾਂ ਸੱਭਿਆਚਾਰ ਦੀ ਘਾੜਤ ਤਾਂ ਔਖੇ ਤੋਂ ਔਖੇ ਹਾਲਾਤ ਨਾਲ ਸਿੱਧਾ ਮੱਥਾ ਲਾਉਣ ਨਾਲ ਹੁੰਦੀ ਹੈ। ਜਬਰ ਦਾ ਵਿਰੋਧ ਤੇ ਪ੍ਰਭੂਸੱਤਾ ਸੰਪੰਨ ਸੁਰਤਿ ਦਾ ਪ੍ਰਗਟਾਵਾ ਬੰਦੇ ਦੀ ਅੰਦਰਲੀ ਅਵਸਥਾ ਹੈ ਜੋ ਬੌਧਿਕ, ਸਾਹਿਤਕ, ਸਿਆਸੀ ਜਾਂ ਜੰਗ ਦੇ ਮੈਦਾਨ, ਕਿਸੇ ਵੀ ਮਾਧਿਅਮ ਰਾਹੀਂ ਪ੍ਰਗਟਾਵਾ ਹਾਸਲ ਕਰ ਸਕਦੀ ਹੈ। ਅੰਦਰਲੀ ਪ੍ਰਭੂਸੱਤਾ ਧਰਤੀ 'ਤੇ ਵਿਦਮਾਨ ਹੋਣੀ ਚਾਹੀਦੀ ਹੈ। ਬਾਰ ਪਰਾਏ ਬੈਸਣਾ ਨਮੋਸ਼ੀਜਨਕ ਹੈ, ਪਰ ਆਪਣੇ ਘਰ 'ਚ ਹੀ ਬਿਗਾਨੇ ਹੋ ਜਾਣਾ ਹੋਰ ਵੀ ਬਦਕਿਸਮਤੀ ਵਾਲੀ ਗੱਲ ਹੈ। ਮਹਿਬੂਬ ਸਾਹਿਬ ਲਿਖਦੇ ਹਨ:

ਆਪਣੇ ਦਰ ਨੂੰ ਬਾਰ ਬਿਗਾਨਾ,
ਮੰਨ ਜਦੋਂ ਕੋਈ ਜੀਵੇ।
ਬਦਨਸੀਬ ਅੱਥਰੂ ਪਰਦੇਸੀ
ਹੌਲ ਚਰਖ ਦਾ ਪੀਵੇ।

*(ਝਨਾਂ ਦੀ ਰਾਤ, ਪੰਨਾ 613)*

ਪ੍ਰਕਾਸ਼ ਪੁਰਬ 'ਤੇ

# ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਦੇਣ

ਪ੍ਰੋਫੈਸਰ ਬਸੰਤ ਸਿੰਘ ਬਰਾੜ
ਫੋਨ: 91-98149-41214
Email: singhbasant82@yahoo.in

ਵਿਸ਼ਵ ਦੇ ਸਾਰੇ ਧਰਮਾਂ ਦੇ ਸੰਸਥਾਪਕਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਅਤੇ ਦੇਣ ਨਿਵੇਕਲੀ ਹੈ, ਲਾਸਾਨੀ ਹੈ। ਕਿਧਰੇ ਕੋਈ ਅਜਿਹੀ ਧਾਰਮਿਕ, ਅਧਿਆਤਮਕ, ਸਮਾਜਕ, ਰਾਜਨੀਤਕ, ਮਾਨਵਵਾਦੀ ਅਤੇ ਪਰਿਵਾਰਕ ਖੇਤਰਾਂ ਵਿਚ ਨਾਲ ਨਾਲ ਵਿਚਰਨ ਵਾਲੀ ਹਸਤੀ ਨਹੀਂ ਮਿਲਦੀ, ਜਿਸ ਨੇ ਆਪਣੇ ਬ੍ਰਹਮ-ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿਚ ਸੰਗੀਤਮਈ ਕਵਿਤਾ ਦੇ ਰਾਹੀਂ ਦੂਰ ਦੂਰ ਜਾ ਕੇ ਸਮਝਾਇਆ ਹੋਵੇ। ਅਫਸੋਸ, ਉਨ੍ਹਾਂ ਨੂੰ ਸਿਰਫ ਸਿੱਖ ਧਰਮ ਤੱਕ ਸੀਮਿਤ ਕਰ ਕੇ ਬਾਕੀ ਵਿਸ਼ਵ ਉਨ੍ਹਾਂ ਦੀਆਂ ਲਾਸਾਨੀ ਰਚਨਾਵਾਂ ਤੋਂ ਲਗਭਗ ਅਣਜਾਣ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਰਾਬਿੰਦਰਨਾਥ ਟੈਗੋਰ ਅਤੇ ਅਲਾਮਾ ਇਕਬਾਲ ਵਰਗੇ ਕੁਝ ਮਹਾਨ ਗੈਰ ਸਿੱਖਾਂ ਨੇ ਹੀ ਪੂਰੀ ਤਰ੍ਹਾਂ ਸਮਝਿਆ ਹੈ ਅਤੇ ਪ੍ਰਸ਼ੰਸਾ ਕੀਤੀ ਹੈ। ਟੈਗੋਰ ਪਰਿਵਾਰ ਹਰ ਸਾਲ ਕੁਝ ਦਿਨਾਂ ਲਈ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਆਉਂਦਾ ਸੀ ਅਤੇ ਉਨ੍ਹਾਂ ਨੇ ਗੁਰਬਾਣੀ ਵਿਚੋਂ ਚਾਰ ਸ਼ਬਦਾਂ ਨੂੰ ਬ੍ਰਹਮੋ ਸਮਾਜ ਦੇ ਨਿਤਨੇਮ ਵਿਚ ਸ਼ਾਮਿਲ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਨਿਵੇਕਲੀ ਆਰਤੀ "ਗਗਨ ਮੈ ਥਾਲ..." ਨੂੰ ਉਹ ਸੰਸਾਰ ਦੇ ਸਰਵਸ੍ਰੇਸ਼ਟ ਕਾਵਿ ਵਿਚੋਂ ਇਕ ਗਿਣਦੇ ਸਨ। ਇਸੇ ਤਰ੍ਹਾਂ ਸਰ ਮੁਹੰਮਦ ਇਕਬਾਲ ਨੇ ਲਿਖਿਆ ਹੈ, "ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਖ੍ਵਾਬ ਸੇ।"

ਬਾਬਰਵਾਣੀ ਵਿਚ ਜ਼ੁਲਮ ਅਤੇ ਹਿੰਸਾ ਦੇ ਵਿਰੁੱਧ ਦਲੇਰੀ ਨਾਲ ਬੋਲਣ ਅਤੇ ਲੜਨ ਦੀ ਗੁਰੂ ਜੀ ਦੀ ਲਲਕਾਰ ਅਦੁੱਤੀ ਹੈ। ਇਸ ਵਿਚ ਤਿੰਨ ਸ਼ਬਦ ਰਾਗ ਆਸਾ ਵਿਚ ਹਨ: "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ", "ਜਿਨ ਸਿਰ ਸੋਹਨ ਪਟੀਆਂ ਮਾਂਗੀ ਪਏ ਸੰਧੂਰ", "ਕਹਾਂ ਸੋ ਖੇਲ ਤਬੇਲਾ ਘੋੜੇ" ਅਤੇ "ਜੈਸੀ ਮੈਂ ਆਵੈ ਖਸਮ ਕੀ ਬਾਣੀ" ਰਾਗ ਤਿਲੰਗ ਵਿਚ ਹੈ। ਗੁਰੂ ਜੀ ਨੇ ਬੇਖੌਫ ਹੋ ਕੇ ਬਾਬਰ ਦੀ ਫੌਜ ਨੂੰ "ਪਾਪ ਕੀ ਜੰਞ" ਕਿਹਾ ਅਤੇ ਸਖਤ ਭਾਸ਼ਾ ਵਿਚ "ਰਾਜੇ ਸੀਂਹ ਮੁਕਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ" ਕਹਿਣ ਤੋਂ ਗੁਰੇਜ਼ ਨਹੀਂ ਕੀਤਾ। ਉਹ ਰੱਬ ਨੂੰ ਵੀ ਉਲ੍ਹਾਮਾ ਦੇਣ ਤੋਂ ਨਹੀਂ ਝਿਜਕੇ, "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ।" ਸੱਚ, ਇਨਸਾਫ ਅਤੇ ਮਨੁੱਖੀ ਸਮਾਨਤਾ ਲਈ ਲੜਨ ਅਤੇ ਬਲੀਦਾਨ ਦੇਣ ਲਈ ਉਨ੍ਹਾਂ ਨੇ ਸਭ ਨੂੰ ਚੁਣੌਤੀ ਦਿੱਤੀ:

"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਦਿਵਾਉਣ ਵਿਚ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਅਤੁੱਲ ਅਤੇ ਅਭੁੱਲ ਹੈ। ਜਿਸ ਵੇਲੇ ਭਾਰਤ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ, ਉਨ੍ਹਾਂ ਨੇ ਗੱਜ ਕੇ ਕਿਹਾ, "ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ॥" 'ਰਾਜਾਨ' ਤੋਂ ਉਨ੍ਹਾਂ ਦਾ ਭਾਵ ਰਾਜੇ ਮਹਾਰਾਜੇ ਨਹੀਂ ਬਲਕਿ ਉਚ ਕੋਟੀ ਦੇ ਇਨਸਾਨ ਸੀ। ਭਾਰਤੀ ਸਮਾਜ ਵਿਚ ਖੁੱਲ੍ਹ ਕੇ ਜੀਣ ਅਤੇ ਵਿਕਾਸ ਕਰਨ ਦੇ ਜਿੰਨੇ ਮੌਕੇ ਗੁਰੂ ਸਾਹਿਬ ਦੀਆਂ ਸ਼ਿਸ਼ (ਸਿੱਖ) ਔਰਤਾਂ ਨੂੰ ਹਨ, ਉਨੇ ਸ਼ਾਇਦ ਹੀ ਕਿਸੇ ਹੋਰ ਸਮਾਜ ਵਿਚ ਹੋਣ। ਇਹ ਸਭ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੀ ਲਹਿਰ ਸਦਕਾ ਹੀ ਹੈ।

ਗੁਰੂ ਨਾਨਕ ਦੇਵ ਜੀ ਵਲੋਂ ਆਪਣੀ ਬਾਣੀ ਰਚਣ ਲਈ ਵਰਤੀ ਗਈ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਬਾਰੇ ਕੁਝ ਗਲਤ ਧਾਰਨਾਵਾਂ ਫੈਲੀਆਂ ਹੋਈਆਂ ਹਨ। ਪਹਿਲੀ ਇਹ ਕਿ ਪੰਜਾਬੀ ਭਾਸ਼ਾ ਗੁਰੂ ਨਾਨਕ ਦੇਵ ਜੀ ਸਮੇਂ ਅਰੰਭ ਹੋਈ, ਜੋ ਸਰਾਸਰ ਗਲਤ ਹੈ ਕਿਉਂਕਿ ਬਾਬਾ ਫਰੀਦ ਦੀ ਬਾਣੀ ਠੇਠ ਪੰਜਾਬੀ ਵਿਚ ਹੈ ਅਤੇ ਉਹ ਗੁਰੂ ਸਾਹਿਬ ਤੋਂ ਪਹਿਲਾਂ ਹੋਏ ਹਨ। ਦੂਜੀ ਧਾਰਨਾ ਗੁਰਮੁਖੀ ਲਿਪੀ ਬਾਰੇ ਹੈ ਕਿ ਇਹ ਗੁਰੂ ਅੰਗਦ ਦੇਵ ਜੀ ਨੇ ਵਿਕਸਿਤ ਕੀਤੀ। ਦਰਅਸਲ ਇਹ ਲਿਪੀ ਗੁਰੂ ਨਾਨਕ ਦੇਵ ਜੀ ਤੋਂ ਵੀ ਪਹਿਲਾਂ ਦੀ ਹੈ। ਗੁਰੂ ਜੀ ਨੇ 'ਪੱਟੀ ਲਿਖੀ' ਵਿਚ ਸਾਰੇ ਪੈਂਤੀ ਅੱਖਰਾਂ ਨਾਲ ਸ਼ਬਦ ਲਿਖੇ ਹਨ। ਸਿਰਫ ਤਰਤੀਬ ਥੋੜੀ ਵੱਖਰੀ ਹੈ। ਸ, ੲ, ਅਤੇ ੳ ਅਰੰਭ ਵਿਚ ਹਨ। ਹ ਅਤੇ ਞ ਅੰਤ ਵਿਚ ਹਨ। ਦੋ ਅੱਖਰ ਜੋ ਅਲੋਪ ਹੋ ਚੱਲੇ ਹਨ, ਵੀ ਇਸ ਵਿਚ ਸ਼ਾਮਿਲ ਹਨ। ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਪੈਂਤੀ ਅੱਖਰਾਂ ਨੂੰ ਨਵੀਂ ਤਰਤੀਬ ਦਿੱਤੀ ਸੀ। ਲਗਾਂ ਮਾਤਰਾਂ ਦਾ ਵਿਕਾਸ ਕੁਝ ਬਾਅਦ ਵਿਚ ਹੋਇਆ।

ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਫਲਸਫੇ, ਪਰਮਾਤਮਾ ਦੀ ਕੁਦਰਤ ਵਿਚ ਹੋਂਦ, ਸੱਚਾ-ਸੁੱਚਾ ਜੀਵਨ ਜੀਣ, ਵੰਡ ਕੇ ਛਕਣ, ਗਊ ਗਰੀਬ ਦੀ ਰੱਖਿਆ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਅਨੇਕ ਹੋਰ ਪਹਿਲੂਆਂ ਬਾਰੇ ਸਾਰੇ ਲੋਕ ਜਾਣਦੇ ਹਨ, ਪ੍ਰੰਤੂ ਉਨ੍ਹਾਂ ਦੀ ਵਿਗਿਆਨਕ ਸੋਚ ਬਾਰੇ ਹੋਰ ਚਾਨਣ ਪਾਉਣ ਦੀ ਲੋੜ ਹੈ। ਬ੍ਰਹਮ- ਗਿਆਨ ਦੀ ਸ਼ਕਤੀ, ਜਿਸ ਨੂੰ ਮਨੋ ਵਿਗਿਆਨੀ ਪੇਸ਼ੀਨਗੋਈ (Clairvoyance) ਕਹਿੰਦੇ ਹਨ, ਨਾਲ ਗੁਰੂ ਜੀ ਨੂੰ ਸਾਰੀ ਸ੍ਰਿਸ਼ਟੀ ਬਾਰੇ ਹੈਰਾਨੀਜਨਕ ਪੱਧਰ ਦਾ ਗਿਆਨ ਸੀ। ਗੁਰੂ ਸਾਹਿਬ ਨੇ ਕਿਹਾ ਕਿ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ "ਅਰਬਦ ਨਰਬਦ ਧੁੰਧੂਕਾਰਾ" ਸੀ (ਅਰਬਾਂ, ਖਰਬਾਂ ਸਾਲ ਪਹਿਲੇ ਬ੍ਰਹਿਮੰਡ ਸਿਰਫ ਧੁੰਦ ਦਾ ਗੁਬਾਰ ਸੀ)। ਗੁਰੂ ਸਾਹਿਬ ਨੇ ਅੱਗੇ ਕਿਹਾ, "ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰਿਆਉ॥" (ਇਕ ਬੋਲ ਨਾਲ ਲੱਖਾਂ ਦਰਿਆਵਾਂ ਦੀ ਉਤਪਤੀ ਹੋ ਗਈ)। ਜਿਸ ਨੂੰ ਸਟੀਫਨ ਹਾਕਿੰਗ (1942-2018) ਵਰਗੇ ਵਿਗਿਆਨੀ Big Bang Theory ਕਹਿੰਦੇ ਹਨ, ਉਸ ਨੂੰ ਗੁਰੂ ਸਾਹਿਬ ਨੇ 'ਏਕੋ ਕਵਾਉ' ਕਿਹਾ ਹੈ। ਫਿਰ "ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥ ਜਲ ਤੇ ਤ੍ਰਿਭਵਣ ਸਾਜਿਆ ਘਟੇ ਘਟ ਜੋਤ ਸਮੋਇ॥" ਇਹ ਵਿਸ਼ਲੇਸ਼ਣ ਡਾਰਵਿਨ ਦੇ ਫਲਸਫੇ ਨਾਲ ਮੇਲ ਖਾਂਦਾ ਹੈ। ਜਦੋਂ ਇਹ ਮੰਨਿਆਂ ਜਾਂਦਾ ਸੀ ਕਿ ਧਰਤੀ ਇਕ ਬੈਲ ਨੇ ਚੁੱਕੀ ਹੋਈ ਹੈ ਤਾਂ ਗੁਰੂ ਸਾਹਿਬ ਨੇ ਕਿਹਾ: "ਧਰਤੀ ਹੋਰ ਪਰੈ ਹੋਰੁ ਹੋਰੁ॥ ਤਿਸ ਤੇ ਭਾਰ ਤਲੈ ਕਵਣੁ ਜੋਰੁ॥" ਆਧੁਨਿਕ ਵਿਗਿਆਨ ਮੰਨਦਾ ਹੈ ਕਿ ਸਿਰਫ ਇਕ ਅਕਾਸ਼-ਗੰਗਾ (Galaxy) ਵਿਚ ਹੀ ਕਰੋੜਾਂ ਸੂਰਜ ਹਨ, ਪਰ ਗੁਰੂ ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਸੀ: "ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ।"

ਕੁਝ ਅਖਾਉਤੀ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਸਕ੍ਰਿਤ, ਫਾਰਸੀ, ਅਰਬੀ ਵਗੈਰਾ ਦੇ ਗਿਆਨ ਬਾਰੇ ਸ਼ੰਕੇ ਪੈਦਾ ਕੀਤੇ ਹਨ। ਇਸ ਦਾ ਕਾਰਨ ਸਿਰਫ ਇਹ ਹੈ ਕਿ ਗੁਰੂ ਜੀ ਨੇ ਸਵਾਰਥੀ ਹਿਤਾਂ ਵਾਲੇ ਤੱਤਾਂ ਦੀ ਲੁੱਟ-ਘਸੁੱਟ ਤੋਂ ਆਮ ਆਦਮੀ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਬਾਣੀ ਹਰ ਕਿਸੇ ਦੇ ਸਮਝ ਵਿਚ ਆਉਣ ਵਾਲੀ ਭਾਸ਼ਾ ਵਿਚ ਰਚੀ। ਉਨ੍ਹਾਂ ਨੇ ਸਾਧਾਰਣ ਜੀਵਨ ਦੀ ਬੋਲ-ਚਾਲ ਵਾਲੀ ਭਾਸ਼ਾ ਵਰਤ ਕੇ ਆਤਮਾ, ਪਰਮਾਤਮਾ ਅਤੇ ਜੀਵਨ ਜਾਚ ਦੇ ਰਹੱਸ ਜਨ ਸਾਧਾਰਣ ਤੱਕ ਪਹੁੰਚਾਏ। ਇਸ ਆਮ ਭਾਸ਼ਾ ਅਤੇ ਨਿਤ-ਪ੍ਰਤੀ ਦੇ ਜੀਵਨ ਵਿਚੋਂ ਉਨ੍ਹਾਂ ਨੇ ਅਜਿਹੇ ਬਿੰਬ ਵਰਤੇ ਜਿਸ ਨਾਲ ਪੰਜਾਬੀ ਕਵਿਤਾ ਵਿਚ ਗਜ਼ਬ ਦੀ ਸੰਖੇਪਤਾ, ਸਪਸ਼ਟਤਾ ਅਤੇ ਉਚਾਈ ਆਈ। ਹਲ, ਸੁਹਾਗਾ, ਅਰਹਟ, ਖਲਾ ਆਦਿ ਉਨ੍ਹਾਂ ਨੇ ਉਚ ਕੋਟੀ ਦੇ ਬਿੰਬ ਬਣਾਏ। ਇਕ ਸ਼ਬਦ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਸਾਇਰ (ਸ਼ਾਇਰ) ਕਿਹਾ ਹੈ ਅਤੇ ਜੇ ਉਨ੍ਹਾਂ ਦਾ ਇਕ ਕਵੀ ਦੇ ਤੌਰ 'ਤੇ ਹੀ ਮੁਲੰਕਣ ਕੀਤਾ ਜਾਵੇ ਤਾਂ ਉਹ ਦੁਨੀਆਂ ਦੇ ਮਹਾਨ ਕਵੀ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਸ ਤੱਥ ਦੇ ਪ੍ਰਤੱਖ ਪ੍ਰਮਾਣ ਹਨ ਕਿ ਉਹ ਸੰਸਕ੍ਰਿਤ, ਫਾਰਸੀ ਅਤੇ ਅਰਬੀ ਵਿਚ ਨਿਪੁੰਨ ਸਨ। ਉਨ੍ਹਾਂ ਨੇ ਸ੍ਰਿਸ਼ਟੀ ਦੇ ਸਾਜਣ ਬਾਰੇ ਮਨੁੱਖੀ ਅਗਿਆਨਤਾ ਪ੍ਰਗਟ ਕਰਦਿਆਂ ਲਿਖਿਆ ਹੈ,


ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ॥
ਵਖਤ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰ ਨ ਜੋਗੀ ਜਾਣੈ
ਰੁਤਿ ਮਾਹੁ ਨ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ॥

ਇਸ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੇ ਸਾਰੇ ਹਿੰਦੂ ਗ੍ਰੰਥ ਵੀ ਪੜ੍ਹੇ ਹੋਏ ਸਨ ਅਤੇ ਕੁਰਾਨ ਸ਼ਰੀਫ ਵੀ। ਉਸ ਵੇਲੇ ਹਿੰਦੂ ਗ੍ਰੰਥ ਕੇਵਲ ਸੰਸਕ੍ਰਿਤ ਵਿਚ ਸਨ, ਅਤੇ ਕੁਰਾਨ ਸ਼ਰੀਫ ਅਰਬੀ ਭਾਸ਼ਾ ਵਿਚ ਹੈ। ਫਾਰਸੀ ਵਿਚ ਗੁਰੂ ਜੀ ਨੇ ਚਾਰ ਸ਼ਲੋਕ ਲਿਖੇ ਹਨ: "ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲਦਾਨੀ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥1॥ ਰਹਾਉ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥2॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ॥3॥ ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ॥4॥ (ਪੰਨਾ 690)

ਗੁਰੂ ਨਾਨਕ ਦੇਵ ਜੀ ਬਹੁਤ ਸੁਰੀਲੇ ਗਲੇ ਦੇ ਵੀ ਧਨੀ ਸਨ। ਜਪੁ ਜੀ ਸਾਹਿਬ ਤੋਂ ਬਿਨਾ ਉਨ੍ਹਾਂ ਦੀ ਸਾਰੀ ਬਾਣੀ ਵੱਖ ਵੱਖ ਰਾਗਾਂ ਵਿਚ ਹੈ। ਰਾਗਾਂ ਦੇ ਸੰਪੂਰਨ ਗਿਆਨ ਤੋਂ ਬਿਨਾ ਇਹ ਰਚੀ ਨਹੀਂ ਸੀ ਜਾ ਸਕਦੀ। ਉਦਾਸੀਆਂ ਸਮੇਂ ਗੁਰੂ ਜੀ ਨਾਲ ਬਾਲਾ ਅਤੇ ਮਰਦਾਨਾ ਹੁੰਦੇ ਸਨ। ਬਾਲਾ ਮੁਖ ਤੌਰ 'ਤੇ ਸ਼ਰਧਾਲੂ ਅਤੇ ਸੇਵਕ ਸੀ। ਮਰਦਾਨਾ ਰਬਾਬ ਵਜਾਉਂਦਾ ਸੀ, ਜਿਸ ਦੀ ਸੰਗਤ ਵਿਚ ਰਾਗਾਂ ਵਿਚ ਗਾਉਣਾ ਸੰਭਵ ਹੈ। ਗੁਰੂ ਸਾਹਿਬ ਗਾ ਕੇ ਬਾਣੀ ਉਚਾਰਦੇ ਹੋਣਗੇ। ਜਨਮ ਸਾਖੀਆਂ ਵਿਚ ਵੀ ਆਉਂਦਾ ਹੈ ਕਿ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਕਹਿੰਦੇ ਹੁੰਦੇ ਸਨ: "ਮਰਦਾਨਿਆ, ਰਬਾਬ ਉਠਾ। ਬਾਣੀ ਆਈ ਹੈ।" ਇਕ ਸ਼ਲੋਕ ਵਿਚ ਗੁਰੂ ਸਾਹਿਬ ਨੇ ਕਿਹਾ ਹੈ: "ਨਾਨਕ ਨਾਮ ਪਦਾਰਥ ਦੀਜੈ ਹਿਰਦੈ ਕੰਠ ਬਣਾਈ॥" ਭਾਵ: "ਨਾਨਕ ਨੂੰ ਆਪਣੇ ਨਾਮ ਦੀ ਦੌਲਤ ਪ੍ਰਦਾਨ ਕਰ, ਹੇ ਸੁਆਮੀ। ਉਸ ਨਾਲ ਉਹ ਆਪਣੇ ਦਿਲ ਅਤੇ ਗਲੇ ਨੂੰ ਸ਼ਿੰਗਾਰ ਲਵੇਗਾ।" ਗੁਰੂ ਸਾਹਿਬ ਨੂੰ ਰਾਗਾਂ ਵਿਚ ਬਾਣੀ ਉਚਾਰਦੇ ਹੋਏ ਕਲਪਨਾ ਕਰ ਕੇ ਰੂਹ ਸਰਸ਼ਾਰ ਹੋ ਜਾਂਦੀ ਹੈ।

# ਭਵਿੱਖ ਦੇ ਅਗਲੇ ਇਮਤਿਹਾਨ ਲਈ ਕਿਹੜਾ ਪੱਖ ਸੋਚਣ ਲੋਕ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਆਹ ਹਫਤਾ ਬੀਤ ਜਾਣ ਦੇ ਨਾਲ ਹੀ ਨਰਿੰਦਰ ਮੋਦੀ ਸਰਕਾਰ ਦੇ ਸਹੀ ਮਾਅਨਿਆਂ ਵਿਚ ਸਾਢੇ ਚਾਰ ਸਾਲ ਬੀਤ ਜਾਣੇ ਹਨ। ਇਸ ਸਰਕਾਰ ਲਈ ਬਾਕੀ ਸਿਰਫ ਛੇ ਮਹੀਨੇ ਦਾ ਸਮਾਂ ਰਹਿੰਦਾ ਹੈ ਤੇ ਇਸ ਵਿਚੋਂ ਆਖਰੀ ਦੋ ਮਹੀਨੇ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਵੰਡਵੀਆਂ ਚੋਣ-ਤਰੀਕਾਂ ਨੇ ਖਾ ਲੈਣੇ ਹਨ। ਅਮਲ ਵਿਚ ਸਿਰਫ ਚਾਰ ਮਹੀਨੇ ਬਾਕੀ ਹਨ। ਇਸ ਦੇਸ਼ ਦੇ ਲੋਕਾਂ ਨੇ ਅਗਲਾ ਸਾਲ ਚੜ੍ਹਦੇ ਸਾਰ ਆਪਣਾ ਭਵਿੱਖ ਸਿਰਜਣ ਲਈ ਇੱਕ ਇਮਤਿਹਾਨ ਦੇਣਾ ਹੈ। ਕਿਸੇ ਵੀ ਤਰ੍ਹਾਂ ਦਾ ਇਮਤਿਹਾਨ ਹੋਵੇ, ਉਸ ਦੀ ਅਹਿਮੀਅਤ ਘੱਟ ਨਹੀਂ ਸਮਝਣੀ ਚਾਹੀਦੀ ਤੇ ਜਦੋਂ ਇਮਤਿਹਾਨ ਆਪਣੇ ਨਾਲ ਆਪਣੀ ਅਗਲੀ ਪੀੜ੍ਹੀ ਦੇ ਨਸੀਬੇ ਨੂੰ ਡੋਲਣ ਵਾਲਾ ਹੋਵੇ ਤਾਂ ਇਸ ਗੰਭੀਰਤਾ ਨੂੰ ਹੋਰ ਵੱਧ ਸਮਝਣਾ ਚਾਹੀਦਾ ਹੈ। ਭਾਰਤ ਦੇ ਲੋਕ ਇਸ ਪੱਖੋਂ ਅਵੇਸਲੇ ਹਨ। ਉਹ ਅਜੇ ਤੱਕ ਚੋਣਾਂ ਨੂੰ ਸਿਰਫ ਲੀਡਰ ਦੀ ਚੋਣ ਦਾ ਦਿਨ ਮੰਨ ਰਹੇ ਹਨ। ਆਪਣੇ ਭਵਿੱਖ ਨੂੰ ਡੋਲਣ ਦਾ ਦਿਨ ਉਨ੍ਹਾਂ ਨੇ ਕਦੇ ਮੰਨਿਆ ਨਹੀਂ ਤੇ ਇਸੇ ਕਰ ਕੇ ਯੋਗ ਸਿੱਟੇ ਵੀ ਨਹੀਂ ਨਿਕਲਦੇ ਰਹੇ। ਇਸ ਵਾਰ ਜਦੋਂ ਫਿਰ ਇੱਕ ਮੌਕਾ ਮਿਲਣ ਦੀ ਘੜੀ ਨੇੜੇ ਆਈ ਜਾਂਦੀ ਹੈ ਤਾਂ ਇਸ ਮੁਸ਼ਕਿਲ ਇਮਤਿਹਾਨ ਦੇ ਮੁੱਖ ਮੁੱਦਿਆਂ ਬਾਰੇ ਮੈਂ ਕਿਸੇ ਹੋਰ ਨਾਲ ਨਹੀਂ, ਆਪਣੇ ਮਨ ਨਾਲ ਕੁਝ ਸੋਚਾਂ ਦਾ ਵਟਾਂਦਰਾ ਕਰਨ ਦਾ ਯਤਨ ਕੀਤਾ ਹੈ।

ਜਦੋਂ ਤੋਂ ਦੇਸ਼ ਆਜ਼ਾਦ ਹੋਇਆ, ਸਾਡੇ ਲੋਕ ਵੋਟਾਂ ਨਾਲ ਆਪਣੇ ਪ੍ਰਤੀਨਿਧ ਚੁਣਦੇ ਅਤੇ ਸਰਕਾਰਾਂ ਸਿਰਜਦੇ ਆਏ ਹਨ, ਪਰ ਆਗੂ ਚੁਣਨ ਦਾ ਕੰਮ ਉਨ੍ਹਾਂ ਦੀ ਵੋਟਾਂ ਪਾਉਣ ਵਾਲੀ ਰਵਾਇਤ ਨੂੰ ਕਾਨੂੰਨੀ ਰੂਪ ਮਿਲਣ ਤੋਂ ਪਹਿਲਾਂ ਵੀ ਹੁੰਦਾ ਸੀ। ਲਸ਼ਕਰ ਚੜ੍ਹਿਆ ਕਰਦੇ ਸਨ, ਕਿਸੇ ਕੋਲੋਂ ਵੋਟਾਂ ਨਾਲ ਅਗਵਾਈ ਕਰਨ ਲਈ ਹੱਕ ਨਹੀਂ ਸੀ ਮੰਗਿਆ ਜਾਂਦਾ, ਆਪਣੀਆਂ ਬਾਂਹਾਂ ਦੇ ਜ਼ੋਰ ਨਾਲ ਇਹ ਹੱਕ ਲੈ ਲਿਆ ਜਾਂਦਾ ਸੀ ਤੇ ਜਿਸ ਪਿੱਛੇ ਵੱਧ ਲੋਕ ਮਰਨ ਤੇ ਮਾਰਨ ਲਈ ਤਿਆਰ ਹੁੰਦੇ ਸਨ, ਆਪਣੇ ਭਾਈਚਾਰੇ ਦਾ ਆਗੂ ਉਹ ਮੰਨਿਆ ਜਾਂਦਾ ਸੀ। ਅੱਜ ਲਸ਼ਕਰਾਂ ਦਾ ਜ਼ਮਾਨਾ ਨਹੀਂ, ਫਿਰ ਵੀ ਆਮ ਲੋਕਾਂ ਕੋਲੋਂ ਵੋਟਾਂ ਰਾਹੀਂ ਅਗਵਾਈ ਕਰਨ ਦਾ ਹੱਕ ਲੈਣ ਦੇ ਚਾਹਵਾਨ ਧੜਵੈਲ ਆਪਣੇ ਅਣ-ਐਲਾਨੇ ਲਸ਼ਕਰਾਂ ਨੂੰ ਵੀ ਵਰਤਦੇ ਤੇ ਸਾਮ-ਦਾਮ-ਦੰਡ-ਭੇਦ ਦੇ ਪੁਰਾਣੇ ਫਾਰਮੂਲੇ ਵੀ ਅਜ਼ਮਾਉਂਦੇ ਨਜ਼ਰ ਆਉਂਦੇ ਹਨ।

ਅਸੀਂ ਸਾਰੇ ਲੋਕ ਇਸ ਮਾਹੌਲ ਦੀ ਨਿੰਦਾ ਕਰ ਸਕਦੇ ਹਾਂ, ਇਸ ਨਿੰਦਾ ਦਾ ਇੱਕ ਮਿਥੀ ਹੱਦ ਤੱਕ ਹੱਕ ਵੀ ਸਾਨੂੰ ਅਜੋਕੇ ਪ੍ਰਬੰਧ ਨੇ ਦਿੱਤਾ ਹੈ, ਪਰ ਏਦਾਂ ਦੀ ਨਿੰਦਾ ਜਾਂ ਆਲੋਚਨਾ ਜ਼ਰਾ ਤਿੱਖੀ ਹੋ ਜਾਵੇ ਤਾਂ ਸਿਸਟਮ ਦੀ ਨੁਕਤਾਚੀਨੀ ਕਰਨ ਵਾਲੇ ਨੂੰ ਪਹਿਲਾਂ 'ਸਮਝਾਉਣ' ਦੇ ਯਤਨ ਹੁੰਦੇ ਹਨ, ਫਿਰ ਕੁਝ ਲਾਲੀਪਾਪ ਪਰੋਸੇ ਜਾਂਦੇ ਹਨ ਤੇ ਅੰਤ ਵਿਚ ਮਰਨ-ਮਾਰਨ ਵਾਲੇ ਬੰਦੇ ਭੇਜੇ ਜਾਂਦੇ ਹਨ। ਇਹ ਕੰਮ ਕਿਸੇ ਵੀ ਧਿਰ ਦੇ ਆਗੂ ਕਰ ਸਕਦੇ ਹਨ। ਤਾਕਤ ਨਸੀਬ ਹੋਵੇ ਤਾਂ ਘੱਟ ਕੋਈ ਵੀ ਨਹੀਂ ਕਰਦਾ। ਲੋਕਤੰਤਰ ਵਿਖਾਵੇ ਦੀ ਤਖਤੀ ਬਣ ਕੇ ਰਹਿ ਜਾਂਦਾ ਹੈ ਤੇ ਰਾਜਤੰਤਰ ਤੋਂ ਲੈ ਕੇ ਫਾਸਿਜ਼ਮ ਤੱਕ ਸਭ ਹਰਬੇ ਵਰਤੇ ਜਾ ਸਕਦੇ ਹਨ।

ਸਾਡੇ ਸਾਹਮਣੇ ਜਿਹੋ ਜਿਹੇ ਹਾਲਾਤ ਹਨ, ਉਨ੍ਹਾਂ ਵਿਚ ਜਦੋਂ ਨਵੇਂ ਸਾਲ ਵਿਚ ਫਿਰ ਸਾਡੇ ਅੱਗੇ ਇਮਤਿਹਾਨ ਲਈ ਇੱਕ ਮੌਕਾ ਪੇਸ਼ ਹੋਣਾ ਹੈ, ਲੋਕ ਅਕਸਰ ਇਹ ਪੁੱਛ ਲੈਂਦੇ ਹਨ ਕਿ ਅਗਲੀ ਵਾਰ ਵੋਟ ਕਿੱਧਰ ਪਾਈ ਜਾਵੇ? ਅਸੀਂ ਸਲਾਹਾਂ ਦੇਣ ਵਾਲੇ ਭਾਵੇਂ ਨਹੀਂ, ਪਰ ਅਕਸਰ ਵੇਖਿਆ ਹੈ ਕਿ ਜੋ ਸਲਾਹਾਂ ਦੇਣ ਵਾਲੇ ਨਹੀਂ ਹੁੰਦੇ, ਉਨ੍ਹਾਂ ਕੋਲੋਂ ਵੀ ਲੋਕ ਬਹਾਨੇ ਨਾਲ ਕੁਝ ਨਾ ਕੁਝ ਅਖਵਾਉਣ ਦਾ ਯਤਨ ਕਰਦੇ ਹਨ ਤੇ ਕਈ ਵਾਰੀ ਮੂੰਹੋਂ ਕੁਝ ਨਿਕਲ ਵੀ ਜਾਂਦਾ ਹੈ। ਇਸ ਇਮਤਿਹਾਨ ਦੀ ਘੜੀ ਫਿਰ ਕਈ ਲੋਕ ਪੁੱਛੀ ਜਾਂਦੇ ਹਨ। ਸਵਾਲ ਔਖਾ ਹੈ ਅਤੇ ਜਵਾਬ ਜੇ ਸਹੀ ਦੇਣਾ ਹੈ ਤਾਂ ਸੁਖਾਵਾਂ ਨਹੀਂ। ਇਸ ਦੀ ਚਰਚਾ ਕਰਨ ਲਈ ਸਾਨੂੰ ਪਹਿਲਾਂ ਇਤਿਹਾਸ ਦੇ ਸਫਿਆਂ ਉਤੇ ਝਾਤੀ ਮਾਰਨ ਦੀ ਲੋੜ ਪੈ ਜਾਂਦੀ ਹੈ।

ਇੱਕ ਵਾਰੀ ਇੱਕ ਮੇਲੇ ਵਿਚ ਜੀਵ-ਜੰਤੂਆਂ ਦਾ ਵਪਾਰੀ ਅਠੂਹੇਂ ਵੇਚਣ ਵਾਸਤੇ ਦੁਕਾਨ ਸਜਾਈ ਬੈਠਾ ਸੀ, ਕਿਸੇ ਗਾਹਕ ਨੇ ਪੁੱਛ ਲਿਆ ਕਿ ਇਨ੍ਹਾਂ ਵਿਚੋਂ ਵੱਧ ਜ਼ਹਿਰੀਲਾ ਕਿਹੜਾ ਹੈ? ਵਪਾਰੀ ਦਾ ਜਵਾਬ ਸੀ, ਕਿਸੇ ਇੱਕ ਦੀ ਪੂਛ ਨੂੰ ਹੱਥ ਲਾ ਕੇ ਵੇਖ ਲੈ, ਡੰਗ ਸਾਰਿਆਂ ਦਾ ਚੀਕਾਂ ਕਢਾਉਣ ਵਾਲਾ ਹੁੰਦਾ ਹੈ। ਸਿਆਸੀ ਮੈਦਾਨ ਦੇ ਚੋਣ-ਨਿਸ਼ਾਨ ਵੱਖੋ-ਵੱਖਰੇ ਹੋਣਗੇ, ਜੋ ਧਿਰਾਂ ਇਸ ਵੇਲੇ ਰਾਜ ਲੈਣ ਜਾਂ ਰਾਜ ਬਚਾਉਣ ਦੀ ਜੰਗ ਲੜ ਰਹੀਆਂ ਹਨ, ਰਾਜ ਕਰਨ ਦਾ ਮੌਕਾ ਮਿਲਦੇ ਸਾਰ ਇਨ੍ਹਾਂ ਵਿਚੋਂ ਕਿਸੇ ਨੇ ਵੀ ਪਿਛਲੇ ਸਮੇਂ ਵਿਚ ਘੱਟ ਨਹੀਂ ਗੁਜ਼ਾਰੀ ਅਤੇ ਭਵਿੱਖ ਵਿਚ ਵੀ ਸਾਡੀਆਂ ਚੀਕਾਂ ਕਢਵਾਉਣ ਵਿਚ ਕਿਸੇ ਨੇ ਕਸਰ ਨਹੀਂ ਛੱਡਣੀ।

ਲੋਕਤੰਤਰ, ਜੇ ਸੱਚਮੁਚ ਲੋਕਾਂ ਲਈ ਹੁੰਦਾ ਤਾਂ ਪਿਛਲੇ ਸੱਤਰ ਸਾਲਾਂ ਵਿਚ ਸਾਡੇ ਲੋਕ ਤਰੱਕੀ ਦੀਆਂ ਕਈ ਮੰਜ਼ਿਲਾਂ ਤੈਅ ਕਰ ਗਏ ਹੁੰਦੇ, ਪਰ ਹੋਇਆ ਇਹ ਕਿ ਸਿਆਸੀ ਆਗੂਆਂ ਨੇ ਲੋਕਾਂ ਨੂੰ ਸਬਸਿਡੀਆਂ ਦੀ ਮੰਗ ਕਰਨ ਵਾਲੇ ਮੰਗਤੇ ਬਣਾ ਕੇ ਆਪਣੇ ਆਪ ਨੂੰ ਲੋਕਤੰਤਰ ਵਿਚ ਨਵੀਂ ਕਿਸਮ ਦੇ ਰਾਜੇ ਬਣਾਇਆ ਪਿਆ ਹੈ। ਸ਼ਾਹੀ ਮਹਿਲਾਂ ਦਾ ਸੁਖ ਮਾਨਣ ਅਤੇ ਦੌਲਤਾਂ ਨੂੰ ਹੂੰਝਾ ਫੇਰਨ ਦਾ ਕੰਮ ਕਰ ਕੇ ਆਮ ਲੋਕਾਂ ਨੂੰ ਡੰਗ ਮਾਰਨ ਵਿਚ ਕਿਸੇ ਲੀਡਰ ਨੇ ਵੀ ਉਸ ਵਪਾਰੀ ਦੇ ਵੇਚਣ ਲਈ ਰੱਖੇ ਅਠੂਹਿਆਂ ਵਾਂਗ ਕਦੇ ਕਸਰ ਨਹੀਂ ਛੱਡੀ।

ਜਦੋਂ ਇਹ ਗੱਲ ਤੈਅ ਹੈ ਕਿ ਕੋਈ ਵੀ ਆ ਜਾਵੇ, ਫਰਕ ਨਹੀਂ ਲੱਭਣ ਲੱਗਾ, ਫਿਰ ਇੱਕ ਗੱਲ ਹੋਰ ਸੋਚਣ ਵਾਸਤੇ ਰਹਿ ਜਾਂਦੀ ਹੈ। ਉਹ ਇਹ ਕਿ ਇੱਕ ਲੁੱਟਦਾ ਹੈ, ਮੌਕਾ ਮਿਲੇ ਤਾਂ ਕੁੱਟਦਾ ਵੀ ਹੈ ਤੇ ਦੂਸਰਾ ਕੁੱਟਦਾ ਹੀ ਨਹੀਂ, ਜਾਨ ਲੈਣ ਤੱਕ ਜਾਂਦਾ ਤੇ ਏਦਾਂ ਦਾ ਬਹਾਨਾ ਬਣਾ ਲੈਂਦਾ ਹੈ ਕਿ ਉਸ ਦਾ ਕੀਤਾ ਕਤਲ ਵੀ ਜਾਇਜ਼ ਲੱਗਣ ਲੱਗ ਜਾਵੇ। ਓਦਾਂ ਦੇ ਦੌਰ ਬਾਰੇ ਵੱਖਰੇ ਪੱਖ ਤੋਂ ਸੋਚਣਾ ਪੈਂਦਾ ਹੈ। ਮੈਂ ਦੁਨੀਆਂ ਦੀਆਂ ਕਈ ਜੰਗਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਵਿਚ ਰਾਜਿਆਂ ਵੱਲੋਂ ਰਾਜਾਂ ਦੀਆਂ ਹੱਦਾਂ ਵਧਾਉਣ ਵਾਲੀਆਂ ਟੱਕਰਾਂ ਵੀ ਸ਼ਾਮਲ ਸਨ ਤੇ ਆਪੋ ਆਪਣੇ ਧਰਮ ਦੀ ਚੜ੍ਹਦੀ ਕਲਾ ਲਈ ਲੜੀਆਂ ਜੰਗਾਂ ਦੇ ਕਾਂਡ ਵੀ ਸਨ। ਹਰ ਕਾਂਡ ਦੂਜੇ ਨਾਲੋਂ ਵੱਖਰਾ ਹੋਣ ਦੇ ਬਾਵਜੂਦ ਇੱਕ ਗੱਲ ਸਾਂਝੀ ਲੱਭ ਜਾਂਦੀ ਹੈ।

ਜਦੋਂ ਰਾਜਾਂ ਦੀਆਂ ਹੱਦਾਂ ਵਧਾਉਣ ਲਈ ਜੰਗਾਂ ਹੁੰਦੀਆਂ ਸਨ, ਜੰਗਾਂ ਵਿਚ ਖੂਨ ਜਿੰਨਾ ਵੀ ਵਗ ਜਾਵੇ, ਬਹੁਤਾ ਕਰ ਕੇ ਜੰਗ ਦੀ ਗੱਲ ਜੰਗੀ ਮੈਦਾਨ ਤੱਕ ਸੀਮਤ ਰਹਿੰਦੀ ਜਾਂ ਜੰਗਾਂ ਤੋਂ ਬਾਅਦ ਜੰਗੀ ਮੁਕੱਦਮੇ ਵਿਚ ਮੁੱਖ ਦੋਸ਼ੀਆਂ ਨੂੰ ਫਾਂਸੀ ਤੱਕ ਚਲੀ ਜਾਂਦੀ ਹੈ। ਧਰਮ ਜਾਂ ਨਸਲਵਾਦ ਦਾ ਖੇਤਰ ਇਸ ਤੋਂ ਵੱਖਰੀ ਤਰ੍ਹਾਂ ਦਾ ਹੈ। ਇਸ ਵਿਚ ਜੇਤੂ ਧਿਰ ਦੇ ਲੋਕ ਹਾਰਨ ਵਾਲਿਆਂ ਨੂੰ ਤਸੀਹੇ ਦੇਣ ਦੀ ਵੀ ਓੜਕ ਕਰਨ ਲੱਗਦੇ ਹਨ। ਭਾਰਤੀ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਬਲਦੀ ਦੇਗ ਵਿਚ ਕੋਈ ਬੰਦਾ ਇਸ ਲਈ ਉਬਾਲਿਆ ਗਿਆ ਕਿ ਉਹ ਦੂਸਰੇ ਧਰਮ ਦੀ ਧੌਂਸ ਨਹੀਂ ਸੀ ਮੰਨਦਾ, ਆਰਿਆਂ ਨਾਲ ਇਸੇ ਲਈ ਚੀਰੇ ਗਏ ਤੇ ਜਿਉਂਦੇ ਨਾਬਾਲਗ ਬੱਚੇ ਵੀ ਨੀਂਹ ਵਿਚ ਇਸੇ ਲਈ ਚਿਣੇ ਗਏ ਸਨ ਕਿ ਉਨ੍ਹਾਂ ਨੇ ਕਿਸੇ ਹੋਰ ਧਰਮ ਦੀ ਧੌਂਸ ਨਹੀਂ ਸੀ ਮੰਨੀ। ਕਿਸੇ ਦੇ ਬੰਦ-ਬੰਦ ਕੱਟੇ ਗਏ ਤੇ ਕਿਸੇ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ।

ਇਕੱਲਾ ਧਰਮ ਹੀ ਨਹੀਂ, ਆਪਣੀ ਨਸਲ ਅਤੇ ਆਪਣੀ ਕੌਮ ਨੂੰ ਦੂਸਰੇ ਸਾਰਿਆਂ ਤੋਂ ਵਧੀਆ ਮੰਨਣ ਵਾਲੇ ਵੀ ਇਹੋ ਕਰਦੇ ਹਨ। ਹਿਟਲਰ ਨੇ ਜਰਮਨਾਂ ਨੂੰ ਬਾਕੀ ਸਾਰੇ ਲੋਕਾਂ ਉਤੇ ਰਾਜ ਕਰਨ ਲਈ ਪੈਦਾ ਹੋਏ ਮੰਨ ਕੇ ਜੋ ਜੰਗ ਲਾਈ ਤੇ ਗੈਸ ਚੈਂਬਰਾਂ ਵਿਚ ਦੂਸਰੇ ਲੋਕਾਂ ਨੂੰ ਸੁੱਟ-ਸੁੱਟ ਕੇ ਮਾਰਿਆ ਸੀ, ਉਹ ਵੀ ਧਰਮ ਦੇ ਜਨੂੰਨ ਵਰਗਾ ਪਾਗਲਪਣ ਸੀ। ਦੂਸਰਿਆਂ ਨੂੰ ਛੱਡ ਦਿਓ ਤੇ ਸਾਡੇ ਆਪਣੇ ਦੇਸ਼ ਜਾਂ ਨੇੜਲੇ ਬੀਤੇ ਦੇ ਇਤਿਹਾਸ ਨੂੰ ਵੀ ਛੱਡ ਦਿਓ, ਇਸਾਈ ਧਰਮ ਵਿਚ ਇੱਕ ਮੁਟਿਆਰ ਇਹ ਦੋਸ਼ ਲਾ ਕੇ ਜਿੰਦਾ ਸਾੜ ਕੇ ਮਾਰੀ ਗਈ ਸੀ ਕਿ ਉਹ ਚੁੜੇਲ ਹੈ। ਛੇਵ ਸਦੀ ਮਗਰੋਂ ਇਸਾਈਆਂ ਦੇ ਚਰਚ ਨੇ ਖੁਦ ਹੀ ਮੰਨਿਆ ਸੀ ਕਿ ਜੋਹਨ ਆਫ ਆਰਕ ਨਾਂ ਦੀ ਉਹ ਕੁੜੀ ਚੁੜੇਲ ਨਹੀਂ, ਉਹ ਤਾਂ ਸੰਤਣੀ ਸੀ, ਵਿਚਾਰਕ ਸੀ, ਸਿਰਫ ਮੌਕੇ ਦੇ ਧਾਰਮਕ ਪੁਰਸ਼ਾਂ ਨੂੰ ਉਸ ਦੀ ਭਾਵਨਾ ਦੀ ਸਮਝ ਨਹੀਂ ਸੀ ਪਈ ਤੇ ਇਹ ਕਾਂਡ ਕਰ ਦਿੱਤਾ ਗਿਆ ਸੀ।

ਅੱਜ ਜਦੋਂ ਭਾਰਤ ਦੇ ਲੋਕ ਉਸ ਦੌਰ ਵਿਚ ਦਾਖਲ ਹੋਣ ਜਾ ਰਹੇ ਹਨ, ਜਿੱਥੇ ਉਨ੍ਹਾਂ ਨੇ ਆਪਣੇ ਨਾਲ ਅਗਲੀ ਪੀੜ੍ਹੀ ਦੇ ਬੱਚਿਆਂ ਦਾ ਭਵਿੱਖ ਸੰਵਾਰਨ ਜਾਂ ਵਿਗਾੜਨ ਵਾਸਤੇ ਆਪਣੀ ਵੋਟ, ਜਿਸ ਨੂੰ ਮੱਤ-ਪੱਤਰ ਕਹਿੰਦੇ ਹਨ, ਲਈ ਆਪਣੀ ਮੱਤ ਦੀ ਵਰਤੋਂ ਕਰਨੀ ਹੈ ਤਾਂ ਉਨ੍ਹਾਂ ਨੂੰ ਇਸ ਬਾਰੇ ਸਿਰਾਂ ਨਾਲ ਸੋਚਣ ਦੀ ਲੋੜ ਹੈ। ਮੈਂ ਕਿਸੇ ਪਾਰਟੀ ਜਾਂ ਗੱਠਜੋੜ ਬਾਰੇ ਇਹ ਕਹਿਣ ਵਿਚ ਝਿਜਕ ਨਹੀਂ ਰੱਖਾਂਗਾ ਕਿ ਜੋ ਵੀ ਜਿੱਤ ਗਿਆ, ਮੇਲੇ ਵਿਚ ਆਏ ਉਸ ਵਪਾਰੀ ਦੇ ਅਠੂਹਿਆਂ ਦੀ ਨਸਲ ਸਾਬਤ ਹੋ ਸਕਦਾ ਹੈ, ਇਸ ਲਈ ਜਦੋਂ ਇਸ ਪੱਖੋਂ ਕੋਈ ਫਰਕ ਨਹੀਂ ਪੈਣਾ ਤਾਂ ਇੱਕ ਹੋਰ ਪੱਖ ਸੋਚ ਲਿਆ ਜਾਣਾ ਬਣਦਾ ਹੈ। ਉਹ ਪੱਖ ਸਿਰਫ ਇਹ ਹੈ ਕਿ ਕਿਤੇ ਅਸੀਂ ਅਜਿਹਾ ਰਾਜ ਨਾ ਲੈ ਆਈਏ, ਜੋ ਕੰਨਾਂ ਵਿਚ ਪਿਘਲਿਆ ਸ਼ੀਸ਼ਾ ਪਾਉਣ ਵਾਲਾ ਹੋਵੇ, ਜੋ ਸਿਰਫ ਇੱਕ ਧਰਮ ਦੀ ਉਚਤਾ ਦੇ ਨਾਂ ਹੇਠ ਬਾਕੀਆਂ ਨੂੰ ਰਾਹਾਂ ਵਿਚ ਧੂਹ-ਧੂਹ ਕੇ ਮਾਰ ਦੇਣ ਨੂੰ ਜਾਇਜ਼ ਮੰਨਦਾ ਹੋਵੇ ਤੇ ਜੋ ਆਪਣੇ ਧਰਮ ਵਿਚੋਂ ਵੀ ਕੋਈ ਕਿੰਤੂ ਕਰਨ ਵਾਲਾ ਸਿਰ ਚੁੱਕਦਾ ਦਿਖਾਈ ਦੇਵੇ ਤਾਂ ਉਸ ਨੂੰ ਜੋਹਨ ਆਫ ਆਰਕ ਨਾਂ ਦੀ ਕੁੜੀ ਵਾਂਗ ਜਿੰਦਾ ਸਾੜ ਕੇ ਮਾਰਨ ਤੁਰ ਪਏ। ਇਮਤਿਹਾਨ ਦਾ ਸਮਾਂ ਛੇ ਮਹੀਨੇ ਦੂਰ ਹੈ, ਕਈਆਂ ਨੂੰ ਚੋਖਾ ਦੂਰ ਲੱਗੇਗਾ, ਪਰ ਅਸਲ ਵਿਚ ਇਹ ਬਹੁਤੀ ਦੂਰ ਨਹੀਂ ਰਹਿ ਗਿਆ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਨਵੰਬਰ 2018*

# ਨਿਆਂ, ਨਿਆਂਪਾਲਿਕਾ ਅਤੇ ਸਿਆਸਤ

ਕਹਾਵਤ ਹੈ ਕਿ ਦੇਰੀ ਨਾਲ ਮਿਲਿਆ ਨਿਆਂ ਵੀ ਅਨਿਆਂ ਹੀ ਹੁੰਦਾ ਹੈ। ਮਹੀਪਾਲਪੁਰ (ਦਿੱਲੀ) ਦੇ ਇਕ ਕੇਸ ਵਿਚ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਇਕ ਵਿਅਕਤੀ ਨੂੰ ਫਾਂਸੀ ਅਤੇ ਦੂਜੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਵੀਂ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਇਹ ਪਹਿਲਾ ਕੇਸ ਹੈ ਜਿਸ ਵਿਚ ਕਿਸੇ ਦੋਸ਼ੀ ਨੂੰ ਸਜ਼ਾ ਸੁਣਾਈ ਗਈ ਹੈ। 'ਸਿਟ' ਨੇ ਅਜੇ ਤੱਕ ਪੰਜ ਕੇਸ ਦਰਜ ਕੀਤੇ ਹਨ। ਅਦਾਲਤ ਨੇ ਦੋਸ਼ੀਆਂ ਨੂੰ 35-35 ਲੱਖ ਰੁਪਏ ਜੁਰਮਾਨਾ ਵੀ ਕੀਤਾ, ਜੋ ਪੀੜਤ ਪਰਿਵਾਰਾਂ ਨੂੰ ਦਿੱਤਾ ਜਾਵੇਗਾ। ਦੱਸਣਾ ਬਣਦਾ ਹੈ ਕਿ ਇਹ ਕੇਸ ਢਾਈ ਦਹਾਕੇ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ। ਇਹ ਕੇਸ ਬੰਦ ਕੀਤੇ ਜਾਣ ਤੋਂ ਹੀ ਜਾਹਰ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਦੀ ਇਨ੍ਹਾਂ ਕੇਸਾਂ ਬਾਰੇ ਪਹੁੰਚ ਕੀ ਰਹੀ ਹੋਵੇਗੀ? ਪੁਲਿਸ ਪ੍ਰਸ਼ਾਸਨ ਵਿਚ ਭਾਵੇਂ ਵਿਅਕਤੀਗਤ ਪੱਧਰ ਉਤੇ ਇਨ੍ਹਾਂ ਕੇਸਾਂ ਨੂੰ ਅਗਾਂਹ ਲਿਜਾਣ ਬਾਰੇ ਕੁਝ ਕੁ ਕੋਸ਼ਿਸ਼ਾਂ ਜ਼ਰੂਰ ਹੋਈਆਂ ਪਰ ਸਮੁੱਚੇ ਤੌਰ 'ਤੇ ਇਹੀ ਪਹੁੰਚ ਰਹੀ ਕਿ ਕੇਸਾਂ ਬਾਰੇ ਨਾ ਤਾਂ ਢੰਗ ਨਾਲ ਸਬੂਤ ਹੀ ਇਕੱਠੇ ਕੀਤੇ ਗਏ ਅਤੇ ਨਾ ਹੀ ਗਵਾਹਾਂ ਤੱਕ ਸੰਪਰਕ ਕਰਨ ਦਾ ਯਤਨ ਕੀਤਾ ਗਿਆ। ਉਸ ਵਕਤ ਮਾਹੌਲ ਵੀ ਅਜਿਹਾ ਸੀ ਕਿ ਬਹੁਤ ਘੱਟ ਗਵਾਹ ਸਾਹਮਣੇ ਆਏ ਸਨ। ਇਹੀ ਨਹੀਂ, ਜਿਹੜੇ ਗਵਾਹ ਉਸ ਵਕਤ ਗਵਾਹੀ ਦੇਣ ਲਈ ਅੱਗੇ ਆਏ ਸਨ, ਉਨ੍ਹਾਂ ਉਤੇ ਵੀ ਵੱਖ-ਵੱਖ ਪਾਸਿਆਂ ਤੋਂ ਦਬਾਅ ਬਣਾਇਆ ਗਿਆ ਸੀ। ਸਿੱਟੇ ਵਜੋਂ ਪਹਿਲੇ ਹੀ ਦਿਨ ਤੋਂ ਨਿਆਂ ਦੀ ਗੱਡੀ ਅਨਿਆਂ ਦੀ ਲੀਹੇ ਪੈ ਗਈ। ਉਂਜ, ਜਿਸ ਤਰ੍ਹਾਂ ਪੁਲਿਸ ਪ੍ਰਸ਼ਾਸਨ ਅੰਦਰ ਹਾਅ ਦਾ ਨਾਅਰਾ ਵਾਲੇ ਕੁਝ ਵਿਅਕਤੀ ਸਨ, ਉਸੇ ਤਰ੍ਹਾਂ ਇਨ੍ਹਾਂ ਕੇਸਾਂ ਲਈ ਲੱਕ ਬੰਨ੍ਹ ਕੇ ਅੱਗੇ ਆਉਣ ਵਾਲੇ ਵੀ ਸਾਹਮਣੇ ਆਏ। ਇਨ੍ਹਾਂ ਵਿਚੋਂ ਐਡਵੋਕੇਟ ਐਚ. ਐਸ. ਫੂਲਕਾ ਇਕ ਹਨ। ਉਨ੍ਹਾਂ ਨੇ ਇਹ ਕੇਸ ਮੁਫਤ ਤਾਂ ਲੜੇ ਹੀ, ਪੂਰੀ ਪੈਰਵੀ ਵੀ ਕੀਤੀ। ਅਜਿਹੇ ਲੋਕਾਂ ਦੀ ਪੈਰਵੀ ਸਦਕਾ ਹੀ ਇਸ ਕੇਸ ਵਿਚ ਹੁਣ ਸਜ਼ਾ ਸੁਣਾਈ ਜਾ ਸਕੀ ਹੈ ਅਤੇ ਕੁਝ ਹੋਰ ਕੇਸਾਂ ਬਾਰੇ ਫੈਸਲਾ ਆਉਂਦੇ ਦਿਨਾਂ ਵਿਚ ਆਉਣ ਵਾਲਾ ਹੈ।

ਬਿਨਾ ਸ਼ੱਕ, ਚੁਰਾਸੀ ਵਿਚ ਸਿੱਖਾਂ ਨਾਲ ਜੱਗੋਂ ਤੇਰਵੀਂ ਹੋਈ ਸੀ, ਇਸ ਦੀ ਭਰਪਾਈ ਕਦੀ ਵੀ ਕੀਤੀ ਨਹੀਂ ਜਾ ਸਕਣੀ ਪਰ ਇਨ੍ਹਾਂ ਕੇਸਾਂ ਦਾ ਸਭ ਤੋਂ ਮਾੜਾ ਪੱਖ ਇਹ ਰਿਹਾ ਹੈ ਕਿ ਪ੍ਰਸ਼ਾਸਕੀ ਪੱਧਰ 'ਤੇ ਪੀੜਤਾਂ ਨੂੰ ਨਿਆਂ ਦਿਵਾਉਣ ਵਾਲਾ ਤੱਥ ਗੌਣ ਹੀ ਰਿਹਾ। ਸਾਢੇ ਤਿੰਨ ਦਹਾਕਿਆਂ ਦੌਰਾਨ ਅਦਾਲਤਾਂ ਵਿਚ ਜੋ ਕੇਸ ਅਗਾਂਹ ਤੁਰੇ ਹਨ, ਇਹ ਉਹ ਕੇਸ ਹਨ ਜਿਨ੍ਹਾਂ ਦੀ ਪੈਰਵੀ ਨਿੱਜੀ ਪੱਧਰ ਉਤੇ ਹੀ ਹੋਈ ਹੈ। ਸਿਤਮਜ਼ਰੀਫੀ ਹੁਣ ਇਹ ਹੈ ਕਿ ਅਦਾਲਤ ਦੇ ਇਸ ਫੈਸਲੇ ਦਾ ਸਭ ਤੋਂ ਪਹਿਲਾਂ ਸਵਾਗਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ ਹੈ। ਪੁੱਛਣਾ ਬਣਦਾ ਹੈ ਕਿ ਜਦੋਂ ਜਦੋਂ ਇਹ ਲੀਡਰ ਪੰਜਾਬ ਵਿਚ ਸੱਤਾ ਵਿਚ ਸਨ, ਇਨ੍ਹਾਂ ਨੇ ਪੀੜਤਾਂ ਦੀ ਬਾਂਹ ਫੜਨ ਲਈ ਕੀ ਕੀਤਾ? ਇਨ੍ਹਾਂ ਕੇਸਾਂ ਵਿਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਉਤੇ ਅੱਜ ਕੱਲ੍ਹ ਬਾਦਲਾਂ ਦਾ ਸੰਪੂਰਨ ਕਬਜ਼ਾ ਹੈ, ਦੀ ਕੀ ਭੂਮਿਕਾ ਰਹੀ ਹੈ? ਅਸਲ ਵਿਚ ਇਨ੍ਹਾਂ ਲੀਡਰਾਂ ਨੇ ਅਜਿਹੇ ਕੇਸਾਂ ਬਾਰੇ ਜੋ ਵੀ ਸਰਗਰਮੀ ਕੀਤੀ ਜਾਂ ਬਿਆਨ ਦਾਗੇ, ਉਸ ਦਾ ਕਾਰਨ ਸੌੜੀ ਸਿਆਸਤ ਸੀ। ਤੱਥ ਗਵਾਹ ਹਨ ਕਿ ਜਿਸ ਵੇਲੇ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਸੀ, ਉਦੋਂ ਪੰਜਾਬ ਵਿਚ ਵੀ ਬਾਦਲਾਂ ਦਾ ਰਾਜ ਸੀ। ਉਸ ਵਕਤ ਚੁਰਾਸੀ ਦੇ ਸਿੱਖ ਕਤਲੇਆਮ ਦਾ ਮਸਲਾ ਤਾਂ ਕੀ, ਪੰਜਾਬ ਦਾ ਕੋਈ ਵੀ ਮਸਲਾ ਕੇਂਦਰ ਸਰਕਾਰ ਕੋਲ ਨਹੀਂ ਉਠਾਇਆ ਗਿਆ। ਇਨ੍ਹਾਂ ਧਿਰਾਂ ਦੀ ਇਸੇ ਪਹੁੰਚ ਕਾਰਨ ਸਾਧਾਰਨ ਮਸਲਿਆਂ ਵਿਚ ਵੀ ਪੰਜਾਬੀਆਂ ਅਤੇ ਸਿੱਖਾਂ ਨੂੰ ਪਛਾੜਾਂ ਪੈਂਦੀਆਂ ਰਹੀਆਂ।

ਇਨ੍ਹਾਂ ਪਛਾੜਾਂ ਦੀ ਇਕ ਮਿਸਾਲ ਅੰਮ੍ਰਿਤਸਰ ਨੇੜੇ ਪਿੰਡ ਅਦਲੀਵਾਲ ਵਿਚ ਨਿਰੰਕਾਰੀਆਂ ਦੇ ਸਤਿਸੰਗ ਉਤੇ ਹੋਏ ਹਮਲੇ ਦੀ ਹੈ। ਇਸ ਘਟਨਾ ਤੋਂ ਤੁਰੰਤ ਬਾਅਦ ਪੁਲਿਸ ਤੋਂ ਲੈ ਕੇ ਹਰ ਲੀਡਰ ਨੇ ਆਪੋ-ਆਪਣੇ ਢੰਗ ਨਾਲ ਅਤੇ ਆਪੋ-ਆਪਣੀ ਸਿਆਸਤ ਦੇ ਹਿਸਾਬ ਨਾਲ ਬਿਆਨ ਦਾਗੇ ਹਨ। ਜੱਗ ਜਾਣਦਾ ਹੈ ਕਿ ਬੇਅਦਬੀ ਅਤੇ ਇਸ ਨਾਲ ਜੁੜੇ ਮਾਮਲਿਆਂ ਵਿਚ ਬਾਦਲ ਬੁਰੀ ਤਰ੍ਹਾਂ ਘਿਰੇ ਹੋਏ ਹਨ ਅਤੇ ਪੰਜਾਬ ਸਰਕਾਰ ਇਨ੍ਹਾਂ ਮਾਮਲਿਆਂ ਵਿਚ ਟਾਲ-ਮਟੋਲ ਵਾਲੀ ਨੀਤੀ ਉਤੇ ਚੱਲ ਰਹੀ ਹੈ ਜਿਸ ਦਾ ਫਾਇਦਾ ਬਾਦਲਾਂ ਨੂੰ ਹੀ ਪੁੱਜ ਰਿਹਾ ਹੈ। ਹੁਣ ਜਦੋਂ ਨਿਰੰਕਾਰੀ ਸਤਿਸੰਗ ਉਤੇ ਹਮਲਾ ਹੋਇਆ ਹੈ ਤਾਂ ਇਸ ਤੋਂ ਐਨ ਸਪਸ਼ਟ ਹੈ ਕਿ ਅਸਲ ਮਸਲਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਹੀ ਅਜਿਹਾ ਕੀਤਾ ਕਰਾਇਆ ਜਾਪਦਾ ਹੈ। ਅਤੀਤ ਵਿਚ ਅਜਿਹੀਆਂ ਮਿਸਾਲਾਂ ਨਾਲ ਸਬੰਧਤ ਇਤਿਹਾਸ ਭਰਿਆ ਪਿਆ ਹੈ। ਜਿਸ ਵਕਤ ਬੇਅਦਬੀ ਵਾਲੀਆਂ ਘਟਨਾਵਾਂ ਵਾਪਰਨੀਆਂ ਸ਼ੁਰੂ ਹੋਈਆਂ ਸਨ, ਉਸ ਵਕਤ ਅਕਾਲੀ ਦਲ-ਭਾਜਪਾ ਸਰਕਾਰ ਕਿਸਾਨਾਂ ਦੇ ਅੰਦੋਲਨ ਵਿਚ ਘਿਰੀ ਹੋਈ ਸੀ ਅਤੇ ਬੇਅਦਬੀ ਦੀਆਂ ਘਟਨਾਵਾਂ ਤੋਂ ਕੁਝ ਹੀ ਦਿਨਾਂ ਬਾਅਦ ਸਾਰਾ ਮਾਹੌਲ ਪਲਟ ਗਿਆ ਸੀ। ਹੁਣ ਵੀ ਖਦਸ਼ਾ ਇਹੀ ਹੈ ਕਿ ਕਿਤੇ ਬਾਦਲਾਂ ਅਤੇ ਕਾਂਗਰਸ ਦੀ ਨਾਲਾਇਕੀ ਖਿਲਾਫ ਉਠੀਆਂ ਆਵਾਜ਼ ਨੂੰ ਅਣਸੁਣੀਆਂ ਨਾ ਕਰ ਦਿੱਤਾ ਜਾਵੇ। ਇਸ ਸੂਰਤ ਵਿਚ ਸੰਜੀਦਾ ਸਿਆਸਤ ਦੇ ਚਾਹਵਾਨ ਲੀਡਰਾਂ ਨੂੰ ਆਪੋ-ਆਪਣੀ ਥਾਂ ਕਮਾਨ ਸੰਭਾਲਣੀ ਚਾਹੀਦੀ ਹੈ ਤਾਂ ਕਿ ਅਸਲ ਮਸਲਿਆਂ ਤੋਂ ਜਿਸ ਤਰ੍ਹਾਂ ਧਿਆਨ ਭਟਕਾਉਣ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਸ ਨੂੰ ਨਾਕਾਮ ਕੀਤਾ ਜਾ ਸਕੇ। ਇਹ ਸਮੁੱਚੀ ਸਰਗਰਮੀ ਸਿਲਸਿਲੇਵਾਰ ਕੀਤੀ ਜਾਣੀ ਚਾਹੀਦੀ ਹੈ ਜਿਸ ਤਰ੍ਹਾਂ ਚੁਰਾਸੀ ਦੇ ਕੇਸ ਲੜਨ ਵਾਲਿਆਂ ਨੇ ਕੀਤਾ ਹੈ। ਇਹ ਕੇਸ ਲੜਨ ਨਾਲ ਹਰ ਵਿਰੋਧ ਅਤੇ ਪਛਾੜ ਦੇ ਬਾਵਜੂਦ, ਸਿਰੇ ਚਾੜ੍ਹੇ ਹਨ। ਸਿਆਸਤ ਦੇ ਪਿੜ ਵਿਚ ਵੀ ਹੁਣ ਅਜਿਹੇ ਵਿਅਕਤੀਆਂ ਦੀ ਲੋੜ ਹੈ, ਜੋ ਸੌੜੀ ਸਿਆਸਤ ਦਾ ਡਟ ਕੇ ਮੁਕਾਬਲਾ ਕਰਨ ਅਤੇ ਆਪਣੀ ਲੋਕ ਪੱਖੀ ਸਿਆਸਤ ਨੂੰ ਜ਼ੁਲਮ ਦੇ ਟਾਕਰੇ ਲਈ ਵਰਤਣ। ਅੱਜ ਦੇ ਔਖੇ ਸਮਿਆਂ ਵਿਚ ਇਸ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਬਚਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਚ ਕੇ ਪੰਜਾਬ ਸਿੰਘਾ!*

ਰਾਜਾਸਾਂਸੀ ਵਿਚ ਕਰੀ ਕਰਤੂਤ ਦੇਖੋ, ਊਜਾਂ ਸਿੱਖਾਂ 'ਤੇ ਜਾਲਮਾਂ ਲਾਈਆਂ ਨੇ।
ਛੇੜ ਛੇੜ ਕੇ ਨਵੀਂ ਦਰਿੰਦਗੀ ਦੀ, ਚਾਹੁੰਦੇ ਸੁੱਤੀਆਂ ਕਲਾਂ ਜਗਾਈਆਂ ਨੇ।
ਮੰਦਾ ਹਾਲ ਸਮਾਜ ਦਾ ਫੇਰ ਹੋਊ, ਕਪਟੀ ਚਾਲ ਨਾ ਸਮਝੀ ਜੇ ਭਾਈਆਂ ਨੇ।
ਸੋਸ਼ਲ ਮੀਡੀਏ ਰਾਹੀਂ ਆਵਾਜ਼ ਚੁੱਕੋ, ਦਿਓ ਤੋੜ ਜੋ ਦੁਸ਼ਮਣ ਦੀਆਂ ਫਾਹੀਆਂ ਨੇ।
ਜਿਨ੍ਹਾਂ ਅੱਖਾਂ ਵਿਚ ਰੜਕਦਾ ਰਿਹਾ ਵੀਰਾ, ਤੇਰੇ ਖੂਨ ਦੀਆਂ ਓਹੋ ਤਿਹਾਈਆਂ ਨੇ।
ਬਾ-ਮੁਲਾਹਜ਼ਾ ਹੋਸ਼ਿਆਰ ਪੰਜਾਬ ਸਿੰਘਾ, ਚੁੰਝਾਂ ਗਿਰਝਾਂ ਨੇ ਫੇਰ ਲਿਸ਼ਕਾਈਆਂ ਨੇ!

# ਬੁੱਧੀਜੀਵੀਆਂ ਦੀ ਜੇਲ੍ਹਬੰਦੀ ਤੇ ਸਰਕਾਰ ਦਾ ਏਜੰਡਾ

*ਭਾਰਤ ਦੀ ਮੋਦੀ ਸਰਕਾਰ ਇਸ ਵੇਲੇ ਵੱਖ-ਵੱਖ ਮਸਲਿਆਂ ਵਿਚ ਬੁਰੀ ਤਰ੍ਹਾਂ ਫਸੀ ਹੋਈ ਹੈ। ਲੋਕ ਸਭਾ ਚੋਣਾਂ ਸਿਰ 'ਤੇ ਹਨ ਅਤੇ ਸੱਤਾਧਾਰੀ ਹਿੰਦੂਤਵ ਧਿਰ ਨੂੰ ਹੁਣ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਲੋਕਾਂ ਦਾ ਧਿਆਨ ਦੂਜੇ ਪਾਸੇ ਲਾਉਣ ਲਈ ਮਾਓਵਾਦ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ। ਇਸ ਸਮੁੱਚੇ ਹਾਲਾਤ ਬਾਰੇ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਚਰਚਾ ਕੀਤੀ ਹੈ। -ਸੰਪਾਦਕ*

16 ਨਵੰਬਰ ਨੂੰ ਹੈਦਰਾਬਾਦ ਹਾਈ ਕੋਰਟ ਵਲੋਂ ਇਨਕਲਾਬੀ ਕਵੀ ਅਤੇ ਬੁੱਧੀਜੀਵੀ ਪ੍ਰੋ. ਵਰਵਰਾ ਰਾਓ ਦੀ ਪਟੀਸ਼ਨ ਰੱਦ ਕੀਤੇ ਜਾਣ 'ਤੇ 18 ਨਵੰਬਰ ਨੂੰ ਪੁਣੇ ਪੁਲਿਸ ਤੁਰੰਤ ਉਸ ਨੂੰ ਗ੍ਰਿਫਤਾਰ ਕਰਨ ਲਈ ਜਾ ਪਹੁੰਚੀ। ਪੁਣੇ ਦੀ ਵਿਸ਼ੇਸ਼ ਯੂ.ਏ.ਪੀ.ਏ. ਅਦਾਲਤ ਨੇ ਪੁਲਿਸ ਦੀ ਇੱਛਾ 'ਤੇ ਫੁੱਲ ਚੜ੍ਹਾਉਂਦਿਆਂ 78 ਸਾਲਾ ਕਵੀ ਦਾ 26 ਨਵੰਬਰ ਤਕ ਪੁਲਿਸ ਰਿਮਾਂਡ ਦੇ ਦਿੱਤਾ। ਇਸ ਤੋਂ ਪਹਿਲਾਂ ਐਡਵੋਕੇਟ ਸੁਧਾ ਭਾਰਦਵਾਜ, ਐਡਵੋਕੇਟ ਅਰੁਣ ਫਰੇਰਾ ਅਤੇ ਪ੍ਰੋ. ਵਰਨੋਨ ਗੋਂਜ਼ਾਲਵੇਜ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਹੋਣ ਪਿਛੋਂ ਉਨ੍ਹਾਂ ਨੂੰ ਵੀ ਪੁਣੇ ਪੁਲਿਸ ਨੇ ਫਟਾਫਟ

**ਬੂਟਾ ਸਿੰਘ**
ਫੋਨ: +91-94634-74342

ਗ੍ਰਿਫਤਾਰ ਕਰ ਲਿਆ ਸੀ। ਗੌਤਮ ਨਵਲੱਖਾ, ਪ੍ਰੋ. ਆਨੰਦ ਤੇਲਤੁੰਬੜੇ ਅਤੇ ਈਸਾਈ ਪਾਦਰੀ/ਕਾਰਕੁਨ ਸਟੈਨ ਸਵਾਮੀ ਅਜੇ 21 ਨਵੰਬਰ ਤਕ ਥੋੜ੍ਹਚਿਰੀ ਅਦਾਲਤੀ ਰਾਹਤ ਤਹਿਤ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ, ਪਰ ਅਦਾਲਤਾਂ ਦੇ ਰਵੱਈਏ ਨੂੰ ਦੇਖਦਿਆਂ ਪੂਰੀ ਸੰਭਾਵਨਾ ਹੈ ਕਿ ਅਗਲੇ ਦਿਨਾਂ ਵਿਚ ਰਾਹਤ ਦੀ ਮਿਆਦ ਮੁੱਕਦੇ ਸਾਰ ਮਹਾਂਰਾਸ਼ਟਰ ਪੁਲਿਸ ਇਨ੍ਹਾਂ ਨੂੰ ਵੀ ਜੇਲ੍ਹ ਵਿਚ ਡੱਕਣ ਵਿਚ ਕਾਮਯਾਬ ਹੋ ਜਾਵੇਗੀ।

ਦਰਅਸਲ, ਕੇਂਦਰ ਵਿਚ ਮੋਦੀ ਸਰਕਾਰ ਅਤੇ ਮਹਾਂਰਾਸ਼ਟਰ ਦੀ ਫੜਨਵੀਸ ਸਰਕਾਰ ਨੇ ਇਹ ਤੈਅ ਕੀਤਾ ਹੋਇਆ ਹੈ ਕਿ ਜੋ ਬੁੱਧੀਜੀਵੀ ਨਿਧੜਕ ਹੋ ਕੇ ਹਿੰਦੂਤਵੀ ਫਾਸ਼ੀਵਾਦ ਤੇ ਰਾਜਕੀ ਦਹਿਸ਼ਤਵਾਦ ਦਾ ਵਿਰੋਧ ਕਰਦੇ ਹਨ ਅਤੇ ਦੱਬੇ-ਕੁਚਲੇ ਆਵਾਮ ਦੇ ਹਿਤਾਂ ਲਈ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਹਰ ਹਾਲਤ ਵਿਚ ਜੇਲ੍ਹ ਵਿਚ ਡੱਕਿਆ ਜਾਵੇ। ਇਸੇ ਕਰਕੇ ਜਨਵਰੀ ਦੇ ਪਹਿਲੇ ਹਫਤੇ ਭੀਮਾ-ਕੋਰੇਗਾਓਂ ਹਿੰਸਾ ਬਾਬਤ ਜੋ ਐਫ. ਆਈ. ਆਰ. ਲਿਖੀ ਗਈ ਸੀ (ਜਿਸ ਵਿਚ ਦੋ ਹਿੰਦੂਤਵ ਆਗੂਆਂ ਸੰਭਾਜੀ ਭੀੜੇ ਤੇ ਮਿਲਿੰਦ ਏਕਬੋਟੇ ਨੂੰ ਦਲਿਤਾਂ 'ਤੇ ਹਿੰਸਕ ਹਮਲੇ ਕਰਨ ਲਈ ਨਾਮਜ਼ਦ ਕੀਤਾ ਗਿਆ ਸੀ) ਅਤੇ ਜਿਸ ਕੇਸ ਦੀ ਸ਼ੁਰੂਆਤ ਜਾਤੀਪਾਤੀ ਹਿੰਸਾ ਦੇ ਆਮ ਮਾਮਲੇ ਤੋਂ ਹੋਈ ਸੀ, ਉਸ ਨੂੰ ਸੱਤਾਧਾਰੀ ਸੰਘ ਬ੍ਰਿਗੇਡ ਦੇ ਇਸ਼ਾਰੇ 'ਤੇ ਪੁਲਿਸ ਅਧਿਕਾਰੀਆਂ ਨੇ ਬਿਲਕੁਲ ਹੀ ਵੱਖਰੀ ਕਹਾਣੀ ਬਣਾ ਦਿੱਤਾ। ਪਿੱਛੋਂ ਇਸ ਨੂੰ ਮੋਦੀ ਦੀ ਹੱਤਿਆ ਤੇ ਰਾਜ ਨੂੰ ਉਲਟਾਉਣ ਦੀ ਵਿਆਪਕ ਮਾਓਵਾਦੀ ਸਾਜ਼ਿਸ਼ ਵਿਚ ਬਦਲ ਦਿੱਤਾ ਗਿਆ। ਪੰਜ ਲੋਕਪੱਖੀ ਕਾਰਕੁਨ ਅਤੇ ਬੁੱਧੀਜੀਵੀ-ਐਡਵੋਕੇਟ ਸੁਰਿੰਦਰ ਗਾਡਲਿੰਗ, ਪ੍ਰੋ. ਸ਼ੋਮਾ ਸੇਨ, ਸੁਧੀਰ ਧਾਵਲੇ, ਰੋਨਾ ਵਿਲਸਨ ਤੇ ਮਹੇਸ਼ ਰਾਵਤ ਇਸੇ ਕੇਸ ਤਹਿਤ 6 ਜੂਨ ਤੋਂ ਜੇਲ੍ਹ ਵਿਚ ਬੰਦ ਹਨ। ਹਾਲ ਹੀ ਵਿਚ ਇਸ ਕੇਸ ਵਿਚ ਜੋ 5000 ਤੋਂ ਵੱਧ ਸਫਿਆਂ ਦੀ ਚਾਰਜਸ਼ੀਟ ਪੁਲਿਸ ਨੇ ਅਦਾਲਤ ਵਿਚ ਦਾਖਲ ਕੀਤੀ ਹੈ, ਉਸ 'ਚ ਦਾਅਵਾ ਕੀਤਾ ਗਿਆ ਹੈ ਕਿ ਭੀਮਾ-ਕੋਰੇਗਾਓਂ ਵਿਖੇ ਜਥੇਬੰਦ ਕੀਤੀ ਗਈ ਐਲਗਾਰ ਪ੍ਰੀਸ਼ਦ ਪ੍ਰੋ. ਵਰਵਰਾ ਰਾਓ ਅਤੇ ਹੋਰਨਾਂ ਵਲੋਂ ਮੁਲਕ ਵਿਰੁਧ ਜੰਗ ਛੇੜਨ ਅਤੇ ਵਿਦਿਆਰਥੀਆਂ ਨੂੰ ਮਾਓਵਾਦੀ ਏਜੰਡੇ ਦਾ ਪ੍ਰਚਾਰ ਕਰਨ ਲਈ ਉਕਸਾਉਣ ਦੀ ਮੁਜਰਮਾਨਾ ਸਾਜ਼ਿਸ਼ ਦਾ ਹਿੱਸਾ ਸੀ। ਪੁਲਿਸ ਵਲੋਂ ਘੜੀ ਗਈ ਕਹਾਣੀ ਕਹਿੰਦੀ ਹੈ ਕਿ ਪ੍ਰੋ. ਰਾਓ ਇਕ ਮੁੱਖ ਸਾਜ਼ਿਸ਼ੀ ਹੈ ਜਿਸ ਦੀ ਡਿਊਟੀ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਆਗੂਆਂ ਨੇ ਨੇਪਾਲ ਅਤੇ ਮਨੀਪੁਰ ਦੇ ਹਥਿਆਰ ਤਸਕਰਾਂ ਤੋਂ ਹਥਿਆਰ ਖਰੀਦਣ ਦੀ ਲਾਈ ਹੋਈ ਸੀ ਤਾਂ ਜੋ 'ਸੰਵਿਧਾਨਿਕ ਤੌਰ 'ਤੇ ਚੁਣੀਆਂ ਸਰਕਾਰਾਂ ਨੂੰ ਉਲਟਾਇਆ ਜਾ ਸਕੇ' ਅਤੇ ਇਸੇ ਮਕਸਦ ਨਾਲ ਮਾਓਵਾਦੀ ਪਾਰਟੀ ਵਲੋਂ ਭੀਮਾ-ਕੋਰੇਗਾਓਂ ਵਿਚ ਬੁਲਾਈ ਗਈ 'ਐਲਗਾਰ ਪ੍ਰੀਸ਼ਦ' ਨੂੰ ਫੰਡ ਮੁਹੱਈਆ ਕੀਤੇ ਗਏ।

ਇਨ੍ਹਾਂ ਸਾਰੇ ਬੁੱਧੀਜੀਵੀਆਂ 'ਤੇ ਯੂ. ਏ. ਪੀ. ਏ. (ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਅਤੇ ਇੰਡੀਅਨ ਪੀਨਲ ਕੋਡ ਦੀਆਂ ਰਾਜ ਵਿਰੁੱਧ ਜੰਗ ਛੇੜਨ ਤੇ ਸਾਜ਼ਿਸ਼ ਰਚਣ ਬਾਬਤ ਵਿਸ਼ੇਸ਼ ਧਾਰਾਵਾਂ (121, 124-ਏ, 505) ਲਾਈਆਂ ਗਈਆਂ ਹਨ। ਯੂ.ਏ.ਪੀ.ਏ. ਲਾਇਆ ਹੋਣ ਕਾਰਨ ਉਨ੍ਹਾਂ ਦੀ ਜ਼ਮਾਨਤ ਸੰਭਵ ਨਹੀਂ ਜਿਵੇਂ 90 ਫੀਸਦੀ ਅਪਾਹਜ ਪ੍ਰੋ. ਸਾਈਬਾਬਾ ਸਣੇ ਦਰਜਨਾਂ ਮਾਮਲਿਆਂ ਤੋਂ ਜਾਹਰ ਹੈ। ਜੇ ਪੁਲਿਸ ਆਪਣੇ ਮਕਸਦ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਰਾਜਧ੍ਰੋਹ ਦੀ ਧਾਰਾ 121 ਤਹਿਤ ਘੱਟੋਘੱਟ ਉਮਰ ਕੈਦ ਦੀ ਸਜ਼ਾ ਅਤੇ ਸਖਤ ਸਜ਼ਾ ਦੇ ਤੌਰ 'ਤੇ ਸਜ਼ਾ-ਏ-ਮੌਤ ਦੀ ਵਿਵਸਥਾ ਹੈ। ਜੇ ਆਖਿਰਕਾਰ ਮੁਲਜ਼ਮ ਬਰੀ ਹੋ ਜਾਂਦਾ ਹੈ, ਫਿਰ ਵੀ ਇਨ੍ਹਾਂ ਵਿਸ਼ੇਸ਼ ਕਾਨੂੰਨਾਂ ਅਤੇ ਧਾਰਾਵਾਂ ਵਾਲੇ ਕੇਸਾਂ ਦਾ ਕਈ ਕਈ ਸਾਲ ਲਟਕਿਆ ਰਹਿਣ ਵਾਲਾ ਅਦਾਲਤੀ ਅਮਲ ਆਪਣੇ ਆਪ ਵਿਚ ਹੀ ਬਹੁਤ ਵੱਡੀ ਸਜ਼ਾ ਹੈ। ਯੂ.ਏ.ਪੀ.ਏ. ਤਹਿਤ ਪੁਲਿਸ ਕੋਲ ਛੇ ਮਹੀਨੇ ਤਕ ਕਿਸੇ ਵੀ ਵਿਅਕਤੀ ਨੂੰ ਪੁਲਿਸ ਰਿਮਾਂਡ ਦੇ ਨਾਂ ਹੇਠ ਹਿਰਾਸਤ ਵਿਚ ਰੱਖਣ ਅਤੇ ਤਸੀਹੇ ਦੇਣ ਦੀ ਬੇਲਗਾਮ ਤਾਕਤ ਹੈ। ਐਡਵੋਕੇਟ ਸੁਰਿੰਦਰ ਗਾਡਲਿੰਗ ਦੇ ਮਾਮਲੇ 'ਚ ਪੁਲਿਸ ਨੇ ਤਿੰਨ ਮਹੀਨੇ ਦਾ ਹੋਰ ਰਿਮਾਂਡ ਲੈਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਜ਼ੋਰਦਾਰ ਕਾਨੂੰਨੀ ਪੈਰਵਾਈ ਕਾਰਨ ਪੁਲਿਸ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋਈ ਅਤੇ ਉਸ ਨੂੰ ਚਾਰਜਸ਼ੀਟ ਪੇਸ਼ ਕਰਨੀ ਪਈ। ਫਿਰ ਵੀ ਪੁਲਿਸ ਰਿਮਾਂਡ ਦੇ ਨਾਂ ਹੇਠ ਐਡਵੋਕੇਟ ਗਾਡਲਿੰਗ ਤੇ ਉਸ ਦੇ ਨਾਲ ਗ੍ਰਿਫਤਾਰ ਕੀਤੀਆਂ ਸ਼ਖਸੀਅਤਾਂ ਨੂੰ ਸਾਢੇ ਪੰਜ ਮਹੀਨੇ ਤਕ ਪੁਲਿਸ ਹਿਰਾਸਤ ਵਿਚ ਰੱਖਣ ਵਿਚ ਕਾਮਯਾਬ ਰਹੀ।

ਬਹੁਤ ਸਾਰੇ ਪਹਿਲੇ ਕੇਸਾਂ ਵਾਂਗ ਇਹ ਕੇਸ ਵੀ ਸਪਸ਼ਟ ਕਰਦਾ ਹੈ ਕਿ ਵੋਟਤੰਤਰ ਵਿਚ 'ਚੁਣੀਆਂ ਹੋਈਆਂ ਸਰਕਾਰਾਂ' ਦੇ ਨਾਂ ਹੇਠ ਜਾਬਰ ਹੁਕਮਰਾਨ ਕਿਵੇਂ ਆਪਣੇ ਲੋਕ ਵਿਰੋਧੀ ਏਜੰਡਿਆਂ ਨੂੰ 'ਮੁਲਕ ਦੇ ਹਿਤ' ਕਹਿ ਕੇ ਰਾਜਕੀ ਤਾਕਤ ਦੇ ਜ਼ੋਰ ਥੋਪਣ ਦੇ ਸਮਰੱਥ ਹਨ। ਸਰਕਾਰ ਜਾਂ ਇਸ ਦੀ ਕਿਸੇ ਨੀਤੀ ਦੇ ਵਿਰੋਧ ਨੂੰ 'ਦੇਸ਼ ਧ੍ਰੋਹ' ਦਾ ਨਾਂ ਦੇ ਕੇ ਪ੍ਰਚਾਰਿਆ ਜਾਂਦਾ ਹੈ। ਦਹਾਕਿਆਂ ਤੋਂ ਸਮੇਂ ਦੇ ਹੁਕਮਰਾਨਾਂ ਵਲੋਂ ਇਸ ਤਰ੍ਹਾਂ ਦੇ ਜੋ ਕੇਸ ਦਰਜ ਕਰਵਾਏ ਜਾਂਦੇ ਹਨ, ਉਹ ਇਸ ਦਾ ਸੂਬਤ ਹਨ ਕਿ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਹੋਣ ਦੇ ਦਾਅਵੇਦਾਰ ਰਾਜ ਵਿਚ ਟਾਡਾ, ਪੋਟਾ ਅਤੇ ਇਨ੍ਹਾਂ ਦਾ ਅਜੋਕਾ ਰੂਪ ਯੂ.ਏ.ਪੀ.ਏ. ਬੇਮਿਸਾਲ ਜਾਬਰ ਕਾਨੂੰਨ ਬਣਾਉਣ ਪਿੱਛੇ ਹਾਕਮ ਜਮਾਤਾਂ ਦੀ ਮਨਸ਼ਾ ਕੀ ਹੈ। ਪੁਲਿਸ ਨੇ ਸਿਰਫ ਇਲਜ਼ਾਮ ਲਾ ਕੇ ਗ੍ਰਿਫਤਾਰੀ ਕਰਨੀ ਹੁੰਦੀ ਹੈ ਤਾਂ ਜੋ ਨਾਪਸੰਦ ਵਿਅਕਤੀ ਨੂੰ ਸਾਲਾਂ ਤੱਕ ਬਿਨਾ ਜ਼ਮਾਨਤ ਜੇਲ੍ਹ ਵਿਚ ਸਾੜਿਆ ਜਾ ਸਕੇ, ਪੁਲਿਸ ਮੁਲਜ਼ਮ ਨੂੰ ਕਸੂਰਵਾਰ ਸਾਬਤ ਕਰਨ ਦੀ ਪਾਬੰਦ ਨਹੀਂ। ਨਾ ਹੀ ਨਜਾਇਜ਼ ਅਤੇ ਬੇਬੁਨਿਆਦ ਕੇਸ ਦਰਜ ਕੀਤੇ ਜਾਣ 'ਤੇ ਪੁਲਿਸ ਅਧਿਕਾਰੀਆਂ ਦੀ ਜਵਾਬਦੇਹੀ ਦੀ ਕੋਈ ਕਾਨੂੰਨੀ ਵਿਵਸਥਾ ਹੈ। ਖੁਦ ਨੂੰ ਬੇਕਸੂਰ ਸਾਬਤ ਕਰਨ ਦਾ ਜ਼ਿੰਮਾ ਮੁਲਜ਼ਮ ਦਾ ਹੈ ਜਿਸ ਦਾ ਆਪਣੇ ਵਕੀਲ ਤਕ ਪਹੁੰਚ ਕਰਨਾ ਵੀ ਜੇਲ੍ਹ ਵਿਚ ਬੰਦ ਹੋਣ ਕਾਰਨ ਪੁਲਿਸ ਅਧਿਕਾਰੀਆਂ ਦੇ ਰਹਿਮ 'ਤੇ ਨਿਰਭਰ ਹੈ। ਇਨ੍ਹਾਂ ਕਾਨੂੰਨਾਂ ਤਹਿਤ ਮਿਲੀਆਂ ਬੇਲਗਾਮ ਤਾਕਤਾਂ ਨਾਲ ਲੈਸ ਪੁਲਿਸ ਨੂੰ ਬੇਖੌਫ ਹੋ ਕੇ ਮਨਮਾਨੀਆਂ ਕਰਨ ਅਤੇ ਸੱਤਾਧਾਰੀ ਧਿਰ ਨੂੰ ਖੁਸ਼ ਕਰਨ ਲਈ ਝੂਠੇ ਫਰਜ਼ੀ ਮਾਮਲੇ ਘੜ ਕੇ ਸਿਆਸੀ ਆਲੋਚਕਾਂ ਨੂੰ ਦਬਾਉਣ ਲਈ ਇਹ ਕਾਨੂੰਨ ਅਤੇ ਧਾਰਾਵਾਂ ਥੋਪਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ। ਇਸ ਵਕਤ ਪੰਜ ਸੂਬਿਆਂ ਵਿਚ ਚੋਣਾਂ ਹੋ ਰਹੀਆਂ ਹਨ। 2019 ਦੇ ਸ਼ੁਰੂ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਸਿਰ 'ਤੇ ਹਨ। ਨਾਕਾਮੀਆਂ ਅਤੇ ਵਾਅਦਾ ਖਿਲਾਫੀਆਂ ਦੀ ਸੂਚੀ ਅਮੁੱਕ ਹੈ। ਨੋਟਬੰਦੀ, ਜੀ.ਐਸ.ਟੀ., ਕਿਸਾਨੀ ਸੰਕਟ, ਦਲਿਤਾਂ ਅਤੇ ਧਾਰਮਿਕ ਘੱਟਗਿਣਤੀਆਂ ਖਿਲਾਫ ਹਿੰਦੂਤਵੀ ਹਿੰਸਾ ਕਾਰਨ ਮੁਲਕ ਦੇ ਜ਼ਿਆਦਾਤਰ ਲੋਕ ਸੰਘ ਬ੍ਰਿਗੇਡ ਤੋਂ ਬੁਰੀ ਤਰ੍ਹਾਂ ਅੱਕੇ ਹੋਏ ਹਨ। ਵੱਡੇ-ਵੱਡੇ ਬੁੱਤ ਲਾਉਣ ਅਤੇ ਸ਼ਹਿਰਾਂ ਦੇ ਨਾਂ ਬਦਲਣ ਦੀ ਖੋਖਲੀ ਪਾਟਕ ਪਾਊ ਸਿਆਸਤ ਆਵਾਮ ਨੂੰ ਸੰਤੁਸ਼ਟ ਨਹੀਂ ਕਰ ਸਕਦੀ। ਰਾਫੇਲ ਜੈਟ-ਜਹਾਜ ਸੌਦੇ ਵਿਚ ਮੋਦੀ ਵਲੋਂ ਅੰਬਾਨੀ ਘਰਾਣੇ ਦੀ ਦਲਾਲੀ ਅਤੇ ਸੁਪਰੀਮ ਕੋਰਟ, ਸੀ.ਬੀ.ਆਈ., ਭਾਰਤੀ ਰਿਜ਼ਰਵ ਬੈਂਕ ਆਦਿ ਰਾਜਕੀ ਸੰਸਥਾਵਾਂ ਸੰਘ ਬ੍ਰਿਗੇਡ ਦੀ ਦਖਲਅੰਦਾਜ਼ੀ ਦੇ ਘੁਟਾਲਿਆਂ ਵਿਚ ਮੋਦੀ ਵਜ਼ਾਰਤ ਬੁਰੀ ਤਰ੍ਹਾਂ ਘਿਰ ਚੁਕੀ ਹੈ। ਇਸੇ ਲਈ, ਆਰ. ਐਸ. ਐਸ. ਨੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦਾ ਤਾਜ਼ਾ ਮੁਖੌਟਾ ਲਾਹ ਕੇ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਖੁੱਲ੍ਹੇਆਮ ਅਦਾਲਤੀ ਪ੍ਰਣਾਲੀ ਨੂੰ ਅੱਖਾਂ ਦਿਖਾਉਣ ਅਤੇ ਸ਼ਬਰੀਮਾਲਾ ਮੰਦਰ ਦੇ ਮਾਮਲੇ ਨੂੰ ਤੂਲ ਦੇ ਕੇ ਹਿੰਦੂ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਚੁਆਤੀ ਲਾਉਣ ਤੇ ਫਿਰਕੂ ਪਾਲਾਬੰਦੀ ਕਰਨ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਬੁੱਧੀਜੀਵੀ ਅਤੇ ਲੋਕਪੱਖੀ ਕਾਰਕੁਨ ਹੁਕਮਰਾਨ ਧਿਰ ਦੀਆਂ ਗੁੰਮਰਾਹਕੁਨ ਚਾਲਾਂ ਨੂੰ ਬੇਨਕਾਬ ਕਰਕੇ ਸੱਚ ਸਾਹਮਣੇ ਲਿਆਉਂਦੇ ਹਨ ਅਤੇ ਅਵਾਮ ਨੂੰ ਅਸਲ ਖਤਰਿਆਂ ਅਤੇ ਉਨ੍ਹਾਂ ਦੇ ਅਸਲ ਮੁੱਦਿਆਂ ਬਾਰੇ ਸੁਚੇਤ ਵੀ ਕਰਦੇ ਹਨ ਅਤੇ ਜਾਗਰੂਕ ਵੀ। ਬੁੱਧੀਜੀਵੀਆਂ ਦੀ ਇਹ ਭੂਮਿਕਾ ਸੱਤਾਧਾਰੀਆਂ ਲਈ ਵੱਡੀ ਪ੍ਰੇਸ਼ਾਨੀ ਖੜ੍ਹੀ ਕਰਦੀ ਹੈ।

ਇਨ੍ਹਾਂ ਹਾਲਾਤ ਵਿਚ, ਕਿਸੇ ਤਰ੍ਹਾਂ ਦੀ ਫਰਜ਼ੀ ਸਾਜ਼ਿਸ਼ ਦਾ 'ਖੁਲਾਸਾ' ਪਿਛਲੇ ਮਹੀਨਿਆਂ ਤੋਂ ਚਾਰ ਚੁਫੇਰਿਓਂ ਸਵਾਲਾਂ ਅਤੇ ਘੁਟਾਲਿਆਂ ਵਿਚ ਘਿਰੀ ਮੋਦੀ ਸਰਕਾਰ ਦੀ ਅਣਸਰਦੀ ਜ਼ਰੂਰਤ ਸੀ। ਇਸ ਨੂੰ ਸਨਸਨੀਖੇਜ਼ ਫਰਜ਼ੀ ਕਹਾਣੀ ਲੋੜੀਂਦੀ ਸੀ ਜੋ ਬਹੁਪੱਖੀ ਮਨੋਰਥ ਪੂਰੇ ਕਰ ਸਕੇ। ਅਸਲ ਮੁੱਦਿਆਂ ਤੋਂ ਮੁਲਕ ਦੇ ਅਵਾਮ ਦਾ ਧਿਆਨ ਹਟਾ ਸਕੇ, ਹਿੰਦੂਤਵੀ ਮੁਜਰਿਮਾਂ ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ ਨੂੰ ਬਚਾਉਣ ਵਿਚ ਸਰਕਾਰ ਦੀ ਭੂਮਿਕਾ ਉਪਰ ਪਰਦਾ ਪਾ ਸਕੇ, ਸਨਸਨੀਖੇਜ਼ ਕਹਾਣੀ ਰਾਹੀਂ ਸੰਘ ਬ੍ਰਿਗੇਡ ਲਈ ਹਮਦਰਦੀ ਬਟੋਰ ਕੇ ਮੋਦੀ ਦੀ ਖੁਰ ਰਹੀ ਸਾਖ ਨੂੰ ਠੁੰਮਣਾ ਦੇ ਸਕੇ, ਪ੍ਰੋਫੈਸਰ ਸਾਈਬਾਬਾ ਸਮੇਤ ਸਿਆਸੀ ਕੈਦੀਆਂ ਅਤੇ ਹੋਰ ਬੇਕਸੂਰ ਆਦਿਵਾਸੀ-ਦਲਿਤ ਕੈਦੀਆਂ ਦੀ ਕਾਨੂੰਨੀ ਪੈਰਵਾਈ ਨੂੰ ਰੋਕ ਸਕੇ ਅਤੇ ਬੁੱਧੀਜੀਵੀਆਂ ਦੀ ਜ਼ਬਾਨਬੰਦੀ ਰਾਹੀਂ ਸਮੁੱਚੇ ਬੌਧਿਕ ਹਲਕਿਆਂ ਲਈ ਦਹਿਸ਼ਤ ਪਾਊ ਸੰਦੇਸ਼ ਦਾ ਕੰਮ ਕਰ ਸਕੇ। ਜਦੋਂ ਨਰੇਂਦਰ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ, ਉਸ ਦਹਾਕੇ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਉਸ ਦੀ ਸਾਖ ਦਾ ਗਰਾਫ ਡਿੱਗਣਾ ਸ਼ੁਰੂ ਹੋ ਜਾਂਦਾ ਹੈ, ਉਸ ਦੇ ਕਤਲ ਦੀ ਸਾਜ਼ਿਸ਼ ਦੀਆਂ ਕਹਾਣੀਆਂ ਵਿਕਾਊ ਮੀਡੀਆ ਵਿਚ ਪਰੋਸਣੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ। ਇਸੇ ਰਾਜਸੀ ਜ਼ਰੂਰਤ ਵਿਚੋਂ 'ਮਾਓਵਾਦੀ ਸਾਜ਼ਿਸ਼' ਦੀ ਹਾਲੀਆ ਬੇਸਿਰ-ਪੈਰ ਕਹਾਣੀ ਉਭਰੀ ਹੈ। ਇਸ ਦਾ ਤਾਣਾ-ਬਾਣਾ ਪੂਰੇ ਮੁਲਕ ਵਿਚ ਫੈਲਿਆ ਦਿਖਾਉਣ ਲਈ ਇਨਕਲਾਬੀ ਕਵੀ ਵਰਵਰਾ ਰਾਓ ਤੋਂ ਲੈ ਕੇ ਗੌਤਮ ਨਵਲੱਖਾ ਤੇ ਪ੍ਰੋਫੈਸਰ ਸ਼ੋਮਾ ਸੇਨ ਵਰਗੇ ਕੱਦਾਵਰ ਲੋਕਪੱਖੀ ਬੁੱਧੀਜੀਵੀਆਂ, ਪ੍ਰੋਫੈਸਰ ਆਨੰਦ ਤੇਲਤੁੰਬੜੇ ਅਤੇ ਸੁਧੀਰ ਧਾਵਲੇ ਵਰਗੇ ਮਸ਼ਹੂਰ ਦਲਿਤ ਚਿੰਤਕਾਂ ਤੇ ਘੁਲਾਟੀਆ, ਐਡਵੋਕੇਟ ਸੁਰਿੰਦਰ ਗਾਡਲਿੰਗ ਅਤੇ ਐਡਵੋਕੇਟ ਸੁਧਾ ਭਾਰਦਵਾਜ ਵਰਗੇ ਲੋਕਪੱਖੀ ਵਕੀਲਾਂ, ਸਟੈਨ ਸਵਾਮੀ ਅਤੇ ਮਹੇਸ਼ ਰਾਵਤ ਵਰਗੇ ਉਜਾੜਾ ਵਿਰੋਧੀ ਅਤੇ ਆਦਿਵਾਸੀ ਹਿਤੈਸ਼ੀ ਕਾਰਕੁਨਾਂ, ਅਰੁਣ ਫਰੇਰਾ-ਵਰਨੋਨ ਗੋਂਜ਼ਾਲਵੇਜ਼-ਰੋਨਾ ਵਿਲਸਨ ਵਰਗੇ ਜਮਹੂਰੀ ਕਾਰਕੁਨਾਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਪੂਰੀ ਤਰ੍ਹਾਂ ਮਨਘੜਤ ਕਹਾਣੀ ਦਾ ਹੀ ਕ੍ਰਿਸ਼ਮਾ ਹੈ ਕਿ ਪੁਣੇ ਦੀ ਸੈਸ਼ਨ ਅਦਾਲਤ ਤੋਂ ਲੈ ਕੇ ਪੰਜ ਵੱਖ-ਵੱਖ ਹਾਈਕੋਰਟਾਂ ਅਤੇ ਸੁਪਰੀਮ ਕੋਰਟ ਦੇ ਬੈਂਚਾਂ ਨੇ ਇਨ੍ਹਾਂ ਲੋਕਪੱਖੀ ਸ਼ਖਸੀਅਤਾਂ ਵਲੋਂ ਜਾਂ ਇਨ੍ਹਾਂ ਦੇ ਹੱਕ ਵਿਚ ਦਾਇਰ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਬਿਲਕੁਲ ਹੀ ਵੱਖੋ-ਵੱਖਰੇ ਫੈਸਲੇ ਸੁਣਾਏ ਹਨ।

ਆਉਣ ਵਾਲੇ ਮਹੀਨਿਆਂ ਵਿਚ ਇਨ੍ਹਾਂ ਸ਼ਖਸੀਅਤਾਂ ਦੇ ਖਿਲਾਫ ਬਣਾਏ ਸਾਜ਼ਿਸ਼ ਦੇ ਮੁਕੱਦਮੇ ਦਾ ਵੱਡਾ ਨਾਟਕ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਦੌਰਾਨ ਨਿਆਂ ਪ੍ਰਣਾਲੀ ਅਤੇ ਕਾਨੂੰਨ ਦਾ ਅਸਲ ਚਿਹਰਾ ਹੋਰ ਵੀ ਉਘੜ ਕੇ ਸਾਹਮਣੇ ਆਵੇਗਾ। ਇਹ ਮੁਲਕ ਦੀਆਂ ਜਮਹੂਰੀ ਇਨਸਾਫਪਸੰਦ ਤਾਕਤਾਂ ਦੀ ਵੱਡੀ ਅਜ਼ਮਾਇਸ਼ ਦਾ ਮੌਕਾ ਵੀ ਹੈ। ਉਹ ਇਸ ਪੱਖ ਤੋਂ ਕਿ ਇਹ ਤਾਕਤਾਂ ਲੋਕ ਹਿਤਾਂ ਲਈ ਜੂਝਣ ਵਾਲੇ ਆਪਣੇ ਸਿਰਮੌਰ ਘੁਲਾਟੀਆਂ ਦੀ ਰਾਖੀ ਲਈ ਕਿੰਨੀ ਸ਼ਿੱਦਤ ਨਾਲ ਲੜਦੀਆਂ ਹਨ ਅਤੇ ਫਾਸ਼ੀਵਾਦੀ ਤਰਜ਼ ਦੇ ਇਸ ਰਾਜਕੀ ਹਮਲੇ ਵਿਰੁਧ ਲੋਕ ਰਾਇ ਬਣਾ ਕੇ ਸੱਤਾ ਦੇ ਆਪਾਸ਼ਾਹ ਹੱਥਾਂ ਨੂੰ ਰੋਕਣ ਵਿਚ ਕਿੰਨਾ ਕਾਮਯਾਬ ਹੁੰਦੀਆਂ ਹਨ।

# ਸਿੱਖਿਆ ਦਾ ਹਾਲ ਪੜ੍ਹਨ ਲਈ 56 ਇੰਚ ਦਾ ਸੀਨਾ ਛੋਟਾ ਹੈ...

**ਐਨ.ਡੀ.ਟੀ.ਵੀ. ਨਾਲ ਜੁੜੇ ਪੱਤਰਕਾਰ ਰਵੀਸ਼ ਕੁਮਾਰ ਨੇ ਮੋਦੀ ਦੀ ਭਾਸ਼ਣ ਸ਼ੈਲੀ ਵਿਚ ਲਿਖੇ ਇਸ ਭਾਸ਼ਣ ਰਾਹੀਂ ਮੱਧ ਪ੍ਰਦੇਸ਼ ਦੀ ਉਚ ਸਿੱਖਿਆ ਦਾ ਹਾਲ ਬਿਆਨ ਕੀਤਾ ਹੈ ਜਿਥੇ ਅੱਜ ਕੱਲ੍ਹ ਚੋਣ ਮੁਹਿੰਮ ਸਿਖਰ 'ਤੇ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

## ਰਵੀਸ਼ ਕੁਮਾਰ ਨੇ ਲਿਖਿਆ ਮੋਦੀ ਦਾ ਭਾਸ਼ਣ!

***ਦੋਸਤੋ, ਚੋਣ-ਦਰ-ਚੋਣ ਮੈਂ ਦੇਖਿਆ ਹੈ ਕਿ ਸਿੱਖਿਆ ਵਰਗੇ ਜ਼ਰੂਰੀ ਵਿਸ਼ੇ ਉਪਰ ਗੱਲ ਨਹੀਂ ਹੁੰਦੀ। ਨੇਤਾ ਗੱਲ ਨਹੀਂ ਕਰਦੇ, ਜਨਤਾ ਗੱਲ ਨਹੀਂ ਕਰਦੀ। ਸੋਚਿਆ ਕਿ ਲਿਖਣ ਦੀ ਸ਼ੈਲੀ ਵਿਚ ਬਦਲਾਓ ਲਿਆਉਂਦਾ ਹਾਂ। ਉਨ੍ਹਾਂ ਦਾ ਭਾਸ਼ਣ ਲਿਖ ਦਿੰਦਾ ਹਾਂ। ਕੋਸ਼ਿਸ਼ ਕਰਦਾ ਹਾਂ ਕਿ ਚੋਣਾਂ ਵਿਚ ਸਿੱਖਿਆ ਦੀ ਗੱਲ ਹੋਵੇ। ਨੌਜਵਾਨ ਮੱਧ ਪ੍ਰਦੇਸ਼ ਦੇ ਕਾਲਜ, ਕਲਾਸ ਰੂਮ ਦੀ ਤਸਵੀਰ ਖਿੱਚ ਕੇ ਪ੍ਰਧਾਨ ਮੰਤਰੀ ਅਤੇ ਰਾਹੁਲ ਗਾਂਧੀ ਨੂੰ ਟੈਗ ਕਰਨ। ਟਵੀਟ ਕਰਨ। ਕਾਲਜ ਜਾਣ ਵਾਲੇ ਨੌਜਵਾਨ ਗੱਲ ਨਹੀਂ ਕਰਨਗੇ ਤਾਂ ਹੋਰ ਕੌਣ ਕਰੇਗਾ? ਕੀ ਉਹ ਚਾਹੁਣਗੇ ਕਿ ਇਹ ਗੱਲ ਸਾਬਤ ਹੋ ਜਾਵੇ ਕਿ ਨੌਜਵਾਨਾਂ ਦੀ ਸਿਆਸੀ ਸੂਝ ਤੀਜੇ ਦਰਜੇ ਦੀ ਨਹੀਂ ਹੈ। -ਰਵੀਸ਼ ਕੁਮਾਰ***



"ਭਰਾਵੋ ਅਤੇ ਭੈਣੋ,


ਅੱਜ ਮੈਂ ਭਾਸ਼ਣ ਦਾ ਤਰੀਕਾ ਬਦਲ ਲਿਆ ਹੈ। ਮੈਂ ਅਲੱਗ-ਅਲੱਗ ਫਾਰਮੈਟ ਵਿਚ ਭਾਸ਼ਣ ਦਿੱਤੇ ਹਨ ਲੇਕਿਨ ਅੱਜ ਮੈਂ ਉਹ ਕਰ ਰਿਹਾ ਹਾਂ ਜੋ ਕਾਂਗਰਸ ਦੇ ਨੇਤਾ ਪਿਛਲੇ ਸੱਤਰ ਸਾਲਾਂ ਵਿਚ ਨਹੀਂ ਕਰ ਸਕੇ। ਮੈਂ ਰਟਿਆ-ਰਟਾਇਆ ਭਾਸ਼ਣ ਛੱਡ ਕੇ ਕੁਝ ਨਵਾਂ ਕਰਨ ਦਾ ਫ਼ੈਸਲਾ ਕੀਤਾ ਹੈ। ਮੈਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਇਹ ਭਾਸ਼ਣ ਰਵੀਸ਼ ਕੁਮਾਰ ਨੇ ਲਿਖਿਆ ਹੈ, ਲੇਕਿਨ ਮਿੱਤਰੋ! ਭਾਸ਼ਣ ਕੋਈ ਵੀ ਲਿਖੇ, ਹੋਵੇ ਉਹ ਰਾਸ਼ਟਰ ਹਿਤ ਵਿਚ। ਲੇਕਿਨ ਮੈਂ ਇਹ ਵੀ ਕਹਿ ਦਿੱਤਾ ਕਿ ਮੈਂ ਪੜ੍ਹਾਂਗਾ ਉਹੀ ਜੋ ਸਰਕਾਰੀ ਦਸਤਾਵੇਜ਼ਾਂ ਉਪਰ ਆਧਾਰਤ ਹੁੰਦਾ ਹੈ। ਰਵੀਸ਼ ਕੁਮਾਰ ਮੰਨ ਗਏ ਅਤੇ ਉਨ੍ਹਾਂ ਨੇ ਮੱਧ ਪ੍ਰਦੇਸ਼ ਦੇ ਉਚ ਸਿੱਖਿਆ ਵਿਭਾਗ ਦੀ ਵੈੱਬਸਾਈਟ ਤੋਂ 2015-16 ਦੀ ਰਿਪੋਰਟ ਕੱਢ ਲਈ। 2016-17 ਅਤੇ 2017-18 ਦੀ ਰਿਪੋਰਟ ਵੈੱਬਸਾਈਟ ਉਪਰ ਹੈ ਨਹੀਂ।

ਮੈਂ ਤਾਂ ਕਹਿੰਦਾ ਹਾਂ ਕਿ ਰਿਪੋਰਟ ਹੋਵੇਗੀ ਲੇਕਿਨ ਸਾਰਿਆਂ ਨੂੰ ਲੱਭਣੀ ਨਹੀਂ ਆਉਂਦੀ। ਇਹ ਜੋ ਸਪੀਚ ਰਾਈਟਰ ਨੇ, ਤੁਸੀਂ ਤਾਂ ਜਾਣਦੇ ਹੀ ਹੋ ਇਨ੍ਹਾਂ ਨੂੰ। ਅਰੇ, ਦੋ-ਦੋ ਸਾਲ ਦੀ ਰਿਪੋਰਟ ਵੈੱਬਸਾਈਟ ਉਪਰ ਨਹੀਂ ਹੈ, ਫਿਰ ਕੀ ਹੋਇਆ। ਜੋ ਹੈ, ਉਸੇ ਨੂੰ ਪੜ੍ਹਾਂਗੇ। ਸਾਨੂੰ ਪੂਰਾ ਭਰੋਸਾ ਹੈ, ਅਸੀਂ ਕਿਸੇ ਵੀ ਸਾਲ ਨੌਜਵਾਨਾਂ ਨੂੰ ਪਿੱਛੇ ਰੱਖਣ ਵਿਚ ਪਿੱਛੇ ਨਹੀਂ ਹਟੇ ਹਾਂ। ਮੈਂ ਵੀ ਕਿਹਾ ਕਿ ਮੱਧ ਪ੍ਰਦੇਸ਼ ਵਿਚ ਭਾਜਪਾ ਸਰਕਾਰ ਦੇ 15 ਸਾਲ ਕੰਮ ਹੀ ਕੰਮ ਦੇ ਸਾਲ ਰਹੇ ਹਨ, ਪੱਤਰਕਾਰ ਭਾਈ, ਤੁਸੀਂ 2015-16 ਦੀ ਰਿਪੋਰਟ ਨਾਲ ਹੀ ਭਾਸ਼ਣ ਤਿਆਰ ਕਰੋ। ਮੈਂ ਪੜ੍ਹ ਦੇਵਾਂਗਾ। ਡੇਟਾ ਨਵਾਂ ਤੇਲ ਹੈ। ਤੇ ਜੋ ਸਰਕਾਰੀ ਡੇਟਾ ਹੈ, ਉਸ ਵਿਚੋਂ ਸਾਨੂੰ ਤੇਲ ਕੱਢਣਾ ਆਉਂਦਾ ਹੈ।

ਮਿੱਤਰੋ, ਮੱਧ ਪ੍ਰਦੇਸ਼ ਵਿਚ 437 ਸਰਕਾਰੀ ਕਾਲਜ ਹਨ। ਗਵਰਨਮੈਂਟ ਕਾਲਜ। 437 ਕਾਲਜ ਭਰਾਵੋ, ਭੈਣੋਂ। ਇਹ ਕਾਲਜ ਤੁਹਾਡੇ ਪੈਸੇ ਨਾਲ ਚੱਲਦੇ ਹਨ। ਜਦਕਿ 800 ਤੋਂ ਵਧੇਰੇ ਕਾਲਜ ਐਸੇ ਹਨ ਜਿਸ ਦੇ ਲਈ ਤੁਸੀਂ ਟੈਕਸ ਨਹੀਂ ਦਿੰਦੇ ਹੋ, ਲੇਕਿਨ ਜੋ ਮੋਟੀ ਫ਼ੀਸ ਦੇ ਕੇ ਚਲਾਏ ਜਾ ਰਹੇ ਹਨ। ਪ੍ਰਾਈਵੇਟ ਤੋਂ ਲੈ ਕੇ ਪਬਲਿਕ ਸੈਕਟਰ ਸਭ ਤੁਸੀਂ ਹੀ ਚਲਾ ਰਹੇ ਹੋ। 1300 ਤੋਂ ਜ਼ਿਆਦਾ ਕਾਲਜ ਹਨ। ਅਸੀਂ ਮੱਧ ਪ੍ਰਦੇਸ਼ ਦੀ ਜਨਤਾ ਨੂੰ ਕਾਲਜਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ। 2015-16 ਦੀ ਰਿਪੋਰਟ ਹੈ। ਲਾਅ ਕਾਲਜ ਲਈ 28 ਪ੍ਰਿੰਸੀਪਲਾਂ ਦੀਆਂ ਸੀਟਾਂ ਮਨਜ਼ੂਰ ਹਨ। 28 ਦੀਆਂ 28 ਖਾਲੀ ਸਨ ਭਰਾਓ ਭੈਣੋਂ। ਪ੍ਰਿੰਸੀਪਲ ਦੀ ਕੋਈ ਜ਼ਰੂਰਤ ਹੀ ਨਹੀਂ ਹੈ। ਬੇਵਜ੍ਹਾ ਨਿਯਮ ਬਣਾਉਂਦੇ ਰਹਿੰਦੇ ਹਨ। ਅਸੀਂ 'ਮਿਨੀਮਮ ਗਵਰਨਮੈਂਟ ਮੈਕਸੀਮਮ ਗਵਰਨੈਂਸ' ਦੀ ਗੱਲ ਕਰਦੇ ਹਾਂ। ਇਹ ਕਾਲਜ ਬਿਨਾਂ ਪ੍ਰਿੰਸੀਪਲ ਦੇ ਆਪਣੇ ਆਪ ਚੱਲ ਰਹੇ ਹਨ।

ਅਸੀਂ ਕਾਲਜ ਹੀ ਨਹੀਂ, ਕਲਾਸ ਰੂਮ ਵੀ ਖਾਲੀ ਰੱਖੇ ਹਨ। ਨੌਜਵਾਨ ਕਲਾਸ ਵਿਚ ਆਉਣ, ਗੱਲਬਾਤ ਕਰਨ, ਆਪਸ ਵਿਚ ਚਰਚਾ ਕਰਨ, ਕੈਂਪਸ ਵਿਚ ਤੋਪ ਦੇਖਣ, ਤਿਰੰਗਾ ਦੇਖਣ, ਹੁਣ ਜੇ ਉਥੇ ਟੀਚਰ ਹੋਣਗੇ ਤਾਂ ਉਹ ਇਹ ਸਭ ਕਿਵੇਂ ਕਰ ਸਕਣਗੇ। ਰਾਸ਼ਟਰਵਾਦ ਦਾ ਨਿਰਮਾਣ ਕਿਥੇ ਹੋ ਸਕੇਗਾ। ਇਸ ਲਈ 2015-16 ਦੀ ਸਾਲਾਨਾ ਰਿਪੋਰਟ ਕਹਿੰਦੀ ਹੈ, ਤੇ ਇਹ ਮੈਂ ਨਹੀਂ ਕਹਿ ਰਿਹਾ। ਉਚ ਸਿੱਖਿਆ ਵਿਭਾਗ ਦੀ ਰਿਪੋਰਟ ਕਹਿੰਦੀ ਹੈ, 704 ਪ੍ਰੋਫੈਸਰ ਹੋਣੇ ਚਾਹੀਦੇ ਸਨ, ਅਸੀਂ 474 ਰੱਖੇ ਹੀ ਨਹੀਂ। 7412 ਅਸਿਸਟੈਂਟ ਪ੍ਰੋਫੈਸਰ ਹੋਣੇ ਚਾਹੀਦੇ ਹਨ, ਸ਼ਿਵਰਾਜ ਜੀ ਨੇ ਕਿਹਾ ਕਿ 3025 ਅਸਿਸਟੈਂਟ ਪ੍ਰੋਫੈਸਰ ਰੱਖਣ ਦੀ ਕੋਈ ਜ਼ਰੂਰਤ ਨਹੀਂ ਹੈ। ਸਾਡਾ ਨੌਜਵਾਨ ਖੁਦ ਹੀ ਪ੍ਰੋਫੈਸਰ ਹੈ। ਉਹ ਤਾਂ ਬੜਿਆਂ ਬੜਿਆਂ ਨੂੰ ਪੜ੍ਹਾ ਦਿੰਦਾ ਹੈ ਜੀ, ਉਸ ਨੂੰ ਕੌਣ ਪੜ੍ਹਾਏਗਾ। ਹਰ ਨੌਜਵਾਨ ਮਾਸਟਰ ਹੈ, ਉਸ ਦਾ ਮਾਸਟਰ ਕੋਈ ਨਹੀਂ। ਇਹ ਸਾਡਾ ਨਾਅਰਾ ਹੈ। ਨਾਅਰਾ ਮੈਂ ਖੁਦ ਲਿਖ ਰਿਹਾ ਹਾਂ, ਰਵੀਸ਼ ਕੁਮਾਰ ਨਹੀਂ। ਪੱਤਰਕਾਰ ਲੋਕ ਡੇਟਾ-ਵੇਟਾ ਕਰਦੇ ਰਹਿੰਦੇ ਹਨ, ਚੋਣਾਂ ਉਸ ਨਾਲ ਨਹੀਂ ਹੁੰਦੀਆਂ; ਲੇਕਿਨ ਅਸੀਂ ਕਿਹਾ ਕਿ ਚੱਲੋ ਭਾਈ, ਅੱਜ ਸਿੱਖਿਆ ਨੂੰ ਮੁੱਦਾ ਬਣਾ ਹੀ ਦਿੰਦੇ ਹਾਂ।

ਲਾਇਬ੍ਰੇਰੀ ਦੀ ਕੋਈ ਜ਼ਰੂਰਤ ਨਹੀਂ ਹੈ।



ਤੁਸੀਂ ਤਾਂ ਸਮਾਰਟ ਫ਼ੋਨ ਨਾਲ ਸਭ ਪੜ੍ਹ ਲੈਂਦੇ ਹੋ। 264 ਕਾਲਜਾਂ ਅਤੇ ਯੂਨੀਵਰਸਿਟੀ ਵਿਚ ਵਾਈ-ਫਾਈ ਦੀ ਸਹੂਲਤ ਦੇ ਦਿੱਤੀ ਗਈ ਹੈ। ਤੁਹਾਨੂੰ ਮਿਲ ਰਹੀ ਹੈ ਕਿ ਨਹੀਂ, ਮਿਲ ਰਹੀ ਹੈ। ਹੱਥ ਉਠਾ ਕੇ ਬੋਲੋ, ਤੁਹਾਡੇ ਕਾਲਜ ਵਿਚ ਵਾਈ-ਫਾਈ ਹੈ ਜਾਂ ਨਹੀਂ। 391 ਲਾਇਬ੍ਰੇਰੀਅਨ ਦੀਆਂ ਅਸਾਮੀਆਂ ਮਨਜ਼ੂਰ ਹਨ ਲੇਕਿਨ 253 ਅਸਾਮੀਆਂ ਅਸੀਂ ਖਾਲੀ ਰੱਖੀਆਂ ਹੋਈਆਂ ਹਨ। ਇਕ ਕਾਲਜ ਵਿਚ ਪ੍ਰਿੰਸੀਪਲ ਤੋਂ ਲੈ ਕੇ ਪ੍ਰੋਫੈਸਰ ਦੀਆਂ ਬਹੁਤ ਅਸਾਮੀਆਂ ਹੁੰਦੀਆਂ ਹਨ। ਇਸ ਤਰ੍ਹਾਂ ਨਾਲ ਮਿੱਤਰੋ 9377 ਅਸਾਮੀਆਂ ਹੋਣੀਆਂ ਚਾਹੀਦੀਆਂ ਸਨ, 4374 ਅਸਾਮੀਆਂ ਖਾਲੀ ਸਨ ਮਿੱਤਰੋ, 4374। ਪ੍ਰਿੰਸੀਪਲ, ਪ੍ਰੋਫੈਸਰ, ਅਸਿਸਟੈਂਟ ਪ੍ਰੋਫੈਸਰ, ਖੇਡ ਅਧਿਕਾਰੀ, ਰਜਿਸਟਰਾਰ ਅਸੀਂ ਸਭ ਖਾਲੀ ਛੱਡੀਆਂ ਹੋਈਆਂ ਹਨ।

ਐਸਾ ਨਹੀਂ ਹੈ ਕਿ ਅਸੀਂ ਭਰਤੀ ਨਾ ਕਰਨ ਦੀ ਸਹੁੰ ਖਾ ਲਈ ਹੈ। ਅਸੀਂ ਇਸ਼ਤਿਹਾਰ ਦਿੰਦੇ ਹਾਂ। 2015-16 ਵਿਚ 2371 ਅਸਾਮੀਆਂ ਦੀ ਬਹਾਲੀ ਕੱਢੀ ਗਈ ਸੀ। ਹੁਣ ਇਹ ਪਤਾ ਨਹੀਂ ਬਹਾਲੀ ਹੋਈ ਜਾਂ ਨਹੀਂ, ਕਾਸ਼ 2016-17 ਦੀ ਰਿਪੋਰਟ ਵੀ ਵੈੱਬਸਾਈਟ ਉਪਰ ਮਿਲ ਜਾਂਦੀ। ਮੱਧ ਪ੍ਰਦੇਸ਼ ਦਾ ਪੌਣੇ ਛੇ ਲੱਖ ਨੌਜਵਾਨ ਕਾਲਜਾਂ ਵਿਚ ਬਿਨਾਂ ਪ੍ਰੋਫੈਸਰ, ਸਹਾਇਕ ਪ੍ਰੋਫੈਸਰ ਦੇ ਹੀ ਪੜ੍ਹ ਰਿਹਾ ਹੈ। ਸਾਡੇ ਨੌਜਵਾਨਾਂ ਨੇ ਦੁਨੀਆਂ ਨੂੰ ਦਿਖਾ ਦਿੱਤਾ ਹੈ। ਸਾਡਾ ਨੌਜਵਾਨ ਦੇਸ਼ ਮੰਗਦਾ ਹੈ, ਕਾਲਜ ਅਤੇ ਕਾਲਜ ਵਿਚ ਟੀਚਰ ਨਹੀਂ ਮੰਗਦਾ। ਉਹ ਦੇਸ਼ ਦੀ ਖਾਤਰ ਖੁਦ ਚਾਰ ਘੰਟੇ ਵਧੇਰੇ ਪੜ੍ਹ ਲਵੇਗਾ। ਤੇ ਟਿਊਸ਼ਨ ਦੇ ਲਈ ਮਾਸਟਰਾਂ ਦਾ ਕੋਈ ਘਾਟਾ ਨਹੀਂ ਹੈ। ਤਾਂ ਹੀ ਅਸੀਂ ਸਕੂਟੀ ਅਤੇ ਮੋਪਡ ਦੇਣ ਵਾਲੇ ਹਾਂ ਤਾਂ ਕਿ ਬੱਚੇ ਕਾਲਜ ਘੱਟ ਜਾਣ, ਸਿੱਧੇ ਟਿਊਸ਼ਨ ਜਾਣ।

ਪਰਮਾਨੈਂਟ ਟੀਚਰ ਦਾ ਝੰਜਟ ਹੀ ਖਤਮ ਕਰ ਦਿੱਤਾ ਗਿਆ ਹੈ। ਇਸ ਸਾਲ ਤਾਂ ਸ਼ਿਵਰਾਜ ਸਿੰਘ ਚੌਹਾਨ ਨੇ ਗੈਸਟ ਵਿਦਵਾਨਾਂ ਦਾ ਮਾਣਭੱਤਾ ਘੱਟੋ-ਘੱਟ 30000 ਰੁਪਏ ਕਰ ਦਿੱਤਾ ਹੈ, ਵਰਨਾ ਕਈ ਸਾਲ ਤਕ ਤਾਂ ਉਹ ਘੱਟੋ-ਘੱਟ ਮਜ਼ਦੂਰੀ ਤੋਂ ਵੀ ਘੱਟ ਉਪਰ ਪੜ੍ਹਾਉਂਦੇ ਰਹੇ ਹਨ। ਇਸੇ ਨੂੰ ਤਿਆਗ ਕਹਿੰਦੇ ਹਨ। 15 ਸਾਲ ਅਸੀਂ ਐਵੇਂ ਰਾਜ ਨਹੀਂ ਕੀਤਾ ਹੈ। ਇਸੇ ਲਈ ਤਾਂ ਚੋਣਾਂ ਕਾਰਨ ਅਸੀਂ ਜੁਲਾਈ ਵਿਚ ਘੱਟੋ-ਘੱਟ ਮਾਣਭੱਤਾ 30000 ਕਰ ਦਿੱਤਾ। ਦੀਵਾਲੀ ਆਈ ਤਾਂ ਅਸੀਂ ਕਿਹਾ ਕਿ ਇਕ ਮਹੀਨੇ ਦੀ ਤਨਖਾਹ ਦੇ ਦਿਓ ਤਾਂ ਕਿ ਲੱਗੇ ਕਿ ਤਨਖਾਹ ਮਿਲ ਸਕਦੀ ਹੈ। ਪੰਜ ਮਹੀਨੇ ਵਿਚ ਇਕ ਮਹੀਨੇ ਦੀ ਤਨਖਾਹ ਦੇ ਦਿਓ, ਨੌਜਵਾਨ ਕੰਮ ਕਰਨ ਲਈ ਤਿਆਰ ਹਨ। ਅਸੀਂ ਤਾਂ ਉਹ ਵੀ ਨਹੀਂ ਦਿੰਦੇ, ਲੇਕਿਨ ਮਨੁੱਖੀ ਅਧਿਕਾਰ ਕਮਿਸ਼ਨ ਨੇ ਨੋਟਿਸ ਦੇ ਦਿੱਤਾ ਕਿ ਇਨ੍ਹਾਂ ਨੂੰ ਤਨਖਾਹ ਦਿੱਤੀ ਜਾਵੇ। ਇਸੇ ਲਈ ਕਹਿੰਦਾ ਹਾਂ ਕਿ ਵਿਕਾਸ ਦੇ ਕੰਮ ਵਿਚ ਇਹ ਮਨੁੱਖੀ ਅਧਿਕਾਰ ਕਮਿਸ਼ਨ ਵਾਲੇ ਬਹੁਤ ਅੜਿੱਕਾ ਡਾਹੁੰਦੇ ਹਨ। ਕੋਈ ਗੱਲ ਨਹੀਂ, ਅਸੀਂ ਵੀ ਚਾਰ ਮਹੀਨੇ ਦੀ ਤਨਖਾਹ ਨਹੀਂ ਦਿੱਤੀ। ਦੀਵਾਲੀ ਦਾ ਖਰਚ ਹੀ ਕੀ ਹੈ। ਪਟਾਕੇ ਤਾਂ ਬੈਨ ਹੋ ਗਏ। ਦੀਵਾ ਤਾਂ ਮਿੱਟੀ ਨਾਲ ਬਣ ਜਾਂਦਾ ਹੈ।

ਹੁਣ ਦੇਖੋ, ਚਾਰ ਮਹੀਨੇ ਦੀ ਤਨਖਾਹ ਨਹੀਂ ਦਿੱਤੀ; ਫਿਰ ਵੀ ਗੈਸਟ ਫੈਕਲਟੀ ਕਾਲਜ ਜਾ ਰਹੇ ਹਨ। ਪੜ੍ਹਾ ਰਹੇ ਹਨ। ਵਿਰੋਧੀ ਕਹਿੰਦੇ ਹਨ ਕਿ ਤਿਰੰਗਾ ਅਤੇ ਤੋਪ ਦਾ ਕੋਈ ਲਾਭ ਨਹੀਂ। ਇਹ ਸਭ ਕਿਵੇਂ ਹੋ ਰਿਹਾ ਹੈ, ਮਿੱਤਰੋ! ਮੈਂ ਮੰਨਦਾ ਹਾਂ ਕਿ ਰਾਸ਼ਟਰਵਾਦ ਦੇ ਕਾਰਨ ਹੋ ਰਿਹਾ ਹੈ। ਰਾਸ਼ਟਰਵਾਦ ਦੀ ਭਾਵਨਾ ਤੋਂ ਪ੍ਰੇਰਿਤ ਨੌਜਵਾਨ ਬਿਨਾਂ ਤਨਖਾਹ ਪੜ੍ਹਾ ਰਹੇ ਹਨ ਅਤੇ ਬਿਨਾਂ ਟੀਚਰ ਪੜ੍ਹ ਰਹੇ ਹਨ। ਇਹ ਲਿਬਰਲ ਅਤੇ ਅਰਬਨ ਨਕਸਲ ਕੁਝ ਵੀ ਕਹਿੰਦੇ ਰਹਿਣ, ਅੱਜ ਦੇਸ਼ ਨੂੰ ਸਿੱਖਿਆ ਦੀ ਜ਼ਰੂਰਤ ਹੀ ਨਹੀਂ ਹੈ। ਅਸੀਂ ਉਸ ਦੀ ਜ਼ਰੂਰਤ ਹੀ ਖਤਮ ਕਰ ਦਿੱਤੀ ਹੈ। ਅਸੀਂ ਨਵੇਂ ਵਿਚਾਰਾਂ ਨੂੰ ਲੈ ਕੇ ਅੱਗੇ ਵਧ ਰਹੇ ਹਾਂ।

ਅਸੀਂ ਗੈਸਟ ਫੈਕਲਟੀ ਨੂੰ ਛੁੱਟੀ ਵੀ ਨਹੀਂ ਦਿੰਦੇ ਹਾਂ। ਛੁੱਟੀ ਲੈਂਦੇ ਹਨ ਤਾਂ ਤਨਖਾਹ ਕੱਟ ਲੈਂਦੇ ਹਾਂ। ਮਿੱਤਰੋ, ਮੈਂ ਇਕ ਦਿਨ ਵੀ ਛੁੱਟੀ ਨਹੀਂ ਲਈ ਹੈ। ਇਹ ਗੈਸਟ ਫੈਕਲਟੀ ਹੀ ਅਸਲ ਮੋਦੀ ਹਨ। ਬਿਨਾਂ ਛੁੱਟੀ ਪੜ੍ਹਾ ਰਹੇ ਹਨ। ਸਾਲ ਵਿਚ ਕੁਲ 1 ਲੱਖ 20 ਹਜ਼ਾਰ ਰੁਪਏ ਲੈ ਕੇ ਪੜ੍ਹਾਉਣ ਵਾਲੇ ਐਸੇ ਟੀਚਰ ਦੁਨੀਆਂ ਵਿਚ ਕਿਤੇ ਨਹੀਂ ਮਿਲਣਗੇ। ਸ਼ਹਿਰਾਂ ਵਿਚ ਦਿੱਕਤ ਹੁੰਦੀ ਹੈ, ਮੈਂ ਮੰਨਦਾ ਹਾਂ। ਇਸ ਲਈ ਜ਼ਿਆਦਾਤਰ ਗੈਸਟ ਫੈਕਲਟੀ ਨੂੰ ਅਸੀਂ ਪਿੰਡਾਂ ਵਿਚ ਲਗਾ ਰੱਖਿਆ ਹੈ। 2002 ਵਿਚ ਇਕ ਕਲਾਸ ਦੇ 75 ਰੁਪਏ ਮਿਲਦੇ ਸਨ ਅਤੇ ਇਕ ਦਿਨ ਵਿਚ ਚਾਰ ਕਲਾਸਾਂ ਦੇ ਪੈਸੇ ਮਿਲਦੇ ਸਨ। ਅੰਦੋਲਨ ਹੋ ਗਿਆ, ਅਸੀਂ ਕਿਹਾ, ਵਧਾ ਦਿਓ। ਚਾਰ ਕਲਾਸਾਂ ਦੀ ਜਗ੍ਹਾ ਤਿੰਨ ਕਲਾਸਾਂ ਦੇ ਪੈਸੇ ਦੇ ਦਿੱਤੇ। ਉਨ੍ਹਾਂ ਦਾ ਕੁਝ ਵਧ ਗਿਆ, ਲੇਕਿਨ ਸਾਡਾ ਬਹੁਤਾ ਨਹੀਂ ਘਟਿਆ। ਮੱਧ ਪ੍ਰਦੇਸ਼ ਦੇ ਕਾਲਜਾਂ ਵਿਚ ਐਮ.ਏ. ਪਾਸ, ਨੈੱਟ ਪਾਸ, ਪੀ.ਐਚ.ਡੀ. ਕੀਤੇ ਨੌਜਵਾਨਾਂ ਨੇ ਕਈ ਸਾਲ ਦੇਸ਼ ਹਿਤ ਵਿਚ 13 ਹਜ਼ਾਰ, 14 ਹਜ਼ਾਰ ਮਹੀਨੇ ਦੀ ਕਮਾਈ ਉਪਰ ਪੜ੍ਹਾਇਆ ਹੈ। ਭਾਈਓ, ਭੈਣੋਂ! ਇਹ ਦੇਸ਼ ਮੋਦੀ ਨਹੀਂ ਚਲਾ ਰਿਹਾ। ਇਹ ਦੇਸ਼ ਇਨ੍ਹਾਂ ਨੌਜਵਾਨਾਂ ਨਾਲ ਚੱਲ ਰਿਹਾ ਹੈ ਜੋ ਆਪਣਾ ਭਵਿੱਖ ਖਤਰੇ ਵਿਚ ਪਾ ਕੇ ਰਾਜ ਦਾ ਭਵਿੱਖ ਸੰਵਾਰ ਰਹੇ ਹਨ।

ਮਿੱਤਰੋ, ਮੇਰੀ ਸਪੀਚ ਰਵੀਸ਼ ਕੁਮਾਰ ਨੇ ਲਿਖੀ ਹੈ। ਉਸ ਨੇ ਗੈਸਟ ਫੈਕਲਟੀ ਦੇ ਨੇਤਾ ਦੇਵਰਾਜ ਨਾਲ ਗੱਲ ਕਰ ਲਈ ਹੈ। ਦੇਵਰਾਜ ਨੇ ਇਸ ਨੂੰ ਦੱਸ ਦਿੱਤਾ ਹੈ ਕਿ ਯੂ.ਜੀ.ਸੀ. ਦੇ ਹਿਸਾਬ ਨਾਲ 30 ਵਿਦਿਆਰਥੀਆਂ ਮਗਰ ਇਕ ਸਹਾਇਕ ਪ੍ਰੋਫੈਸਰ ਹੋਣਾ ਚਾਹੀਦਾ ਹੈ। ਇਸ ਹਿਸਾਬ ਨਾਲ 12000 ਸਹਾਇਕ ਪ੍ਰੋਫੈਸਰ ਹੋਣੇ ਚਾਹੀਦੇ ਹਨ। ਸਰਕਾਰੀ ਕਾਲਜਾਂ ਵਿਚ ਸਹਾਇਕ ਪ੍ਰੋਫੈਸਰ ਲਈ 7000 ਤੋਂ ਵਧੇਰੇ ਅਸਾਮੀਆਂ ਮਨਜ਼ੂਰ ਹਨ ਲੇਕਿਨ 5000 ਤੋਂ ਉਪਰ ਟੀਚਰ ਗੈਸਟ ਫੈਕਲਟੀ ਹਨ। ਅਸੀਂ ਨਾ ਤਾਂ ਕਿਸੇ ਨੂੰ ਪਰਮਾਨੈਂਟ ਰੱਖਿਆ, ਨਾ ਇਨ੍ਹਾਂ ਗੈਸਟ ਫੈਕਲਟੀ ਨੂੰ ਕਦੇ ਪੂਰੀ ਤਨਖਾਹ ਦਿੱਤੀ। ਪਰਮਾਨੈਂਟ ਕਰਦੇ ਤਾਂ ਡੇਢ ਲੱਖ ਮਹੀਨੇ ਦੀ ਤਨਖਾਹ ਦੇਣੀ ਪੈਂਦੀ, ਲੇਕਿਨ ਇਹੀ ਨੌਜਵਾਨ 15 ਸਾਲ ਤੋਂ ਸਿਰਫ਼ ਇਕ ਲੱਖ ਦੀ ਤਨਖਾਹ ਨਾਲ ਪੂਰਾ ਸਾਲ ਪੜ੍ਹਾ ਰਹੇ ਸਨ। ਮੱਧ ਪ੍ਰਦੇਸ਼ ਦੀ ਜਨਤਾ ਐਵੇਂ ਹੀ ਮਾਮਾ ਨਹੀਂ ਕਹਿੰਦੀ। ਭਾਣਜਿਆਂ ਦਾ ਕੰਮ ਹੀ ਕੀ ਹੈ। ਮਾਮਾ ਮਾਮਾ ਕਰਨਾ। ਮਾਂ ਵੀ ਖੁਸ਼, ਮਾਮਾ ਵੀ ਖੁਸ਼।

ਇਹੀ ਨਹੀਂ, ਜੋ ਕਾਲਜ ਪਬਲਿਕ ਹਿੱਸੇਦਾਰੀ ਨਾਲ ਚਲਾਏ ਜਾਂਦੇ ਹਨ, ਉਹ ਵੀ ਚਲਾਕ ਹੋ ਗਏ ਹਨ। ਇਕ ਸ਼ਹਿਰ ਦਾ ਇਕ ਕਾਲਜ ਇਕ ਟੀਚਰ ਨੂੰ 18000 ਤਨਖਾਹ ਦਿੰਦਾ ਹੈ ਤਾਂ ਦੂਜਾ ਕਾਲਜ ਉਸੇ ਵਿਸ਼ੇ ਦੀ ਪੜ੍ਹਾਈ 10000 ਵਿਚ ਕਰਵਾ ਰਿਹਾ ਸੀ। ਭਾਜਪਾ ਦੀ ਸਰਕਾਰ ਨੇ ਉਚ ਸਿੱਖਿਆ ਉਪਰ ਵੱਧ ਤੋਂ ਵੱਧ ਪੈਸੇ ਬਚਾਏ ਹਨ। ਅੱਜ ਤਕ ਕਿਸੇ ਨੇ ਇਸ ਦੀ ਸ਼ਿਕਾਇਤ ਕੀਤੀ? ਕਿਸੇ ਨੇ ਵੀ ਨਹੀਂ ਕੀਤੀ। ਅੰਦੋਲਨ ਵਗੈਰਾ ਹੁੰਦੇ ਰਹਿੰਦੇ ਹਨ, ਲੇਕਿਨ ਇਹ ਨੌਜਵਾਨ ਜਾਣਦੇ ਹਨ ਕਿ ਇਨ੍ਹਾਂ ਦਾ ਮਾਮਾ ਅਗਰ ਕੋਈ ਹੈ ਤਾਂ ਉਹ ਕੌਣ ਹੈ। ਕੀ ਭਾਣਜਾ ਕਦੇ ਮਾਮੇ ਤੋਂ ਬਗ਼ਾਵਤ ਕਰਦਾ ਹੈ! ਭਾਰਤੀ ਪਰੰਪਰਾ ਹੈ। ਭਾਰਤੀ ਪਰੰਪਰਾ ਹੈ। ਅਸੀਂ ਸੰਸਕਾਰ ਨੂੰ ਸਿੱਖਿਆ ਤੋਂ ਪਹਿਲ ਦਿੰਦੇ ਹਾਂ। ਪਹਿਲੇ ਰਾਸ਼ਟਰਵਾਦ, ਫਿਰ ਸੰਸਕਾਰ ਅਤੇ ਦੋਨਾਂ ਨਾਲ ਸਰਕਾਰ।

ਅਸੀਂ ਇਨ੍ਹਾਂ ਗੈਸਟ ਫੈਕਲਟੀ ਨੂੰ ਵੀ ਕੱਢਣ ਵਾਲੇ ਹਾਂ। ਅਪਰੈਲ ਵਿਚ 3200 ਅਸਾਮੀਆਂ ਕੱਢੀਆਂ ਸਨ, 2600 ਦਾ ਨਤੀਜਾ ਨਿਕਲਿਆ ਹੈ। ਅਜੇ ਜੁਆਇਨਿੰਗ ਨਹੀਂ ਹੋਈ ਹੈ। ਇਨ੍ਹਾਂ ਦੇ ਕਾਲਜ ਜਾਂਦੇ ਹੀ, ਪੁਰਾਣੇ ਗੈਸਟ ਫੈਕਲਟੀ ਕੱਢ ਦਿੱਤੇ ਜਾਣਗੇ। ਨਵੇਂ ਨੌਜਵਾਨ ਆਉਣਗੇ ਅਤੇ ਡਟ ਕੇ ਪੜ੍ਹਾਉਣਗੇ। ਇਸ ਤਰ੍ਹਾਂ ਨਾਲ ਜੇ ਅਸੀਂ ਪੰਦਰਾਂ ਪੰਦਰਾਂ ਸਾਲ ਵਿਚ ਪੱਕੇ ਟੀਚਰਾਂ ਦੀ ਭਰਤੀ ਕਰੀਏ ਤਾਂ ਸਿੱਖਿਆ ਦਾ ਬੱਜਟ ਕਿੰਨਾ ਘਟ ਸਕਦਾ ਹੈ। ਮਿੱਤਰੋ, ਮੈਂ ਰਵੀਸ਼ ਕੁਮਾਰ ਦੀ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਨੌਜਵਾਨਾਂ ਦੀ ਸਿਆਸੀ ਸੂਝ ਤੀਜੇ ਦਰਜੇ ਦੀ ਹੈ।

ਅੱਜ ਮੱਧ ਪ੍ਰਦੇਸ਼ ਦੇ ਨੌਜਵਾਨਾਂ ਨੇ ਬਿਨਾਂ ਟੀਚਰ ਦੇ ਪੜ੍ਹ ਕੇ ਦੁਨੀਆਂ ਨੂੰ ਦਿਖਾ ਦਿੱਤਾ ਹੈ। ਮੱਧ ਪ੍ਰਦੇਸ਼ ਦੇ ਪੜ੍ਹੇ ਲਿਖੇ ਨੌਜਵਾਨਾਂ ਨੇ ਦਸ ਦਸ ਸਾਲ ਇਕ ਲੱਖ ਰੁਪਏ ਵਿਚ ਪੂਰਾ ਸਾਲ ਪੜ੍ਹਾ ਕੇ ਜੋ ਦਿਖਾਇਆ ਹੈ, ਉਹ ਦੱਸਦਾ ਹੈ ਕਿ ਇਨ੍ਹਾਂ ਦੀ ਸਿਆਸੀ ਸਮਝ ਤੀਜੇ ਦਰਜੇ ਦੀ ਨਹੀਂ ਹੈ। ਇਨ੍ਹਾਂ ਦੇ ਮਾਂ-ਬਾਪ ਨੇ ਸ਼ਿਕਾਇਤ ਨਹੀਂ ਕੀਤੀ। ਇਨ੍ਹਾਂ ਨੂੰ ਸ਼ਿਕਾਇਤ ਨਹੀਂ। ਹੁਣ ਤੁਸੀਂ ਹੀ ਪੁੱਛੋ ਕਿ ਰਵੀਸ਼ ਕੁਮਾਰ ਨੂੰ ਔਕੜ ਕੀ ਹੈ? ਉਸ ਨੂੰ ਸ਼ਿਕਾਇਤ ਕਿਉਂ ਹੈ?

ਮੈਂ ਵਧਾਈ ਦਿੰਦਾ ਹਾਂ, ਅਸੀਂ ਮੱਧ ਪ੍ਰਦੇਸ਼ ਵਿਚ ਉਚ ਸਿੱਖਿਆ ਦਾ ਵਿਕਾਸ ਕੀਤਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਕੋਈ ਆ ਕੇ ਸਾਡੇ ਨਾਲ ਇਸ ਮਾਮਲੇ ਵਿਚ ਬਹਿਸ ਕਰ ਲਵੇ। ਮੇਰੇ ਮੱਧ ਪ੍ਰਦੇਸ਼ ਦੇ ਨੌਜਵਾਨ ਕਿਸੇ ਨਾਲ ਬਹਿਸ ਨਹੀਂ ਕਰਦੇ। ਵੈਸੇ ਚੋਣਾਂ ਵਿਚ ਗੱਲਾਂ ਤਾਂ ਬਹੁਤ ਹੁੰਦੀਆਂ ਹਨ, ਲੇਕਿਨ ਸਿੱਖਿਆ ਉਪਰ ਕੋਈ ਵੀ ਮੇਰੇ ਨਾਲ ਗੱਲ ਕਰ ਲਵੇ। ਪੁੱਛੋ, ਜੋ ਪੁੱਛਣਾ ਹੈ, ਮੈਂ ਜਵਾਬ ਦੇਵਾਂਗਾ। ਅਰੇ ਪੁੱਛੋਗੇ ਤਦ ਨਾ, ਜਦੋਂ ਅਸੀਂ ਤੁਹਾਨੂੰ ਪੁੱਛਣ ਦੇ ਲਾਇਕ ਬਣਾਵਾਂਗੇ। ਭਾਰਤ ਮਾਤਾ ਦੀ ਜੈ। ਭਾਰਤ ਮਾਤਾ ਦੀ ਜੈ।"

## ਐਨ.ਸੀ.ਐਮ. ਮੁਖੀ ਵੱਲੋਂ ਅਯੁੱਧਿਆ ਮਸਲੇ ਦੇ ਨਿਬੇੜੇ ਲਈ ਵਿਚੋਲਗੀ ਦੀ ਪੇਸ਼ਕਸ਼

**ਨਵੀਂ ਦਿੱਲੀ:** ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ (ਐਨ.ਸੀ.ਐਮ.) ਦੇ ਚੇਅਰਮੈਨ ਜੀ. ਹਸਨ ਰਿਜ਼ਵੀ ਨੇ ਅਯੁੱਧਿਆ ਮਾਮਲੇ ਵਿਚ ਵਿਚੋਲਗੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਹ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰ ਕੇ ਇਸ ਮਾਮਲੇ ਦਾ ਅਦਾਲਤ ਦੇ ਬਾਹਰ ਨਿਬੇੜਾ ਕਰਨ ਲਈ ਤਿਆਰ ਹਨ। ਰਿਜ਼ਵੀ ਨੇ ਮੁਸਲਮਾਨਾਂ ਨੂੰ ਅਪੀਲ ਕੀਤੀ ਕਿ ਹਿੰਦੂਆਂ ਲਈ ਇਹ ਮਸਲਾ ਧਰਮ ਨਾਲ ਜੁੜਿਆ ਹੋਇਆ ਹੈ, ਲਿਹਾਜ਼ਾ ਉਹ ਥੋੜ੍ਹਾ 'ਵੱਡਾ ਦਿਲ ਰੱਖਣ'।

ਇਸ ਖਬਰ ਏਜੰਸੀ ਨੂੰ ਦਿੱਤੀ ਇੰਟਰਵਿਊ ਦੌਰਾਨ ਰਿਜ਼ਵੀ ਨੇ ਕਿਹਾ ਕਿ ਵਿਚੋਲਗੀ ਦੌਰਾਨ ਉਹ ਇਹ ਯਕੀਨੀ ਬਣਾਉਣਗੇ ਕਿ ਜੇਕਰ ਮੁਸਲਿਮ ਅਯੁੱਧਿਆ ਮਸਲਿਆਂ ਨੂੰ ਹੱਲ ਕਰਨ ਦੀ ਸਹਿਮਤੀ ਦਿੰਦੇ ਹਨ, ਤਾਂ ਕਾਸ਼ੀ ਤੇ ਮਥੁਰਾ ਸਮੇਤ ਹੋਰਨਾਂ ਥਾਵਾਂ 'ਤੇ ਮਸਜਿਦਾਂ ਨੂੰ ਲੈ ਕੇ ਬੇਲੋੜਾ ਵਿਵਾਦ ਨਾ ਖੜ੍ਹਾ ਕੀਤਾ ਜਾਵੇ। ਰਿਜ਼ਵੀ ਨੇ ਕਿਹਾ ਕਿ ਕਮਿਸ਼ਨ ਦੀ 14 ਨਵੰਬਰ ਨੂੰ ਹੋਈ ਮਹੀਨਾਵਾਰ ਮੀਟਿੰਗ ਵਿਚ ਉਨ੍ਹਾਂ ਨੂੰ ਚੇਅਰਪਰਸਨ ਵਜੋਂ ਅਯੁੱਧਿਆ ਮਸਲੇ ਉਤੇ ਵਿਚੋਲਗੀ ਲਈ ਅਧਿਕਾਰਤ ਕੀਤਾ ਗਿਆ ਹੈ।

ਸ੍ਰੀ ਰਿਜ਼ਵੀ ਨੇ ਕਿਹਾ, "ਮੇਰਾ ਮੰਨਣਾ ਹੈ ਕਿ ਜਨਵਰੀ ਦੇ ਪਹਿਲੇ ਹਫਤੇ ਹੋਣ ਵਾਲੀ ਸੁਣਵਾਈ ਦੌਰਾਨ ਅਦਾਲਤੀ ਫੈਸਲਾ ਇਕ ਧਿਰ ਦੇ ਹੱਕ ਅਤੇ ਦੂਜੀ ਦੇ ਖਿਲਾਫ਼ ਜਾਏਗਾ, ਲਿਹਾਜ਼ਾ ਚੰਗਾ ਹੋਵੇਗਾ ਜੇਕਰ ਇਸ ਮਸਲੇ ਨੂੰ ਅਦਾਲਤ ਦੇ ਬਾਹਰ ਹੀ ਨਿਬੇੜ ਲਿਆ ਜਾਵੇ। ਇਸ ਪਾਸੇ ਨੂੰ ਪੇਸ਼ਕਦਮੀ ਕਰਦਿਆਂ ਮੈਂ, ਐਨ.ਸੀ.ਐਮ. ਦੇ ਚੇਅਰਪਰਸਨ ਵਜੋਂ ਦੋਵਾਂ ਭਾਈਚਾਰਿਆਂ ਦੇ ਲੋਕਾਂ ਨੂੰ ਮਿਲ ਕੇ ਅਦਾਲਤ ਤੋਂ ਬਾਹਰ ਮਸਲਾ ਨਜਿੱਠਣ ਦੀ ਕੋਸ਼ਿਸ਼ ਕਰਾਂਗਾ।"

# ਡਾ. ਕਿਰਪਾਲ ਸਿੰਘ ਦੀ ਛੁੱਟੀ ਬਾਰੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਖਿਲਾਫ ਲਾਮਬੰਦੀ

**ਅੰਮ੍ਰਿਤਸਰ:** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿਚ ਸਿੱਖ ਇਤਿਹਾਸ ਨਾਲ ਛੇੜਛਾੜ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਬਜ਼ੁਰਗ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰੋਜੈਕਟ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ' ਤੋਂ ਲਾਂਭੇ ਕਰਨ ਦੇ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ ਸਹਿਮਤ ਨਹੀਂ ਹਨ। ਉਧਰ, ਡਾ. ਕਿਰਪਾਲ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਭੇਜੇ ਪੱਤਰ ਵਿਚ ਆਖਿਆ ਹੈ ਕਿ ਉਨ੍ਹਾਂ ਇਸ ਪ੍ਰੋਜੈਕਟ ਲਈ ਕੋਈ ਅਰਜ਼ੀ ਨਹੀਂ ਦਿੱਤੀ ਸੀ, ਸਗੋਂ ਸ਼੍ਰੋਮਣੀ ਕਮੇਟੀ ਵੱਲੋਂ ਪੰਥ ਦਾ ਹੁਕਮ ਦੱਸ ਕੇ ਇਹ ਸੇਵਾ ਸੌਂਪੀ ਗਈ ਸੀ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ 9 ਨਵੰਬਰ ਨੂੰ ਸਿੱਖ ਜਥੇਬੰਦੀਆਂ ਮੀਟਿੰਗ ਮਗਰੋਂ ਕੀਤੇ ਫੈਸਲੇ ਤਹਿਤ ਡਾ. ਕਿਰਪਾਲ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੌਂਪੀਆਂ ਸੇਵਾਵਾਂ ਵਾਪਸ ਲੈ ਲਈਆਂ ਸਨ। ਡਾ. ਕਿਰਪਾਲ ਸਿੰਘ ਪੰਜਾਬ ਸਕੂਲ ਸਿੱਖਿਆ ਬੋਰਡ ਦੇ 11ਵੀਂ ਤੇ 12ਵੀਂ ਜਮਾਤ ਦੇ ਇਤਿਹਾਸ ਦੇ ਸਿਲੇਬਸ ਨੂੰ ਤਿਆਰ ਕਰਨ ਲਈ ਸਰਕਾਰ ਵੱਲੋਂ ਬਣਾਈ 'ਸਿਲੇਬਸ ਕਮੇਟੀ' ਦੀ ਅਗਵਾਈ ਕਰ ਰਹੇ ਹਨ। ਸਿਲੇਬਸ ਦੇ ਪੰਜ ਚੈਪਟਰਾਂ ਵਿਚ ਸਿੱਖ ਇਤਿਹਾਸ ਸਬੰਧੀ ਗਲਤ ਤੱਥ ਪੇਸ਼ ਕੀਤੇ ਜਾਣ ਉਤੇ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਸਿਲੇਬਸ ਕਮੇਟੀ ਵਿਚ ਸ਼ਾਮਲ ਆਪਣੇ ਦੋ ਮੈਂਬਰ ਵਾਪਸ ਲੈ ਲਏ ਸਨ। ਸ਼੍ਰੋਮਣੀ ਕਮੇਟੀ ਵੱਲੋਂ ਸਿਲੇਬਸ ਵਿਚ ਸਿੱਖ ਇਤਿਹਾਸ ਨਾਲ ਹੋਈ ਛੇੜਛਾੜ ਮਾਮਲੇ ਦੀ 'ਸਜ਼ਾ' ਵਜੋਂ ਡਾ. ਕਿਰਪਾਲ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੌਂਪੇ ਪ੍ਰੋਜੈਕਟ ਤੋਂ ਹਟਾਉਣ ਦੇ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਹੀ ਕਈ ਮੈਂਬਰ ਸਹਿਮਤ ਨਹੀਂ ਹਨ।

ਜਨਰਲ ਇਜਲਾਸ ਵੇਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਡਾ. ਕਿਰਪਾਲ ਸਿੰਘ ਵੱਲੋਂ ਭੇਜਿਆ



ਪੱਤਰ ਵੀ ਵੰਡਿਆ ਗਿਆ ਸੀ, ਜਿਸ ਵਿਚ ਉਨ੍ਹਾਂ ਆਪਣਾ ਪੱਖ ਸ਼੍ਰੋਮਣੀ ਕਮੇਟੀ ਕੋਲ ਰੱਖਿਆ ਸੀ। ਇਹ ਦੋ ਸਫਿਆਂ ਦਾ ਪੱਤਰ ਉਨ੍ਹਾਂ ਵੱਲੋਂ 10 ਨਵੰਬਰ ਨੂੰ ਭੇਜਿਆ ਗਿਆ ਸੀ। ਪੱਤਰ ਵਿਚ ਉਨ੍ਹਾਂ ਲਿਖਿਆ ਕਿ 23 ਫਰਵਰੀ 2001 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ' ਪ੍ਰੋਜੈਕਟ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਇਸ ਪ੍ਰੋਜੈਕਟ ਲਈ ਕੋਈ ਅਰਜ਼ੀ ਨਹੀਂ ਦਿੱਤੀ ਸੀ, ਸਗੋਂ ਸ਼੍ਰੋਮਣੀ ਕਮੇਟੀ ਵੱਲੋਂ ਪੰਥ ਦਾ ਹੁਕਮ ਦੱਸ ਕੇ ਇਹ ਸੇਵਾ ਸੌਂਪੀ ਗਈ ਸੀ, ਜਿਸ ਤਹਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਨੌਵੇਂ ਗੁਰੂ ਤਕ ਦੇ ਇਤਿਹਾਸ ਦੀਆਂ 21 ਜਿਲਦਾਂ ਛਪ ਚੁੱਕੀਆਂ ਹਨ ਤੇ ਦੋ ਜਿਲਦਾਂ ਪ੍ਰੈੱਸ ਵਿਚ ਹਨ। ਬਾਰ੍ਹਵੀਂ ਜਮਾਤ ਦੇ ਇਤਿਹਾਸ ਦੇ ਸਿਲੇਬਸ ਵਿਚ ਗਲਤੀਆਂ ਬਾਰੇ ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰਾਂ ਵਿਚੋਂ ਇਕ ਡਾ. ਇੰਦਰਜੀਤ ਸਿੰਘ ਗੋਗੋਆਣੀ ਵੱਲੋਂ ਭੇਜੇ ਇਤਰਾਜ਼ ਪੱਤਰ ਦੀਆਂ ਕਾਪੀਆਂ ਉਨ੍ਹਾਂ ਸਾਰੇ ਸਿਲੇਬਸ ਕਮੇਟੀ ਦੇ ਮੈਂਬਰਾਂ ਨੂੰ ਭੇਜੀਆਂ ਸਨ ਤੇ ਇਹ ਵੀ ਲਿਖਿਆ ਸੀ ਕਿ ਇਸੇ ਦੀ ਰੌਸ਼ਨੀ ਵਿਚ ਹੀ ਇਤਿਹਾਸ ਲਿਖਿਆ ਜਾਵੇ।

ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਨੁਮਾਇੰਦਿਆਂ ਦੇ ਮੀਟਿੰਗ ਵਿਚ ਨਾ ਆਉਣ ਕਾਰਨ ਉਨ੍ਹਾਂ ਦਾ ਪੱਖ ਹਰ ਮੀਟਿੰਗ ਵਿਚ ਕਮਜ਼ੋਰ ਹੁੰਦਾ ਗਿਆ। ਉਨ੍ਹਾਂ ਆਖਿਆ ਕਿ ਸਿਲੇਬਸ ਦੇ ਇਕ ਤੋਂ ਪੰਜ ਤੱਕ ਚੈਪਟਰ ਪ੍ਰੋ. ਜੇ.ਐਸ. ਗਰੇਵਾਲ ਨੇ ਲਿਖੇ ਹਨ, ਜਿਸ ਵਿਚ ਗਲਤੀਆਂ ਬਾਰੇ ਸੂਚਿਤ ਕਰ ਦਿੱਤਾ ਸੀ, ਪਰ ਸਿੱਖਿਆ ਮੰਤਰੀ ਦੇ ਜ਼ੋਰ ਦੇਣ ਕਾਰਨ ਤੇ ਦਰੁਸਤ ਕੀਤੇ ਚੈਪਟਰ ਉਨ੍ਹਾਂ ਨੂੰ ਦਿਖਾਏ ਬਿਨਾਂ ਹੀ ਬੋਰਡ ਦੀ ਵੈੱਬਸਾਈਟ ਉਤੇ ਅਪਲੋਡ ਕਰ ਦਿੱਤੇ ਗਏ। ਉਨ੍ਹਾਂ ਆਖਿਆ ਕਿ ਇਸ ਕਾਰਜ ਵਿਚ ਉਨ੍ਹਾਂ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਹੀਂ ਵਰਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਨ੍ਹਾਂ ਦਾ ਪੱਖ ਜ਼ਰੂਰ ਵਿਚਾਰਿਆ ਜਾਵੇ। ਉਨ੍ਹਾਂ ਇਹ ਵੀ ਲਿਖਿਆ ਕਿ ਜਿਸ ਨੂੰ ਸਜ਼ਾ ਦਿੱਤੀ ਜਾਂਦੀ ਹੈ, ਉਸ ਦਾ ਪੱਖ ਵੀ ਸੁਣਿਆ ਜਾਣਾ ਜ਼ਰੂਰੀ ਹੁੰਦਾ ਹੈ।

### ਡਾ. ਕਿਰਪਾਲ ਸਿੰਘ ਨੂੰ ਪੱਖ ਰੱਖਣ ਦਾ ਮੌਕਾ ਤਾਂ ਦਿੱਤਾ ਜਾਂਦਾ: ਕਿਰਨਜੋਤ ਕੌਰ

ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਡਾ. ਕਿਰਪਾਲ ਸਿੰਘ ਨੂੰ ਜਿਸ ਢੰਗ ਨਾਲ ਜ਼ਲੀਲ ਕਰ ਕੇ ਸੇਵਾਵਾਂ ਵਾਪਸ ਲਈਆਂ ਹਨ, ਉਹ ਠੀਕ ਨਹੀਂ ਹੈ। ਡਾ. ਕਿਰਪਾਲ ਸਿੰਘ ਨੇ ਸਾਰੀ ਜ਼ਿੰਦਗੀ ਸਿੱਖ ਇਤਿਹਾਸ ਨੂੰ ਸਮਰਪਿਤ ਕੀਤੀ ਹੈ। 96 ਸਾਲ ਦੀ ਉਮਰ ਵਿਚ ਵੀ ਉਹ ਸ਼੍ਰੋਮਣੀ ਕਮੇਟੀ ਲਈ ਕੰਮ ਕਰ ਰਹੇ ਸਨ। ਜੇਕਰ ਉਨ੍ਹਾਂ ਦੇ ਇਸ ਕੰਮ ਵਿਚ ਕੋਈ ਗਲਤੀ ਹੈ ਤਾਂ ਉਨ੍ਹਾਂ ਨਾਲ ਗੱਲ ਕੀਤੀ ਜਾ ਸਕਦੀ ਸੀ। ਉਨ੍ਹਾਂ ਨੂੰ ਪੱਖ ਰੱਖਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ।

### ਸ਼੍ਰੋਮਣੀ ਕਮੇਟੀ ਦਾ ਫੈਸਲਾ ਡਾ. ਕਿਰਪਾਲ ਸਿੰਘ ਨੂੰ ਜ਼ਲੀਲ ਕਰਨ ਵਾਲਾ: ਮੱਕੜ

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵੀ ਡਾ. ਕਿਰਪਾਲ ਸਿੰਘ ਪ੍ਰਤੀ ਸ਼੍ਰੋਮਣੀ ਕਮੇਟੀ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਆਖਿਆ ਕਿ ਉਹ 2001 ਤੋਂ ਸ਼੍ਰੋਮਣੀ ਕਮੇਟੀ ਵਾਸਤੇ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੇ ਹਨ। ਹੁਣ ਤੱਕ ਉਨ੍ਹਾਂ ਨੇ ਇਸ ਸਬੰਧੀ ਕਈ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਨੇ 96 ਸਾਲ ਦੀ ਉਮਰ ਵਿਚ ਵੀ ਸਿੱਖ ਕੌਮ ਲਈ ਇਤਿਹਾਸ ਸੋਧਣ ਦਾ ਵੱਡਾ ਕੰਮ ਕੀਤਾ ਹੈ। ਸ਼੍ਰੋਮਣੀ ਕਮੇਟੀ ਦਾ ਫੈਸਲਾ ਡਾ. ਕਿਰਪਾਲ ਸਿੰਘ ਨੂੰ ਜ਼ਲੀਲ ਕਰਨ ਵਾਲਾ ਹੈ।

### ਡਾ. ਕਿਰਪਾਲ ਸਿੰਘ ਖਿਲਾਫ ਫੈਸਲਾ ਦੁਖਦਾਈ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ ਸਿੱਖ ਇਤਿਹਾਸ ਸਰੋਤ ਸੰਪਾਦਨਾ ਪ੍ਰੋਜੈਕਟ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾਉਣਾ ਬੇਹੱਦ ਦੁਖਦਾਈ ਹੈ।

ਉਨ੍ਹਾਂ ਕਿਹਾ ਕਿ ਕਮੇਟੀ ਨੂੰ ਆਪਣੇ ਫੈਸਲੇ 'ਤੇ ਮੁੜ ਗੌਰ ਕਰਨੀ ਚਾਹੀਦੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਵਿਚ ਸਿੱਖ ਇਤਿਹਾਸ ਨਾਲ ਛੇੜਛਾੜ ਮਾਮਲੇ 'ਚ ਐਸ.ਜੀ.ਪੀ.ਸੀ. ਨੇ ਡਾ. ਕਿਰਪਾਲ ਸਿੰਘ ਦਾ ਪੱਖ ਸੁਣੇ ਬਗੈਰ ਹੀ ਉਨ੍ਹਾਂ ਨੂੰ ਸੇਵਾ ਤੋਂ ਲਾਂਭੇ ਕਰ ਦਿੱਤਾ ਹੈ।

# ਦੀਪਿਕਾ-ਰਣਵੀਰ ਦੇ ਵਿਆਹ 'ਚ ਸਿੱਖ ਰਹਿਤ-ਮਰਿਆਦਾ ਦੀ ਉਲੰਘਣਾ!

**ਚੰਡੀਗੜ੍ਹ:** ਬਾਲੀਵੁੱਡ ਸਟਾਰ ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਦੇ ਇਟਲੀ ਵਿਚ ਹੋਏ ਵਿਆਹ ਦੌਰਾਨ ਰਹਿਤ ਮਰਿਆਦਾ ਭੰਗ ਕੀਤੇ ਜਾਣ ਉਤੇ ਸਿੱਖਾਂ ਨੇ ਇਤਰਾਜ਼ ਜਤਾਇਆ ਹੈ। ਇਟਲੀ ਦੇ ਸ਼ਹਿਰ ਬ੍ਰੇਸ਼ੀਆ ਦੇ ਗੁਰੂ ਘਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਹੋਟਲ ਵਿਚ ਪ੍ਰਕਾਸ਼ ਕਰਨ ਉਤੇ ਸਥਾਨਕ ਸਿੱਖਾਂ ਨੇ ਸਖਤ ਨੋਟਿਸ ਲਿਆ ਹੈ। ਇਹ ਸਭ ਉਸ ਸਮੇਂ ਵਾਪਰਿਆ ਜਦ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਿੰਘਾਂ ਵੱਲੋਂ ਉਥੇ ਕੀਰਤਨ ਵੀ ਕੀਤਾ ਜਾ ਰਿਹਾ ਸੀ। ਸਥਾਨਕ ਸਿੱਖਾਂ ਨੇ ਬ੍ਰੇਸ਼ੀਆ ਗੁਰਦੁਆਰਾ ਦੇ ਪ੍ਰਬੰਧਕਾਂ ਉਤੇ ਇਹ ਸਭ ਕਾਰਵਾਈ ਪੜਦੇ ਨਾਲ ਕਰਨ ਦੇ ਇਲਜ਼ਾਮ ਲਾਏ ਹਨ।

ਦੀਪਿਕਾ ਪਾਦੂਕੋਣ ਤੇ ਰਣਵੀਰ ਕਪੂਰ ਦਾ ਵਿਆਹ 14 ਤੇ 15 ਨਵੰਬਰ ਨੂੰ ਇਟਲੀ ਦੇ ਸ਼ਹਿਰ ਲੇਕ ਕੋਮੋ ਵਿਚ ਵਿਲਾ ਦੇਲ ਬਲਬਿਆਨੇਲੋ ਨਾਂ ਦੇ ਇਕ ਮਹਿਲਨੁਮਾ ਹੋਟਲ ਵਿਚ ਕੋਂਕਣੀ ਅਤੇ ਸਿੰਧੀ ਰਵਾਇਤਾਂ ਮੁਤਾਬਕ ਕੀਤਾ ਗਿਆ ਸੀ। ਫਿਲਮੀ ਜੋੜੀ ਦੇ ਪਰਿਵਾਰਾਂ ਅਤੇ ਚੋਣਵੇਂ ਮਹਿਮਾਨ ਇਸ ਵਿਆਹ ਵਿਚ ਸ਼ਾਮਲ ਹੋਣ ਲਈ ਇਟਲੀ ਪੁੱਜੇ ਸਨ। ਸਿੰਧੀ ਰਿਵਾਜ਼ ਮੁਤਾਬਕ ਦੋਵਾਂ ਨੇ ਸ੍ਰੀ



ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲਾਵਾਂ ਲਈਆਂ ਅਤੇ ਸਿੱਖ ਰਹੁ ਰੀਤਾਂ ਮੁਤਾਬਕ ਆਨੰਦ ਕਾਰਜ ਹੋਇਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਵਿਆਹ ਸਮਾਗਮ ਤੋਂ ਬਾਅਦ ਜਦੋਂ ਇਟਲੀ ਵਸਦੇ ਕੁਝ ਸਿੱਖਾਂ ਨੂੰ ਇਸ ਬਾਰੇ ਜਾਣਕਾਰੀ ਮਿਲੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਵਿਆਹ ਸਮਾਗਮ ਲਈ ਹੋਟਲ ਵਿਚ ਲਿਜਾਇਆ ਗਿਆ ਹੈ ਤਾਂ ਉਨ੍ਹਾਂ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਮੁਤਾਬਕ ਇਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਇਸ 'ਤੇ ਇਤਰਾਜ਼ ਕੀਤਾ। ਇਸ ਸਬੰਧੀ ਇਟਲੀ ਵਿਚ 'ਇੰਡੀਅਨ ਸਿੱਖ ਕਮਿਊਨਿਟੀ' ਜਥੇਬੰਦੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਗ ਨੇ ਦੱਸਿਆ ਕਿ ਇਸ ਵਿਆਹ ਸਮਾਗਮ ਲਈ ਸ਼ਹਿਰ ਬ੍ਰੇਸ਼ੀਆ ਸਥਿਤ ਗੁਰਦੁਆਰਾ ਸਿੰਘ ਸਭਾ, ਫਲੈਰੋ ਤੋਂ ਪਾਵਨ ਸਰੂਪ ਲਿਜਾਇਆ ਗਿਆ ਸੀ। ਲੇਕ ਕੋਮੋ ਸ਼ਹਿਰ ਲਗਭਗ 150 ਕਿਲੋਮੀਟਰ ਦੂਰ ਹੈ।

ਉਨ੍ਹਾਂ ਦੱਸਿਆ ਕਿ ਵਿਆਹ ਸਮਾਗਮ ਦਾ ਪ੍ਰਬੰਧ ਕਰਨ ਵਾਲੇ ਪ੍ਰਬੰਧਕਾਂ ਵੱਲੋਂ ਇਸ ਸਬੰਧੀ ਗੁਰਦੁਆਰੇ ਦੇ ਪ੍ਰਬੰਧਕਾਂ ਨਾਲ ਸੰਪਰਕ ਕੀਤਾ ਗਿਆ ਅਤੇ ਪ੍ਰਬੰਧਕਾਂ ਵਲੋਂ ਪਾਵਨ ਸਰੂਪ ਉਥੇ ਹੋਟਲ ਵਿਚ ਪਹੁੰਚਾਇਆ ਗਿਆ ਅਤੇ ਦੋਵਾਂ ਕਲਾਕਾਰਾਂ ਨੇ ਸਿੱਖ ਰੀਤੀ ਰਿਵਾਜ਼ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਲਾਵਾਂ ਫੇਰੇ ਲਏ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੇ ਇਸ ਰਸਮ ਨੂੰ ਸਿੰਧੀ ਰੀਤੀ ਰਿਵਾਜ਼ ਦੱਸ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਆਨੰਦ ਕਾਰਜ ਹੈ। ਕੰਗ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਨੂੰ ਉਹ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਵੀ ਲਿਖਣਗੇ।

ਆਨੰਦ ਕਾਰਜ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਜਥੇ ਵੱਲੋਂ ਲਾਵਾਂ ਦਾ ਕੀਰਤਨ ਵੀ ਕੀਤਾ ਗਿਆ ਹੈ। ਇਨ੍ਹਾਂ ਦੱਸਿਆ ਕਿ ਆਨੰਦ ਕਾਰਜ ਸਮੇਂ ਸ਼ਬਦ ਕੀਰਤਨ ਵੀ ਹੋਇਆ ਅਤੇ ਸਿੱਖ ਰੀਤੀ ਰਿਵਾਜਾਂ ਮੁਤਾਬਕ ਬਕਾਇਦਾ ਪੱਲਾ ਫੜਾਈ ਦੀ ਰਸਮ ਵੀ ਹੋਈ ਹੈ। ਉਧਰ, ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਪ੍ਰਕਾਸ਼ ਮੌਕੇ ਮਰਿਆਦਾ ਦੀ ਉਲੰਘਣਾ ਸਬੰਧੀ ਹਾਲੇ ਤੱਕ ਕੋਈ ਜਾਣਕਾਰੀ ਨਹੀਂ ਹੈ। ਇਟਲੀ ਦੇ ਗੁਰਦੁਆਰਾ ਸਿੰਘ ਸਭਾ ਫਲੈਰੋ ਦੇ ਪ੍ਰਬੰਧਕ ਇਸ ਮਾਮਲੇ ਉਤੇ ਚੁੱਪ ਹਨ।

## ਲੌਂਗੇਵਾਲਾ ਦੀ ਲੜਾਈ ਦੇ ਨਾਇਕ ਬ੍ਰਿਗੇਡੀਅਰ ਚਾਂਦਪੁਰੀ ਨਹੀਂ ਰਹੇ

**ਚੰਡੀਗੜ੍ਹ:** 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਲੌਂਗੇਵਾਲਾ ਦੀ ਲੜਾਈ ਦੇ ਨਾਇਕ ਬ੍ਰਿਗੇਡੀਅਰ ਸੇਵਾਮੁਕਤ ਕੁਲਦੀਪ ਸਿੰਘ ਚਾਂਦਪੁਰੀ (78) ਦਾ ਮੁਹਾਲੀ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਬ੍ਰਿਗੇਡੀਅਰ ਚਾਂਦਪੁਰੀ ਕੈਂਸਰ ਤੋਂ ਪੀੜਤ ਸਨ ਤੇ ਪਿੱਛੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਤੇ ਤਿੰਨ ਪੁੱਤਰ ਹਨ। ਲੌਂਗੇਵਾਲਾ ਰਾਜਸਥਾਨ ਦੇ ਥਾਰ ਰੇਗਿਸਤਾਨ ਵਿਚ ਇਕ ਸਰਹੱਦੀ ਚੌਕੀ ਹੈ ਜਿਥੇ ਮੇਜਰ ਚਾਂਦਪੁਰੀ ਨੇ ਮੁੱਠੀ ਭਰ ਫੌਜੀਆਂ ਨਾਲ ਪਾਕਿਸਤਾਨ ਦੇ ਵੱਡੇ ਫੌਜੀ ਹਮਲੇ ਨੂੰ ਨਾਕਾਮ ਬਣਾ ਦਿੱਤਾ ਸੀ।

ਉਨ੍ਹਾਂ ਨੂੰ ਲੌਂਗੇਵਾਲਾ ਦੀ ਲੜਾਈ ਵਿਚ ਦਿਖਾਏ ਅਦੁੱਤੀ ਸਾਹਸ ਬਦਲੇ ਮਹਾਵੀਰ ਚੱਕਰ ਮਿਲਿਆ ਸੀ। 1997 ਵਿਚ ਲੌਂਗੇਵਾਲਾ ਦੀ ਲੜਾਈ ਦੇ ਬਿਰਤਾਂਤ ਉਤੇ ਫਿਲਮ 'ਬਾਰਡਰ' ਬਣੀ ਸੀ ਜਿਸ ਵਿਚ ਅਦਾਕਾਰ ਸਨੀ ਦਿਓਲ ਨੇ ਬ੍ਰਿਗੇਡੀਅਰ ਚਾਂਦਪੁਰੀ ਦਾ ਕਿਰਦਾਰ ਨਿਭਾਇਆ ਸੀ। ਉਹ 1963 ਵਿਚ ਆਫਿਸਰਜ਼ ਟਰੇਨਿੰਗ ਅਕੈਡਮੀ ਚੇਨਈ ਤੋਂ ਪਾਸ ਹੋਏ ਸਨ ਤੇ ਪੰਜਾਬ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿਚ ਕਮਿਸ਼ਨ ਲਿਆ ਸੀ। 1965 ਦੀ ਜੰਗ ਵਿਚ ਉਨ੍ਹਾਂ ਪੱਛਮੀ ਸੈਕਟਰ ਵਿਚ ਭਾਗ ਲਿਆ ਸੀ ਤੇ ਬਾਅਦ ਵਿਚ ਕਰੀਬ ਇਕ ਸਾਲ ਸੰਯੁਕਤ ਰਾਸ਼ਟਰ ਹੰਗਾਮੀ ਬਲ ਯੂ.ਐਨ.ਈ.ਐਫ. ਵਿਚ ਸੇਵਾ ਨਿਭਾਈ। ਉਨ੍ਹਾਂ ਇਨਫੈਂਟਰੀ ਸਕੂਲ ਮਹੋਅ ਵਿਚ ਦੋ ਵਾਰ ਇੰਸਟ੍ਰਕਟਰ ਵਜੋਂ ਸੇਵਾ ਨਿਭਾਈ ਸੀ। ਪੰਜਾਬ ਦੇ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਚਾਂਦਪੁਰੀ ਦੇ ਦੇਹਾਂਤ ਉਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਉਹ ਬਹੁਤ ਦਲੇਰ ਅਫਸਰ ਤੇ ਬੇਮਿਸਾਲ ਫੌਜੀ ਸਨ ਜਿਨ੍ਹਾਂ ਦੇ ਦੇਹਾਂਤ ਨਾਲ ਦੇਸ਼ ਨੂੰ ਵੱਡਾ ਘਾਟਾ ਪਿਆ ਹੈ।

## ਹੁੱਡਾ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ

**ਚੰਡੀਗੜ੍ਹ:** ਨੈਸ਼ਨਲ ਹੈਰਾਲਡ ਦੀ ਸਹਿਯੋਗੀ ਕੰਪਨੀ ਐਸੋਸੀਏਟ ਜਰਨਲ ਲਿਮਟਿਡ (ਏ.ਜੇ.ਐਲ.) ਨੂੰ ਪੰਚਕੂਲਾ 'ਚ ਅਲਾਟ ਕੀਤੇ ਗਏ ਪਲਾਟ ਦੇ ਮਾਮਲੇ ਵਿਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਖਿਲਾਫ ਮੁਕੱਦਮਾ ਚੱਲੇਗਾ। ਸ੍ਰੀ ਹੁੱਡਾ ਨੇ ਮਾਮਲੇ ਨੂੰ ਸਿਆਸਤ ਅਤੇ ਬਦਲੇ ਦੀ ਭਾਵਨਾ ਨਾਲ ਪ੍ਰੇਰਿਤ ਕਰਾਰ ਦਿੱਤਾ ਹੈ। ਹਰਿਆਣਾ ਦੇ ਰਾਜਪਾਲ ਸਤਿਆਦੇਵ ਨਾਰਾਇਣ ਆਰੀਆ ਵੱਲੋਂ ਸੀ.ਬੀ.ਆਈ. ਨੂੰ ਹੁੱਡਾ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਨਾਲ ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦਾ ਰਾਹ ਪੱਧਰਾ ਹੋ ਗਿਆ।

ਜ਼ਿਕਰਯੋਗ ਹੈ ਕਿ ਲੋਕ ਸਭਾ ਵੱਲੋਂ ਬਦਲੇ ਗਏ ਨਿਯਮਾਂ ਤਹਿਤ ਸਾਬਕਾ ਮੁੱਖ ਮੰਤਰੀ ਖਿਲਾਫ ਚਾਰਜਸ਼ੀਟ ਦਾਖਲ ਕਰਨ ਤੋਂ ਪਹਿਲਾਂ ਰਾਜਪਾਲ ਦੀ ਮਨਜ਼ੂਰੀ ਲੈਣਾ ਜ਼ਰੂਰੀ ਸੀ।

ਜਾਣਕਾਰੀ ਮੁਤਾਬਕ ਇਹ ਮਾਮਲਾ ਰਾਜ ਸਰਕਾਰ ਕੋਲ ਵੀ ਪਹੁੰਚਿਆ ਸੀ ਅਤੇ ਉਨ੍ਹਾਂ ਕਾਨੂੰਨੀ ਰਾਏ ਲੈਣ ਲਈ ਕੇਸ ਨੂੰ ਐਡਵੋਕੇਟ ਜਨਰਲ ਕੋਲ ਭੇਜਿਆ ਸੀ।

## ਬੰਦਾ ਸਿੰਘ ਬਹਾਦਰ ਨੂੰ 'ਬੈਰਾਗੀ ਬੰਦਾ' ਕਹਿਣ 'ਤੇ ਇਤਰਾਜ਼

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੋਸ਼ ਲਾਇਆ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਬੈਰਾਗੀ ਬੰਦਾ' ਆਖਿਆ ਜਾ ਰਿਹਾ ਹੈ, ਜੋ ਇਤਰਾਜ਼ਯੋਗ ਹੈ।

ਸ੍ਰੀ ਸਰਨਾ ਨੇ ਦੱਸਿਆ ਕਿ ਹਰਿਆਣਾ ਸਰਕਾਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨਾਲ ਸਬੰਧਤ ਦਿਵਸ ਮਨਾਇਆ ਜਾ ਰਿਹਾ ਹੈ ਪਰ ਉਨ੍ਹਾਂ ਵੱਲੋਂ ਬੈਰਾਗੀ ਬੰਦਾ ਆਖ ਕੇ ਉਨ੍ਹਾਂ ਦਾ ਨਾਂ ਵਿਗਾੜਨ ਦਾ ਯਤਨ ਕੀਤਾ ਗਿਆ ਹੈ, ਜਿਸ ਉਤੇ ਸਿੱਖ ਕੌਮ ਨੂੰ ਇਤਰਾਜ਼ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਿੱਖ ਵਫਦ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਮਿਲਿਆ ਹੈ ਅਤੇ ਹਰਿਆਣਾ ਦੀ ਮੌਜੂਦਾ ਸਰਕਾਰ ਵੱਲੋਂ ਕੀਤੀ ਜਾ ਰਹੀ ਗਲਤੀ ਤੋਂ ਜਾਣੂ ਕਰਾਉਂਦਿਆਂ ਇਸ ਨੂੰ ਰੋਕਣ ਲਈ ਅਪੀਲ ਕੀਤੀ ਹੈ। ਉਨ੍ਹਾਂ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਹਰਿਆਣਾ ਦੀ ਮੌਜੂਦਾ ਸਰਕਾਰ ਨੂੰ ਇਸ ਗਲਤੀ ਨੂੰ ਕਰਨ ਤੋਂ ਰੋਕਣ ਦਾ ਯਤਨ ਕਰਨਗੇ। ਸ੍ਰੀ ਸਰਨਾ ਨੇ ਆਖਿਆ ਕਿ ਉਹ ਦਸਵੇਂ ਗੁਰੂ ਕੋਲੋਂ ਅੰਮ੍ਰਿਤਪਾਨ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਬਣ ਗਏ ਸਨ।


ਸਿੱਖ ਕੌਮ ਵਿਚ ਉਨ੍ਹਾਂ ਨੂੰ ਮਾਣ ਸਨਮਾਨ ਪ੍ਰਾਪਤ ਹੈ। ਬੈਰਾਗੀ ਬੰਦਾ ਆਖ ਕੇ ਉਨ੍ਹਾਂ ਨੂੰ ਛੁਟਿਆਉਣ ਦਾ ਯਤਨ ਕੀਤਾ ਗਿਆ ਹੈ।



ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਖੱਟਰ ਵਿਵਾਦ ਦੇ ਘੇਰੇ ਵਿਚ ਆ ਚੁੱਕੇ ਹਨ ਜਦੋਂ ਉਨ੍ਹਾਂ ਨੇ ਇਕ ਅਜਿਹੇ ਗੁਰਦੁਆਰੇ ਵਿਚ ਜਾਣ ਤੋਂ ਮਨ੍ਹਾਂ ਕਰ ਦਿੱਤਾ ਸੀ, ਜਿਥੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੀ ਹੋਈ ਸੀ। ਦਮਦਮੀ ਟਕਸਾਲ ਵੱਲੋਂ ਮੁੱਖ ਮੰਤਰੀ ਦੀ ਇਸ ਕਾਰਵਾਈ ਦਾ ਸਖਤ ਵਿਰੋਧ ਕੀਤਾ ਗਿਆ ਸੀ।

# Homeopathicvibes

## Harminder Singh Gill



*D.H.M.S; B.C.I.H*

(Ex Homeopathic Medical officer Punjab Govt.)

***Now we have two locations:***

940 E. El Camino Real, Sunnyvale, CA 94087

www.homeopathicvibes.com

**Ph: (408) 737-7100**

Fax: (408)737-7102

39210 State St., Suite 111, Fremont, CA 94538

*We sell and ship homeopathic remedies through out North America.*

# Drivers Wanted

For NGL DBA Shan Freight Way Inc. Out Of Clinton Township, MI

Pays up to 50c Single, 55c Team (Loaded/Empty)

From California Or Mid West. Company Operation From Michigan To California & California To Michigan, Ohio, Pennsylvania, New York.

Automatic Trucks. Pay By Weakly Lay Over, Overnight, Paid. Minimum 1 Year Experience Required. Automatic Trucks

Contact Ajay Parmar Or Binder Rai Or Prince Parmar

Ph: (440) 334-7318 (301) 640-6746 Or (425) 362-4592

**NGL DBA Shan Freight Way Inc.**

44543 N Gratiot, Clinton Twp, MI 48038 Fax: 216-763-0496

PERSONAL INJURY ATTORNEYS

## LAW OFFICES OF MANPREET S. BAINS
## LAW OFFICES OF WILLIAM E. WEISS

AN ASSOCIATION OF LAW FIRMS



**Offering Joint Representation at No Additional Cost**

**No Fees Unless Recovery for Your Injuries is Made**

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*

**$4,000,000 Settlement for Motor Vehicle Accident**
**$10,100,000 Confidential Settlement for Motorcycle/Truck Accident**
**$4,200,000 Judgment for Premises Liability/Assault**

*Past Performance Not a Guarantee of Future Results

**Personal Injury matters are time sensitive!**

For a free consultation, please call **(510) 474-0028**
E-mail: **BainsWeiss@gmail.com**

Serving the Bay Area and Beyond • Offices in San Francisco and Union City

੧ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

# ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਕੋਟਾਨਿ ਕੋਟਿ ਵਧਾਈ



ਸ. ਅਮਰੀਕ ਸਿੰਘ ਸ਼ਿਕਾਗੋ



ਸ. ਮਨਜੀਤ ਸਿੰਘ ਰਾਜਪੁਰ ਭਾਈਆਂ



ਸ. ਪਰਮਵੀਰ ਸਿੰਘ

ਵਲੋਂ
ਸ. ਅਮਰੀਕ ਸਿੰਘ ਸ਼ਿਕਾਗੋ
ਸ. ਪਰਮਵੀਰ ਸਿੰਘ ਅਤੇ
ਸਮੁੱਚਾ ਅਮਰ ਕਾਰਪੈਟਸ
ਪਰਿਵਾਰ

**Ph: 773-508-5253**
**773-507-8043**

# Amar Carpets Inc.

2423 W. Devon Ave.,
Chicago IL 60659

# ਆਜ਼ਾਦ ਸਿੱਖ ਰਾਜ ਖਾਲਿਸਤਾਨ ਸਬੰਧੀ ਮਤੇ ਲਈ ਅਮਰੀਕੀ ਕਾਂਗਰਸਮੈਨਾਂ ਨਾਲ ਮੁਲਾਕਾਤ

**ਵਾਸ਼ਿੰਗਟਨ ਡੀ. ਸੀ. (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਪੰਜ ਮੈਂਬਰੀ ਵਫਦ ਨੇ ਅਮਰੀਕੀ ਕਾਂਗਰਸਮੈਨ ਅਮੀ ਬੇਰਾ, ਸਟੀਵ ਚਾਬੋਟ ਅਤੇ ਐਨ ਵੈਗਨਰ ਨਾਲ ਵਾਸ਼ਿੰਗਟਨ ਡੀ. ਸੀ. ਵਿਖੇ ਮੁਲਾਕਾਤ ਕਰਕੇ ਸਿੱਖ ਕੌਮ ਦੇ ਖੁਦਮੁਖਤਿਆਰੀ ਦੇ ਹੱਕ ਅਤੇ ਆਜ਼ਾਦ ਸਿੱਖ ਰਾਜ ਖਾਲਿਸਤਾਨ ਸਬੰਧੀ ਯੂ. ਐਨ. ਵਲੋਂ ਮਤਾ ਪਾਸ ਕਰਨ ਸਬੰਧੀ ਖੁੱਲ੍ਹੀ ਵਿਚਾਰ ਚਰਚਾ ਕੀਤੀ। ਵਫਦ ਨੇ ਇਸ ਮੌਕੇ ਸਿੱਖ ਨਸਲਕੁਸ਼ੀ ਅਤੇ ਸਿੱਖ ਕੌਮ ਨਾਲ ਭਾਰਤ 'ਚ ਹੋ ਰਹੀਆਂ ਵਧੀਕੀਆਂ ਦਾ ਵੇਰਵਾ ਦਿੰਦਿਆਂ ਸਿੱਖ ਖੁਦਮੁਖਤਿਆਰੀ ਅਤੇ ਸਿੱਖ ਰਾਜ ਖਾਲਿਸਤਾਨ ਸਬੰਧੀ ਮਤਾ ਪਾਸ ਕਰਨ ਲਈ ਕਾਂਗਰਸਮੈਨਾਂ ਨੂੰ ਅਪੀਲ ਕੀਤੀ।





ਵਫਦ ਵਿਚ ਦਲ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਯੂਥ ਅਮਨਦੀਪ ਸਿੰਘ, ਮੀਤ ਪ੍ਰਧਾਨ ਪਵਨਜੀਤ ਸਿੰਘ, ਪ੍ਰੈਸ ਸਕੱਤਰ ਯੂਥ ਸ਼ਮਸ਼ੇਰ ਸਿੰਘ ਅਤੇ ਯੂ. ਐਨ. ਨੁਮਾਇੰਦਾ ਭੁਪਿੰਦਰ ਸਿੰਘ ਸ਼ਾਮਿਲ ਸਨ।

ਵਿਚਾਰ-ਵਟਾਂਦਰੇ ਦੌਰਾਨ ਭਾਰਤੀ ਫੌਜ ਦੇ ਮੁਖੀ ਜਨਰਲ ਰਾਵਤ ਵਲੋਂ ਕਥਿਤ ਤੌਰ 'ਤੇ ਸਿੱਖ ਕੌਮ ਨੂੰ ਨਿਸ਼ਾਨਾ ਬਣਾ ਕੇ ਪੰਜਾਬ ਵਿਚ ਅਤਿਵਾਦ ਦੇ ਮੁੜ ਸੁਰਜੀਤ ਹੋਣ ਸਬੰਧੀ ਵੀ ਚਰਚਾ ਕੀਤੀ ਗਈ। ਵਫਦ ਨੇ ਕਿਹਾ ਕਿ ਜਨਰਲ ਰਾਵਤ ਨੇ ਸ਼ਾਂਤੀਪੂਰਵਕ ਤੇ ਜਮਹੂਰੀ ਤਰੀਕੇ ਨਾਲ ਆਜ਼ਾਦੀ ਅਤੇ ਖੁਦਮੁਖਤਿਆਰੀ ਲਈ ਕੰਮ ਕਰ ਰਹੀਆਂ ਵਿਦੇਸ਼ੀ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਨੂੰ ਅਤਿਵਾਦੀ ਅਤੇ ਵੱਖਵਾਦੀ ਕਰਾਰ ਦੇ ਕੇ ਸੰਘਰਸ਼ਸ਼ੀਲ ਸਿੱਖਾਂ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਇਸ ਮੌਕੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀ ਨਾਕਾਬਲੀਅਤ ਦਾ ਮੁੱਦਾ ਉਠਾਉਂਦਿਆਂ ਬਰਗਾੜੀ ਮੋਰਚੇ ਦੀ ਪ੍ਰਮੁੱਖ ਮੰਗ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵੱਲ ਵੀ ਧਿਆਨ ਦਿਵਾਇਆ ਗਿਆ ਅਤੇ ਦੱਸਿਆ ਗਿਆ ਕਿ ਕਿਵੇਂ ਇਸ ਕੁਕਰਮ ਦੇ ਦੋਸ਼ੀਆਂ ਨੂੰ ਫੜ੍ਹਨ ਵਿਚ ਕੇਂਦਰ ਤੇ ਪੰਜਾਬ ਸਰਕਾਰ ਢਿੱਲ ਵਰਤ ਰਹੀਆਂ ਹਨ।

ਇਸ ਮੌਕੇ ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਸਿੱਖ ਕੌਮ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਸਬੰਧੀ ਵੀ ਮੁੱਦਾ ਚੁੱਕਿਆ ਗਿਆ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮਸਲੇ 'ਤੇ ਵੀ ਤੱਥ ਪੇਸ਼ ਕੀਤੇ ਗਏ ਕਿ ਕਿਸ ਤਰ੍ਹਾਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਸਿੱਖ ਕੈਦੀਆਂ ਨੂੰ ਜਬਰੀ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਜੇਲ੍ਹਾਂ 'ਚ ਡੱਕਿਆ ਹੋਇਆ ਹੈ ਅਤੇ ਉਨ੍ਹਾਂ ਦੀ ਰਿਹਾਈ ਨੂੰ ਜਬਰੀ ਰੋਕਿਆ ਜਾ ਰਿਹਾ ਹੈ, ਜੋ ਮਨੁੱਖੀ ਅਧਿਕਾਰਾਂ ਦਾ ਵੀ ਪ੍ਰਤੱਖ ਉਲੰਘਣ ਹੈ।

ਭਾਰਤ ਵਿਚ ਆਰ. ਐਸ. ਐਸ. ਵਲੋਂ ਘੱਟ ਗਿਣਤੀਆਂ ਦੇ ਜਬਰੀ ਧਰਮ ਪਰਿਵਰਤਨ ਦੀ ਕਾਰਵਾਈ 'ਤੇ ਵੀ ਰੋਸ਼ਨੀ ਪਾਈ ਗਈ ਅਤੇ ਦੱਸਿਆ ਗਿਆ ਕਿ ਕਿੰਜ ਬ੍ਰਾਹਮਣਵਾਦੀ ਤਾਕਤਾਂ ਵਲੋਂ ਸੱਤਾ ਦਾ ਦੁਰਉਪਯੋਗ ਕਰਕੇ ਘੱਟ ਗਿਣਤੀ ਕੌਮਾਂ ਈਸਾਈ, ਬੋਧੀ, ਮੁਸਲਮਾਨ, ਲਿੰਗਾਇਤ, ਸਿੱਖ ਅਤੇ ਕਥਿਤ ਪੱਛੜੀਆਂ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਪੱਛੜੇ ਕਬੀਲਿਆਂ ਨੂੰ ਹਿੰਦੂ ਧਰਮ ਅਪਨਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਇਸ ਖਾਤਰ ਹਰ ਤਰ੍ਹਾਂ ਦੇ ਅਣਮਨੁੱਖੀ ਹੱਥਕੰਡਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ ਤੇ ਭਾਰਤ ਨੂੰ ਬ੍ਰਾਹਮਣ ਰਾਸ਼ਟਰ ਬਣਾਉਣ ਦਾ ਯਤਨ ਹੋ ਰਿਹਾ ਹੈ।

# ਚਾਮ ਕੌਰ ਨੇ ਅਦਾਲਤ 'ਚ ਸੱਜਣ ਕੁਮਾਰ ਦੀ ਪਛਾਣ ਕੀਤੀ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਮੁਕੱਦਮੇ ਵਿਚ ਨਾਮਜ਼ਦ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਅਹਿਮ ਗਵਾਹ ਚਾਮ ਕੌਰ ਨੇ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਵਿਚ ਸੱਜਣ ਕੁਮਾਰ ਦੀ ਸ਼ਨਾਖ਼ਤ ਕੀਤੀ ਤੇ ਕਿਹਾ ਕਿ ਸੱਜਣ ਕੁਮਾਰ ਹੀ ਉਹ ਵਿਅਕਤੀ ਹੈ ਜੋ ਸਿੱਖਾਂ ਨੂੰ ਕਤਲ ਕਰਨ ਲਈ ਭੀੜ ਨੂੰ ਉਕਸਾ ਰਿਹਾ ਸੀ।

ਚਾਮ ਕੌਰ ਨੇ ਅਦਾਲਤ ਵਿਚ ਗਵਾਹੀ ਦਿੱਤੀ ਕਿ ਉਸ ਨੇ ਸੱਜਣ ਕੁਮਾਰ ਨੂੰ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਨਵੰਬਰ 1984 ਨੂੰ ਇਹ ਕਹਿੰਦੇ ਹੋਏ ਸੁਣਿਆ ਸੀ, 'ਸਾਡੀ ਮਾਂ ਮਾਰ ਦਿੱਤੀ, ਸਿੱਖਾਂ ਨੂੰ ਮਾਰੋ' ਚਾਮ ਕੌਰ ਨੇ ਜੱਜ ਪੂਨਮ ਬਾਮਰਾ ਦੀ ਅਦਾਲਤ ਅੰਦਰ ਸੱਜਣ ਕੁਮਾਰ ਦੀ ਹਾਜ਼ਰੀ ਵਿਚ ਬਿਆਨ ਦਿੱਤੇ ਕਿ ਉਸ ਦਾ ਪਰਿਵਾਰ 31 ਅਕਤੂਬਰ ਨੂੰ ਇੰਦਰਾ ਗਾਂਧੀ ਬਾਰੇ ਟੀਵੀ 'ਤੇ ਪ੍ਰੋਗਰਾਮ ਦੇਖ ਰਿਹਾ ਸੀ। ਪਹਿਲੀ ਨਵੰਬਰ ਨੂੰ ਆਪਣੀ ਬੱਕਰੀ ਦੇਖਣ ਗਈ ਤਾਂ ਦੇਖਿਆ ਕਿ ਸੱਜਣ ਕੁਮਾਰ ਦੰਗਾਈਆਂ ਦੀ ਭੀੜ ਦੀ ਅਗਵਾਈ ਦੌਰਾਨ ਬੋਲ ਰਿਹਾ ਸੀ, 'ਸਾਡੀ ਮਾਂ ਮਾਰ ਦਿੱਤੀ, ਸਰਦਾਰਾਂ ਨੂੰ ਮਾਰ ਦਿਓ'। ਉਸ ਨੇ ਦੱਸਿਆ ਕਿ ਅਗਲੇ ਦਿਨ ਉਸ ਦੇ ਪੁੱਤਰ ਕਪੂਰ ਸਿੰਘ ਤੇ ਪਿਤਾ ਸਰਦਾਰਾ ਸਿੰਘ ਨੂੰ ਘਰ ਦੀ ਦੂਜੀ ਮੰਜ਼ਿਲ ਤੋਂ ਲੁਕੇ ਹੋਇਆਂ ਨੂੰ ਧੂਹ ਲਿਆ ਤੇ ਬੁਰੀ ਤਰ੍ਹਾਂ ਕੁੱਟਿਆ, ਫਿਰ ਮੰਜ਼ਿਲ ਤੋਂ ਹੇਠਾਂ ਸੁੱਟ ਦਿੱਤਾ। ਇਸ ਦੌਰਾਨ ਚਾਮ ਕੌਰ ਦੇ ਵੀ ਸੱਟਾਂ ਲੱਗੀਆਂ।

ਉਸ ਨੇ ਗਵਾਹੀ ਦਿੱਤੀ ਕਿ ਸੱਜਣ ਕੁਮਾਰ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਕਿ ਉਹ ਜਦੋਂ ਵਿਧਾਇਕ ਜਾਂ ਸੰਸਦ ਮੈਂਬਰ ਸੀ ਤਾਂ ਰਾਸ਼ਨ ਕਾਰਡ, ਪਾਸਪੋਰਟ ਆਦਿ ਦੇ ਕਾਗਜ਼ਾਂ ਉਤੇ ਮੋਹਰ ਲਗਵਾਉਣ ਆਮ ਜਾਂਦੇ ਸੀ। ਉਸ ਨੇ ਅੱਗੇ ਹੋਰ ਸਿੱਖਾਂ ਦੇ ਉਸੇ ਦਿਨ ਮਾਰੇ ਜਾਣ ਬਾਰੇ ਬਿਆਨ ਦਿੱਤਾ। ਅਦਾਲਤੀ ਕਾਰਵਾਈ ਦੌਰਾਨ ਦਿੱਲੀ ਕਮੇਟੀ ਦੇ ਅਹਿਮ ਆਗੂ ਪੁੱਜੇ ਹੋਏ ਸਨ।

*To Advertise with Punjab Times*
***Call: 847-359-0746***



ੴ ਸਤਿਗੁਰ ਪ੍ਰਸਾਦਿ॥

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ



ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਨਨਕਾਣਾ ਸਾਹਿਬ (ਹੁਣ ਪਾਕਿਸਤਾਨ ਵਿਚ)

## ਆਓ, ਸਾਰੇ ਰਲ ਕੇ ਬਾਬੇ ਨਾਨਕ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਈਏ ਤੇ ਇਸ ਦੁਨੀਆਂ ਨੂੰ ਬਿਹਤਰ ਬਣਾਈਏ

ਵਲੋਂ:

ਸੁਖਦੇਵ ਸਿੰਘ ਬੈਣੀਵਾਲ, ਸੈਨ ਹੋਜ਼ੇ, ਕੈਲੀਫੋਰਨੀਆ

ਫੋਨ: 408-421-9463

# ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਸ਼ਹੀਦੀ ਨੂੰ ਕੀਤਾ ਸਿਜ਼ਦਾ

## ਯੁਗਾਂਤਰ ਆਸ਼ਰਮ ਦੀ ਮੁੜ ਉਸਾਰੀ ਅਤੇ ਗਦਰ ਪਾਰਟੀ ਦਿਨ ਮਨਾਉਣ ਦੇ ਮਤੇ ਪਾਸ

**ਸੈਨ ਫਰਾਂਸਿਸਕੋ (ਬਿਊਰੋ):** ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਜਾਨਾਂ ਨਿਛਾਵਰ ਕਰਨ ਵਾਲਿਆਂ ਵਿਚੋਂ ਸਭ ਤੋਂ ਛੋਟੀ ਉਮਰ ਦੇ ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਣ ਵਾਲੇ ਸ. ਬਖਸ਼ੀਸ ਸਿੰਘ, ਸ. ਸਰੈਣ ਸਿੰਘ (ਛੋਟਾ), ਸ. ਸਰੈਣ ਸਿੰਘ (ਵੱਡਾ), ਸ. ਹਰਨਾਮ ਸਿੰਘ, ਸ. ਜਗਤ ਸਿੰਘ ਅਤੇ ਸ੍ਰੀ ਗਣੇਸ਼ ਪਿੰਗਲੇ ਦਾ ਸ਼ਹੀਦੀ ਦਿਹਾੜਾ ਇਥੇ ਗਦਰ ਮੈਮੋਰੀਅਲ ਹਾਲ (ਯੁਗਾਂਤਰ ਆਸ਼ਰਮ) ਵਿਚ ਲੰਘੀ 17 ਨਵੰਬਰ ਨੂੰ ਮਨਾਇਆ ਗਿਆ ਜਿਸ ਵਿਚ ਵੱਖ ਵੱਖ ਸ਼ਖਸੀਅਤਾਂ ਨੇ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿਜ਼ਦਾ ਕਰਦਿਆਂ ਉਨ੍ਹਾਂ ਦੀ ਘਾਲਣਾ ਨੂੰ ਹਮੇਸ਼ਾ ਯਾਦ ਰੱਖਣ ਦਾ ਸੱਦਾ ਦਿੱਤਾ। ਜ਼ਿਕਰਯੋਗ ਹੈ ਕਿ ਗਦਰ ਮੈਮੋਰੀਅਲ ਜਿਸ ਦਾ ਇਤਿਹਾਸਕ ਨਾਂ ਯੁਗਾਂਤਰ ਆਸ਼ਰਮ ਹੈ, ਗਦਰ ਪਾਰਟੀ ਦਾ ਮੁਢਲਾ ਦਫਤਰ ਸੀ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਆਫ ਬੇ ਏਰੀਆ ਦੇ ਸੱਦੇ 'ਤੇ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਇਸ ਇਤਿਹਾਸਕ ਥਾਂ 'ਤੇ ਇਕੱਤਰ ਹੋਏ ਸੈਂਕੜੇ ਲੋਕਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਦੱਸੇ ਮਨੁੱਖਤਾ ਦੇ ਕਲਿਆਣ ਵਾਲੇ ਰਾਹ 'ਤੇ ਚਲਣ ਦਾ ਪ੍ਰਣ ਲਿਆ। ਫਰਿਜ਼ਨੋ ਤੋਂ ਕੋਈ 70 ਤੋਂ ਵੱਧ ਲੋਕ ਇਕ ਚਾਰਟਰ ਬਸ ਅਤੇ ਕਾਰਾਂ ਦੇ ਕਾਫਲੇ ਦੇ ਰੂਪ ਵਿਚ ਪਹੁੰਚੇ।

ਜ਼ਿਕਰਯੋਗ ਹੈ ਕਿ ਸਰਦਾਰ ਕਰਤਾਰ ਸਿੰਘ ਸਰਾਭਾ, ਜੋ ਪੜ੍ਹਾਈ ਕਰਨ ਲਈ ਜਨਵਰੀ 1912 ਵਿਚ ਅਮਰੀਕਾ ਪਹੁੰਚੇ ਸਨ, ਗਦਰ ਪਾਰਟੀ ਦੇ ਮੁਢਲੇ ਮੈਂਬਰਾਂ ਵਿਚੋਂ ਸਨ ਅਤੇ 'ਗਦਰ ਦੀ ਗੂੰਜ' ਨਾਂ ਦਾ ਪਰਚਾ ਆਪਣੇ ਹੱਥੀਂ ਮਸ਼ੀਨ ਗੇੜ ਕੇ ਛਾਪਦੇ ਰਹੇ। ਨਵੰਬਰ 1914 ਵਿਚ ਭਾਰਤ ਮੁੜਨ ਤੋਂ ਬਾਅਦ ਉਹ 2 ਮਾਰਚ 1915 ਨੂੰ ਚੱਕ ਨੰਬਰ 5, ਜਿਲਾ ਲਾਇਲਪੁਰ ਵਿਚ ਗ੍ਰਿਫਤਾਰ ਹੋਏ ਅਤੇ ਉਨ੍ਹਾਂ ਨੂੰ 24 ਗਦਰੀਆਂ ਸਮੇਤ ਫਾਂਸੀ ਦੀ ਸਜ਼ਾ ਸੁਣਾਈ ਗਈ। ਉਹ 16 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਆਪਣੇ 6 ਹੋਰ ਸਾਥੀਆਂ ਸਮੇਤ ਫਾਂਸੀ ਦਾ ਰੱਸਾ ਚੁੰਮ ਕੇ ਦੇਸ਼ ਲਈ ਕੁਰਬਾਨ ਹੋ ਗਏ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ, ਬੇ ਏਰੀਆ ਫਾਊਂਡੇਸ਼ਨ ਦੇ ਬਲਵੀਰ ਜੌਹਲ ਅਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ ਦੇ ਸਤਬੀਰ ਸਿੰਘ ਬਾਜਵਾ ਤੇ ਸੁਰਜੀਤ ਸਿੰਘ ਆਟਵਾਲ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਦੀ ਸ਼ੁਰੂਆਤ ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਸਭ ਨੂੰ ਜੀ ਆਇਆਂ ਆਖਦਿਆਂ ਸ਼ਹੀਦਾਂ ਦੀ ਉਸਾਰੂ ਸੋਚ ਤੋਂ ਊਰਜਾ ਅਤੇ ਰੋਸ਼ਨੀ ਲੈ ਕੇ ਅੱਜ ਦੇ ਸਮਾਜ ਦੀਆਂ ਮੁਸ਼ਕਿਲਾਂ ਹੱਲ ਕਰਨ ਦਾ ਸੱਦਾ ਦੇ ਕੇ ਕੀਤੀ।

ਰਾਜਿੰਦਰ ਸਿੰਘ ਬਰਾੜ ਅਤੇ ਹਰਜੀਤ ਸਿੰਘ ਸ਼ੇਰਗਿਲ ਨੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮਾਸਟਰ ਲਛਮਣ ਸਿੰਘ ਰਾਠੌਰ ਨੇ ਆਪਣੀ ਇਕ ਕਵਿਤਾ ਸੁਣਾਈ ਅਤੇ ਜੀ. ਐਸ. ਗਰੇਵਾਲ ਨੇ ਸੁਰਜੀਤ ਪਾਤਰ ਦੀ ਕਵਿਤਾ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਗਾ ਕੇ ਸੁਣਾਈ। ਸ. ਗੁਰਦੀਪ ਸਿੰਘ ਅਣਖੀ ਨੇ ਗਦਰੀ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਸਿਜ਼ਦਾ ਕਰਦਿਆਂ ਦੁੱਖ ਪ੍ਰਗਟ ਕੀਤਾ ਕਿ ਅੱਜ ਭਾਰਤ ਵਿਚ ਮੌਕੇ ਦੀ ਸਰਕਾਰ ਅਤੇ ਹੋਰ ਪਿਛਾਂਹ ਖਿਚੂ ਤਾਕਤਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਅਤੇ ਘੱਟ ਗਿਣਤੀਆਂ ਪ੍ਰਤੀ ਮਤੇਰਿਆਂ ਵਾਲਾ ਸਲੂਕ ਅਪਨਾ ਕੇ ਫਿਰਕੂ ਵੰਡੀਆਂ ਪਾ ਰਹੀਆਂ ਹਨ।


ਸ. ਅਣਖੀ ਨੇ ਇਕ ਮਤੇ ਰਾਹੀਂ ਯੁਗਾਂਤਰ ਆਸ਼ਰਮ ਦੀ ਇਮਾਰਤ ਨੂੰ ਇਸ ਦੇ ਮੁਢਲੇ ਇਤਿਹਾਸਕ ਰੂਪ ਵਿਚ ਮੁੜ ਉਸਾਰਨ ਦੀ ਅਪੀਲ ਕੀਤੀ। ਉਨ੍ਹਾਂ ਯਾਦ ਕਰਵਾਇਆ ਕਿ ਇਸ ਇਮਾਰਤ ਦੀ ਮੁੜ ਉਸਾਰੀ ਦੇ ਪ੍ਰਾਜੈਕਟ ਦੀ ਸੰਨ 2013 ਵਿਚ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਮਨਜ਼ੂਰੀ ਦੇ ਦਿਤੀ ਸੀ ਪਰ ਉਸਾਰੀ ਅੱਜ ਤੱਕ ਸ਼ੁਰੂ ਨਹੀਂ ਹੋਈ। ਇਸ ਮਤੇ ਨੂੰ ਸਭ ਨੇ ਆਪਣੀ ਪ੍ਰਵਾਨਗੀ ਦਿਤੀ ਅਤੇ ਇਸ ਦੀਆਂ ਕਾਪੀਆਂ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਹੋਰ ਸਬੰਧਤ ਮਹਿਕਮਿਆਂ ਨੂੰ ਭੇਜੀਆਂ ਜਾਣਗੀਆਂ।


ਪਰਗਟ ਸਿੰਘ ਧਾਲੀਵਾਲ ਨੇ ਭਾਰਤ ਦੇ ਕਿਸਾਨਾਂ ਦੀ ਨਿਘਰ ਰਹੀ ਹਾਲਤ ਲਈ ਉਨ੍ਹਾਂ ਦੀਆਂ ਫਸਲਾਂ ਦੇ ਘੱਟ ਭਾਅ ਮਿਥੇ ਜਾਣ ਅਤੇ ਸਰਕਾਰਾਂ ਨੂੰ ਜਿੰਮੇਵਾਰ ਠਹਿਰਾਇਆ। ਸ. ਪਿਸ਼ੌਰਾ ਸਿੰਘ ਢਿਲੋਂ ਨੇ ਇਕ ਕਵਿਤਾ ਤਰੰਨਮ ਵਿਚ ਸੁਣਾਈ ਅਤੇ ਕੈਲੀਫੋਰਨੀਆ ਦੇ ਸਕੂਲਾਂ ਦੇ ਸਿਲੇਬਸ ਵਿਚ ਗਦਰ ਪਾਰਟੀ ਦੀ ਜੱਦੋਜਹਿਦ ਦਾ ਇਤਿਹਾਸ ਸ਼ਾਮਲ ਕਰਵਾਉਣ ਲਈ ਹੋ ਰਹੀਆਂ ਕੋਸ਼ਿਸ਼ਾਂ ਬਾਰੇ ਦੱਸਿਆ। ਉਨ੍ਹਾਂ ਨੇ ਸਿੱਖ ਕੌਂਸਲ ਆਫ ਸੈਂਟਰਲ ਵੈਲੀ ਅਤੇ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਇਕ ਸਾਂਝੇ ਮਤੇ ਵਿਚ ਕੌਂਸਲ ਜਨਰਲ ਨੂੰ ਗਦਰ ਪਾਰਟੀ ਦਾ ਸਥਾਪਨਾ ਦਿਨ ਵੱਡੇ ਪੱਧਰ 'ਤੇ ਮਨਾਉਣ ਦੀ ਅਪੀਲ ਕੀਤੀ।

ਹੋਰ ਬੁਲਾਰਿਆਂ-ਸ. ਸ਼ਰਨਪਾਲ ਸਿੰਘ, ਸ. ਬੀ. ਐਸ. ਬੱਲ ਅਤੇ ਸ. ਮਲਕੀਤ ਸਿੰਘ ਕਿੰਗਰਾ ਨੇ ਸ਼ਹੀਦਾਂ ਦੀ ਸੋਚ ਨੂੰ ਅਸਲੀ ਜ਼ਿੰਦਗੀ ਵਿਚ ਲਾਗੂ ਕਰਨ 'ਤੇ ਜੋਰ ਦਿਤਾ। ਇਸ ਤੋਂ ਇਲਾਵਾ ਪ੍ਰਸਿਧ ਕਵੀ ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਨੇ ਵੀ ਆਪਣੀਆਂ ਕਵਿਤਾਵਾਂ ਅਤੇ ਵਿਚਾਰਾਂ ਰਾਹੀਂ ਸਮਾਗਮ ਵਿਚ ਹਾਜ਼ਰੀ ਭਰੀ। ਗੁਰਨਾਮ ਸਿੰਘ ਬਿੰਜਲ ਨੇ ਆਪਣੇ ਤਜਰਬੇ 'ਚੋਂ ਕੁਝ ਅਣਗੌਲੇ ਰਹਿ ਗਏ ਦੇਸ਼ ਭਗਤਾਂ ਦੀ ਘਾਲਣਾ ਬਾਰੇ ਦੱਸਿਆ।

ਅਖੀਰ ਵਿਚ ਇੰਡੋ ਅਮੈਰੀਕਨ ਹੈਰਟੇਜ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਸੰਸਾਰ ਭਰ ਵਿਚ ਮਨੁੱਖਾਂ ਦੀ ਪਛਾਣ ਧਰਮਾਂ ਅਤੇ ਜਾਤਾਂ ਦੇ ਆਧਾਰ 'ਤੇ ਹੋਣ ਉਪਰ ਫਿਕਰ ਜਾਹਰ ਕੀਤਾ। ਉਨ੍ਹਾਂ ਨੇ ਏ. ਬੀ. 24 ਲਾਈਵ ਦੇ ਸੰਜੀਵ ਭਾਰਦਵਾਜ ਤੇ ਪੂਨਮ ਸ਼ਰਮਾ ਦਾ ਪ੍ਰੋਗਰਾਮ ਦੀ ਕਵਰੇਜ ਲਈ ਅਤੇ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ ਦਾ ਬਦਾਮਾਂ ਅਤੇ ਤਾਜਾ ਰਸ ਦੇ ਲੰਗਰ ਲਈ ਧੰਨਵਾਦ ਕੀਤਾ। ਫਰਿਜ਼ਨੋ ਦੇ ਜਥੇ ਦਾ ਉਚੇਚਾ ਧੰਨਵਾਦ ਕਰਦਿਆਂ ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਾਲਾਂ ਵਿਚ ਹੋਰ ਜਥੇਬੰਦੀਆਂ ਵੀ ਇਸ ਦਿਨ 'ਤੇ ਸ਼ਾਮਲ ਹੋਣਗੀਆਂ।

















(ਹੋਰ ਤਸਵੀਰਾਂ ਅਗਲੇ ਸਫੇ 'ਤੇ ਦੇਖੋ)

## ਅਲੈਕ ਪਦਮਸੀ ਦਾ ਦੇਹਾਂਤ

**ਮੁੰਬਈ:** ਬਜ਼ੁਰਗ ਵਿਗਿਆਪਨਸਾਜ਼ ਤੇ ਰੰਗ ਕਰਮੀ ਅਲੈਕ ਪਦਮਸੀ ਦਾ 90 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ। ਪਦਮਸੀ ਭਾਰਤ ਵਿਚ ਵਿਗਿਆਪਨ ਫਰਮ ਲਿੰਟਾਸ ਦੇ ਸਾਬਕਾ ਮੁੱਖ ਕਾਰਜਕਾਰੀ ਸਨ। ਉਹ ਸਰਫ ਦੀ 'ਲਲਿਤਾਜੀ', ਚੈਰੀ ਬਲੌਸਮ ਸ਼ੂਅ ਪੌਲਿਸ਼ ਲਈ ਚੈਰੀ ਚਾਰਲੀ, ਐਮ.ਆਰ.ਐਫ. ਦੀ 'ਮਸਲ ਮੈਨ' ਅਤੇ ਝਰਨੇ ਵਿਚ ਲਿਰਿਲ ਗਰਲ ਤੇ ਬਜਾਜ ਆਟੋ ਦੇ ਹਮਾਰਾ ਬਜਾਜ ਜਿਹੇ ਵਿਗਿਆਪਨਾਂ ਲਈ ਯਾਦ ਰੱਖੇ ਜਾਣਗੇ। ਉਨ੍ਹਾਂ ਰਿਚਰਡ ਐਟਨਬੋਰੋਅ ਦੀ ਪੁਰਸਕਾਰ ਜੇਤੂ ਫਿਲਮ 'ਗਾਂਧੀ' ਵਿਚ ਜਿਨਾਹ ਦੀ ਭੂਮਿਕਾ ਨਿਭਾਈ ਸੀ ਤੇ ਸੰਨ 2000 ਵਿਚ ਉਨ੍ਹਾਂ ਨੂੰ ਪਦਮਸ਼੍ਰੀ ਇਨਾਮ ਵੀ ਦਿੱਤਾ ਗਿਆ ਸੀ।

## ਡੇਰਾ ਸਿਰਸਾ ਦੇ ਉਭਾਰ ਲਈ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਪ੍ਰਧਾਨ ਜ਼ਿੰਮੇਵਾਰ: ਰਾਮੂਵਾਲੀਆ

**ਬਠਿੰਡਾ:** ਸਿਆਸੀ ਸਿੱਖ ਆਗੂਆਂ, ਪ੍ਰਚਾਰਕਾਂ ਤੇ ਸ਼੍ਰੋਮਣੀ ਕਮੇਟੀ ਦੇ ਦਲਿਤਾਂ ਵਿਰੋਧੀ ਵਤੀਰੇ ਕਾਰਨ ਦਲਿਤ ਸਿੱਖ ਸਿੱਖੀ ਤੋਂ ਦੂਰ ਹੁੰਦੇ



ਜਾ ਰਹੇ ਹਨ। ਇਹ ਪ੍ਰਗਟਾਵਾ ਸਾਬਕਾ ਕੇਂਦਰੀ ਅਤੇ ਯੂ.ਪੀ. ਦੇ ਸਾਬਕਾ ਜੇਲ੍ਹ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਕੀਤਾ। ਉਨ੍ਹਾਂ ਆਖਿਆ ਕਿ ਡੇਰਾ ਸਿਰਸਾ ਦੇ ਉਭਾਰ ਲਈ ਪਿੰਡਾਂ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਪ੍ਰਧਾਨ ਜ਼ਿੰਮੇਵਾਰ ਹਨ।

ਰਾਮੂਵਾਲੀਆ ਨੇ ਕਿਹਾ ਕਿ ਸਿਆਸੀ ਸਿੱਖ ਆਗੂਆਂ, ਪ੍ਰਚਾਰਕਾਂ ਤੇ ਸ਼੍ਰੋਮਣੀ ਕਮੇਟੀਆਂ ਵੱਲੋਂ ਦਲਿਤਾਂ ਨੂੰ ਹਰ ਫਰੰਟ 'ਤੇ ਅਣਗੌਲਿਆ ਕਰ ਕੇ ਉਨ੍ਹਾਂ ਨੂੰ ਸਮਾਜ ਦੇ ਗੌਣ ਪਾਤਰ ਦਾ ਦਰਜਾ ਦਿੱਤੇ ਜਾਣ ਕਾਰਨ ਦਲਿਤ ਸਿੱਖ ਹੌਲੀ-ਹੌਲੀ ਸਿੱਖੀ ਤੋਂ ਮੂੰਹ ਮੋੜ ਕੇ ਡੇਰਾਵਾਦ ਜਾਂ ਹੋਰ ਧਰਮਾਂ ਵੱਲ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿਆਸਤਦਾਨ ਸੂਬੇ ਦੀਆਂ 40 ਹਜ਼ਾਰ ਤੋਂ ਵੱਧ ਧੀਆਂ ਜਿਨ੍ਹਾਂ ਨੂੰ ਵਿਦੇਸ਼ੀ ਲਾੜੇ ਵਿਆਹ ਕਰਵਾ ਕੇ ਮੋਟੀਆਂ ਰਕਮਾਂ ਲੈ ਕੇ ਇਥੇ ਛੱਡ ਗਏ ਹਨ, ਉਨ੍ਹਾਂ ਦੇ ਹੱਲ ਲਈ ਇਕ ਵੀ ਸਾਰਥਿਕ ਕਦਮ ਨਹੀਂ ਚੁੱਕ ਰਹੇ। ਹਰ ਸਾਲ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਨਾਂ ਉਤੇ 27 ਹਜ਼ਾਰ ਕਰੋੜ ਰੁਪਏ ਏਜੰਟਾਂ ਵੱਲੋਂ ਠੱਗੇ ਜਾ ਰਹੇ ਹਨ।

## ਕਿਲੋਗ੍ਰਾਮ ਦੀ ਪਰਿਭਾਸ਼ਾ ਤਬਦੀਲ ਕਰਨ ਨੂੰ ਪ੍ਰਵਾਨਗੀ

**ਵਰਸੇਲਜ਼ (ਫਰਾਂਸ):** ਇਕ ਇਤਿਹਾਸ ਵੋਟਿੰਗ 'ਚ 50 ਤੋਂ ਵੱਧ ਦੇਸ਼ਾਂ ਨੇ ਇਕਮਤ ਹੋ ਕੇ ਕੌਮਾਂਤਰੀ ਨਾਪ-ਤੋਲ ਪ੍ਰਣਾਲੀ ਵਿਚ ਤਬਦੀਲੀ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਫੈਸਲੇ ਨਾਲ ਵਜ਼ਨ ਮਾਪਣ ਦੀ ਇਕਾਈ ਕਿਲੋਗ੍ਰਾਮ ਅਤੇ ਮਾਪ ਦੀਆਂ ਹੋਰ ਇਕਾਈਆਂ ਦੀਆਂ ਨਵੀਆਂ ਪਰਿਭਾਸ਼ਾਵਾਂ ਤੈਅ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਨਾਲ ਵੱਖ-ਵੱਖ ਮੁਲਕਾਂ ਵਿਚਾਲੇ ਵਪਾਰ ਤੇ ਹੋਰ ਕੰਮਾਂ 'ਤੇ ਪ੍ਰਭਾਵ ਪਵੇਗਾ।

## ਭਾਰਤ ਨੂੰ 'ਤਰਜੀਹੀ ਮੁਲਕ' ਦੇ ਦਰਜੇ ਤੋਂ ਪਾਕਿਸਤਾਨ ਦੀ ਕੋਰੀ ਨਾਂਹ

**ਲਾਹੌਰ:** ਪਾਕਿਸਤਾਨ ਸਰਕਾਰ ਨੇ ਸਾਫ ਕਰ ਦਿੱਤਾ ਹੈ ਕਿ ਉਸ ਨੂੰ ਆਪਣੇ ਗੁਆਂਢੀ ਮੁਲਕ ਭਾਰਤ ਨੂੰ ਸਭ ਤੋਂ ਤਰਜੀਹੀ ਮੁਲਕ (ਐਮ.ਐਫ.ਐਨ.) ਦਾ ਦਰਜਾ ਦੇਣ ਦੀ ਨਾ ਤਾਂ ਕੋਈ ਕਾਹਲ ਹੈ ਅਤੇ ਨਾ ਹੀ ਫੌਰੀ ਅਜਿਹੀ ਕੋਈ ਯੋਜਨਾ ਉਹਦੇ ਵਿਚਾਰਧੀਨ ਹੈ।

ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਲਾਹਕਾਰ ਅਬਦੁਲ ਰਜ਼ਾਕ ਦਾਊਦ ਨੇ ਇਹ ਪ੍ਰਗਟਾਵਾ ਇਥੇ ਇਕ ਸਮਾਗਮ ਦੌਰਾਨ ਕੀਤਾ। ਉਂਜ ਦਾਊਦ ਨੇ ਇਹ ਜ਼ਰੂਰ ਕਿਹਾ ਕਿ ਪਾਕਿਸਤਾਨ, ਖਾਸ ਤੌਰ 'ਤੇ ਚੀਨ ਸਮੇਤ ਵੱਖ-ਵੱਖ ਮੁਲਕਾਂ ਨਾਲ ਮੁਫਤ ਵਪਾਰ ਸਮਝੌਤੇ (ਐਫ.ਟੀ.ਏ.) 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਆਸ ਜਤਾਈ ਕਿ ਚੀਨ ਨਾਲ ਦੂਜਾ ਐਫ.ਟੀ.ਏ. ਜੂਨ 2019 ਤੱਕ ਮੁਕੰਮਲ ਹੋ ਜਾਵੇਗਾ।

ਦੱਸ ਦਈਏ ਕਿ ਪਾਕਿਸਤਾਨ ਨੇ ਅਜੇ ਤੱਕ ਭਾਰਤ ਨੂੰ ਸਭ ਤੋਂ ਤਰਜੀਹੀ ਮੁਲਕ ਦਾ ਦਰਜਾ ਨਹੀਂ ਦਿੱਤਾ। ਪਾਕਿਸਤਾਨ ਨੇ 1209 ਵਸਤਾਂ ਦੀ ਅਜਿਹੀ ਨਾਕਾਰਾਤਮਕ ਸੂਚੀ ਤਿਆਰ ਕੀਤੀ ਹੋਈ ਹੈ, ਜਿਨ੍ਹਾਂ ਦੀ ਦਰਾਮਦ ਭਾਰਤ ਤੋਂ ਨਹੀਂ ਕੀਤੀ ਜਾਂਦੀ। ਵਿਸ਼ਵ ਵਪਾਰ ਸੰਸਥਾ ਦੇ ਨੇਮਾਂ ਮੁਤਾਬਕ ਸੰਸਥਾ ਦੇ ਹਰੇਕ ਮੈਂਬਰ ਮੁਲਕ ਨੂੰ ਹੋਰਨਾਂ ਮੈਂਬਰ ਮੁਲਕਾਂ ਨੂੰ ਐਮ.ਐਫ.ਐਨ. ਦਾ ਦਰਜਾ ਦੇਣਾ ਹੁੰਦਾ ਹੈ।

## ਉਤਰਾਖੰਡ 'ਚ ਬੱਸ ਖੱਡ 'ਚ ਡਿੱਗੀ, 14 ਮੌਤਾਂ

**ਉਤਰਕਾਸ਼ੀ:** ਉੱਤਰਕਾਸ਼ੀ ਜ਼ਿਲ੍ਹੇ ਵਿਚ ਬੱਸ ਦੇ ਡੂੰਘੀ ਖੱਡ 'ਚ ਡਿੱਗਣ ਕਰਕੇ 14 ਮੁਸਾਫਰਾਂ ਦੀ ਮੌਤ ਹੋ ਗਈ ਜਦਕਿ 14 ਹੋਰ ਜ਼ਖ਼ਮੀ ਹੋ ਗਏ। ਪ੍ਰਾਈਵੇਟ ਬੱਸ ਜਾਨਕੀਚੱਟੀ ਤੋਂ ਵਿਕਾਸ ਨਗਰ ਜਾ ਰਹੀ ਸੀ ਅਤੇ ਇਹ ਡਾਮਟਾ ਨੇੜੇ ਖੱਡ 'ਚ ਡਿੱਗ ਗਈ। ਜ਼ਿਲ੍ਹਾ ਮੈਜਿਸਟਰੇਟ ਆਸ਼ੀਸ ਚੌਹਾਨ ਨੇ ਕਿਹਾ ਕਿ 12 ਵਿਅਕਤੀ ਮੌਕੇ 'ਤੇ ਹੀ ਮਾਰੇ ਗਏ। ਗੰਭੀਰ ਰੂਪ 'ਚ ਜਖ਼ਮੀ ਹੋਏ ਛੇ ਵਿਅਕਤੀਆਂ ਨੂੰ ਇਲਾਜ ਲਈ ਹੈਲੀਕਾਪਟਰ ਰਾਹੀਂ ਦੇਹਰਾਦੂਨ ਪਹੁੰਚਾਇਆ ਗਿਆ ਹੈ।

# ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਯਾਦ 'ਚ ਸਮਾਗਮ

ਤਸਵੀਰਾਂ ਦੀ ਜ਼ੁਬਾਨੀ






















# ਨਗਰ ਕੀਰਤਨ ਮੌਕੇ ਬੇਕਰਜ਼ਫੀਲਡ ਕੇਸਰੀ ਤੇ ਨੀਲੇ ਰੰਗ 'ਚ ਰੰਗਿਆ

**ਬੇਕਰਜ਼ਫੀਲਡ (ਬਲਵੀਰ ਸਿੰਘ ਸਿੱਧੂ):** ਬੇਕਰਜ਼ਫੀਲਡ ਦੇ ਗੁਰਦੁਆਰੇ (ਵਿਲਸਨ ਰੋਡ ਪੀ ਸਟਰੀਟ) ਵਲੋਂ ਹਰ ਸਾਲ ਵਾਂਗ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਲੰਘੇ ਐਤਵਾਰ 11 ਨਵੰਬਰ ਨੂੰ ਸਜਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਰਧਾ ਨਾਲ ਸ਼ਰੀਕ ਹੋ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।



ਨਗਰ ਕੀਰਤਨ ਤੋਂ ਪਹਿਲਾਂ ਸੰਗਤਾਂ ਨੇ ਗੁਰੂ ਦੇ ਦਰ 'ਤੇ ਮੱਥਾ ਟੇਕ ਕੇ ਵਿਸ਼ਵ ਦੀ ਸ਼ਾਂਤੀ ਲਈ ਦੁਆ ਕੀਤੀ ਜੋ ਗੁਰੂ ਨਾਨਕ ਦੇਵ ਦੀ ਮੁੱਢਲੀ ਸਿੱਖਿਆ ਹੈ। 5 ਨਵੰਬਰ ਸੋਮਵਾਰ ਤੋਂ ਰੋਜ਼ ਸ਼ਾਮ ਨੂੰ ਦੀਵਾਨ ਸਜਾਏ ਗਏ ਜਿਸ ਦੌਰਾਨ ਰਾਗੀਆਂ, ਢਾਡੀਆਂ ਤੇ ਕਥਾਵਾਚਕਾਂ ਨੇ ਗੁਰ ਸ਼ਬਦ ਵਿਆਖਿਆ ਅਤੇ ਗੁਰ-ਇਤਿਹਾਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। 10 ਨਵੰਬਰ ਸ਼ਨਿਚਰਵਾਰ ਨੂੰ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਕੀਤੀ ਗਈ ਅਤੇ 11 ਨਵੰਬਰ ਨੂੰ ਸਵੇਰੇ 8.30 ਵਜੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਸਵਰਨ ਸਿੰਘ ਜੀ ਦੇ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ, ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਭਜਨ ਸਿੰਘ ਦੇ ਜਥੇ ਨੇ ਕੀਰਤਨ ਕੀਤਾ ਅਤੇ ਭਾਈ ਦਇਆ ਸਿੰਘ ਨੇ ਕਥਾ ਵਿਆਖਿਆ ਰਾਹੀਂ ਗੁਰੂ ਜੀ ਦੀਆਂ ਸਿੱਖਿਆਵਾਂ ਬਾਰੇ ਚਾਨਣਾ ਪਾਇਆ।

ਇਸ ਮੌਕੇ ਉਘੇ ਢਾਡੀ ਜਥੇਦਾਰ ਅਮਰਜੀਤ ਸਿੰਘ ਜੌਹਲ ਵਿਧੀ ਪੁਰੀਆ ਦੇ ਜਥੇ ਨੇ ਜੋਸ਼ੀਲੀਆਂ ਵਾਰਾਂ ਸੁਣਾ ਕੇ ਸੰਗਤਾਂ ਨੂੰ ਗੁਰ-ਇਤਿਹਾਸ ਨਾਲ ਜੋੜਿਆ। ਸਥਾਨਕ ਪ੍ਰਸ਼ਾਸਨ ਵਲੋਂ ਮੇਅਰ ਕੈਰਨ ਗੋਹ ਅਤੇ ਸੁਪਰੀਮ ਕੋਰਟ ਦੇ ਜੱਜ ਡੇਵਿਡ ਜ਼ੁਲਫਾ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ। ਗੁਰੂ ਘਰ ਵਲੋਂ ਸਨਮਾਨ ਚਿੰਨ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਫਲੋਟ ਨੂੰ ਸੰਗਤਾਂ ਵਲੋਂ ਪੂਰੀ ਸ਼ਰਧਾ ਨਾਲ ਸਜਾਇਆ ਗਿਆ ਸੀ, ਜਿਸ ਨੂੰ ਦੇਖ ਕੇ ਵੱਖਰਾ ਹੀ ਰੂਹਾਨੀ ਵਿਸਮਾਦ ਪੈਦਾ ਹੋ ਰਿਹਾ ਸੀ। ਫਲੋਟ ਨੂੰ ਸਜਾਉਣ ਦੀ ਸੇਵਾ ਜੋਬਨਜੀਤ ਸਿੰਘ ਬੌਬੀ ਅਤੇ ਉਸ ਦੇ ਸਾਥੀਆਂ ਨੇ ਕੀਤੀ। ਇਸ ਮੌਕੇ ਖਾਣ ਪੀਣ ਦੇ ਵੱਖ-ਵੱਖ ਸਟਾਲ ਲੱਗੇ ਹੋਏ ਸਨ।

ਬੇਕਰਜ਼ਫੀਲਡ ਦੀਆਂ ਸੰਗਤਾਂ ਵਲੋਂ ਛੋਲੇ-ਭਟੂਰੇ, ਜੂਸ, ਆਲੂ-ਟਿੱਕੀ ਤੇ ਰੀਨੋ ਦੀ ਸੰਗਤ ਵਲੋਂ ਪੂਰੀ-ਛੋਲੇ ਅਤੇ ਜਲੇਬੀਆਂ ਦੇ ਲੰਗਰ ਲਾਏ ਗਏ। ਹਵੇਲੀ ਰੈਸਟੋਰੈਂਟ ਵਾਲਿਆਂ ਨੇ ਵੀ ਸੰਗਤ ਲਈ ਲੰਗਰ ਲਾਇਆ।

ਓਮਨੀ ਵੀਡੀਓ ਵਲੋਂ ਫੋਟੋਆਂ ਤੇ ਵੀਡੀਓ ਦੀ ਸੇਵਾ ਕੀਤੀ ਗਈ।

ਨਗਰ ਕੀਰਤਨ ਦੁਪਹਿਰ ਇਕ ਵਜੇ ਸੁੰਦਰ ਸਜੀ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਜੈਕਾਰਿਆ ਦੀ ਗੂੰਜ ਨਾਲ ਗੁਰੂ ਘਰ ਤੋਂ ਅਰੰਭ ਹੋਇਆ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਪਿਛੇ ਪਿਛੇ ਚਲ ਰਹੀਆਂ ਸਨ। ਆਪਣੇ ਮਿਥੇ ਰੂਟ ਤੋਂ ਹੁੰਦਾ ਹੋਇਆ ਨਗਰ ਕੀਰਤਨ ਸ਼ਾਮ ਚਾਰ ਵਜੇ ਗੁਰੂ ਘਰ ਆ ਕੇ ਸਮਾਪਤ ਹੋਇਆ।

ਅਖੀਰ ਵਿਚ ਗੁਰੂ ਘਰ ਦੀ ਕਮੇਟੀ ਦੇ ਮੈਂਬਰਾਂ-ਸਿਕੰਦਰ ਸਿੰਘ ਜੱਸਲ, ਬਲਵੀਰ ਸਿੰਘ ਸਿੱਧੂ, ਗੁਰਮੀਤ ਸਿੰਘ, ਰਜਿੰਦਰ ਸਿੰਘ ਢਿਲੋਂ, ਸਿਕੰਦਰ ਸਿੰਘ ਗਰੇਵਾਲ, ਸੁਲੱਖਣ ਰਾਏ, ਹਰਦਿਆਲ ਸਿੰਘ ਮੱਲੀ, ਡੀ.ਆਰ. ਮਨਜੀਤ ਸਿੰਘ, ਮੱਲਾ ਸਿੰਘ ਬਾਜਵਾ, ਦਲਜੀਤ ਸਿੰਘ ਬਾਜਵਾ, ਦਲਜੀਤ ਸਿੰਘ ਸੰਧੂ, ਤੇਜਿੰਦਰ ਸਿੰਘ ਗਿੱਲ ਨੇ ਆਈਆਂ ਸਮੂਹ ਸੰਗਤਾਂ ਅਤੇ ਸਥਾਨਕ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਧੰਨਵਾਦ ਕੀਤਾ।










# ਪਾਰਲੀਆਮੈਂਟ ਆਫ ਵਰਲਡ ਰਿਲੀਜਨਜ਼ ਵਿਚ ਸਿੱਖਾਂ ਦੀ ਰਹੀ ਚੜ੍ਹਤ

**ਟੋਰਾਂਟੋ, ਕੈਨੇਡਾ (ਬਿਊਰੋ):** ਇਥੇ ਮੈਟਰੋ ਟੋਰਾਂਟੋ ਕਨਵੈਨਸ਼ਨ ਸੈਂਟਰ ਵਿਚ ਪਹਿਲੀ ਤੋਂ 7 ਨਵੰਬਰ ਤੱਕ ਵਰਲਡ ਰਿਲੀਜਨਜ਼ ਦੀ ਪਾਰਲੀਆਮੈਂਟ ਵਿਚ ਅਮਰੀਕਨ ਸਿੱਖ ਕੌਂਸਲ ਨੇ ਹੋਰ ਸਿੱਖ ਜਥੇਬੰਦੀਆਂ ਨਾਲ ਹਿੱਸਾ ਲਿਆ। ਇਹ ਸਮਾਗਮ ਹਰ 3 ਤੋਂ 4 ਸਾਲ ਬਾਅਦ ਹੁੰਦਾ ਹੈ ਅਤੇ ਇਸ ਵਾਰ 80 ਵੱਖ ਵੱਖ ਦੇਸ਼ਾਂ ਤੋਂ 50 ਵੱਖ ਵੱਖ ਧਾਰਮਕ ਅਤੇ ਅਮਨ ਜਥੇਬੰਦੀਆਂ ਦੇ 10,000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ।

ਇਸ ਸਮਾਗਮ ਦੀ ਖਾਸ ਗੱਲ ਕੈਨੇਡਾ ਭਰ ਤੋਂ ਸਿੱਖਾਂ ਦੇ ਸਾਂਝੇ ਯਤਨਾਂ ਨਾਲ ਲਾਇਆ ਗਿਆ 'ਗੁਰੂ ਕਾ ਲੰਗਰ' ਸੀ। ਇਹ ਉਦਮ ਓਂਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਨੇ ਕੀਤਾ ਜਿਸ ਨੇ ਇਸ ਸੇਵਾ ਦਾ ਬੀੜਾ ਚੁਕਿਆ। ਗੁਰੂ ਕੇ ਲੰਗਰ ਦੇ ਇਸ ਉਪਰਾਲੇ ਵਿਚ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਨਾਲ ਪ੍ਰਬੰਧਕਾਂ, ਸਥਾਨਕ ਸੰਗਤ ਤੇ ਸੇਵਾਦਾਰਾਂ ਤੋਂ ਇਲਾਵਾ ਬਹੁਤ ਸਾਰੇ ਗੁਪਤ ਦਾਨੀਆਂ ਨੇ ਹਿੱਸਾ ਪਾਇਆ।

ਓਂਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਨੇ ਸਿੱਖ ਧਰਮ, ਵਿਰਸੇ ਅਤੇ ਇਤਿਹਾਸ ਬਾਰੇ ਬਹੁਤ ਵਧੀਆ ਨੁਮਾਇਸ਼ ਲਾਈ। ਇਸ ਵਿਚ ਸਿੱਖ ਨਸਲਕੁਸ਼ੀ ਤੋਂ ਲੈ ਕੇ ਖਾਲਸਾ ਏਡ ਜਥੇਬੰਦੀ ਵਲੋਂ ਵਿਸ਼ਵ ਭਰ ਵਿਚ ਕੀਤੇ ਜਾ ਰਹੇ ਸੇਵਾ ਦੇ ਕੰਮਾਂ ਬਾਰੇ ਜਾਣਕਾਰੀ ਸ਼ਾਮਲ ਸੀ। ਵਰਲਡ ਸਿੱਖ ਆਰਗੇਨਾਈਜੇਸ਼ਨ, ਕੈਨੇਡਾ ਨੇ ਇਸ ਵੱਡੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਿਚ ਮਦਦ ਕੀਤੀ। ਓਂਟਾਰੀਓ ਦੇ ਵੱਖ ਵੱਖ ਗੁਰਦੁਆਰਿਆਂ ਦੀ ਸੰਗਤ ਵਲੋਂ ਕੀਤੀ ਗਈ ਸੇਵਾ ਵੀ ਕਮਾਲ ਸੀ।

ਓਂਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਦੀ ਅਗਵਾਈ ਹੇਠ ਸੇਵਾਦਾਰਾਂ ਨੇ ਲੰਗਰ ਦਾ ਕੰਮ ਬਹੁਤ ਹੀ ਵਧੀਆ ਤਰੀਕੇ ਨਾਲ ਸੰਭਾਲਿਆ। ਲੰਗਰ ਹਰ ਰੋਜ ਸਵੇਰੇ 11:30 ਤੋਂ ਢਾਈ ਵਜੇ ਤੱਕ ਚਲਦਾ। ਵੱਖ ਵੱਖ ਪੰਥਕ ਜਥੇਬੰਦੀਆਂ ਵਲੋਂ ਕੀਤੇ ਗਏ ਕੰਮ ਅਤੇ ਦਿੱਤੀ ਗਈ ਮਾਲੀ ਮਦਦ ਕਰਕੇ ਗੁਰੂ ਕੇ ਲੰਗਰ ਨੇ ਸਮਾਗਮ ਵਿਚ ਹਾਜ਼ਰ ਲੋਕਾਂ ਉਤੇ ਡੂੰਘਾ ਪ੍ਰਭਾਵ ਛੱਡਿਆ।

ਸਮਾਗਮ ਵਿਚ ਪਹੁੰਚੇ ਇਕ ਸਿੱਖ ਨੁਮਾਇੰਦੇ ਡਾ. ਮਨਬੀਰ ਸਿੰਘ ਦੀ ਟਿੱਪਣੀ ਸੀ, "ਲੋਕ ਅਮਰੀਕਨ ਸਿੱਖ ਕੌਂਸਲ ਵਲੋਂ ਲਾਈ ਗਈ ਨੁਮਾਇਸ਼ ਵੱਲ ਸੁਤੇ ਸਿਧ ਖਿੱਚੇ ਤੁਰੇ ਆਉਂਦੇ ਸਨ, ਜਿਨ੍ਹਾਂ ਵਿਚ ਕੁਝ ਸਿਰਫ ਉਤਸੁਕਤਾ ਕਰਕੇ ਅਤੇ ਕੁਝ ਲੋਕਾਂ ਨੂੰ ਮਿਲਣ ਤੇ ਉਨ੍ਹਾਂ ਨਾਲ ਗੱਲਬਾਤ ਕਰਨ ਲਈ। ਪਰ ਹਰ ਕੋਈ ਮਿਲੀ ਨਵੀਂ ਜਾਣਕਾਰੀ ਅਤੇ ਸਮਝ ਉਤੇ ਮੁਸਕਰਾ ਰਿਹਾ ਸੀ। ਕਈ ਗੈਰ ਸਿੱਖਾਂ ਇਸ ਮੌਕੇ ਦਸਤਾਰਾਂ ਸਜਾਈਆਂ ਅਤੇ ਇਹ ਜਾਣਿਆ ਕਿ ਸਿੱਖ ਦਸਤਾਰ ਧਾਰ ਕੇ ਕਿਵੇਂ ਮਹਿਸੂਸ ਕਰਦੇ ਹਨ।





ਸਿੱਖਾਂ ਨੇ ਸਿੱਖ ਨਸਲਕੁਸ਼ੀ ਤੋਂ ਲੈ ਕੇ ਵਿਸ਼ਵ ਅਮਨ ਤੱਕ ਵੱਖ ਵੱਖ ਵਿਸ਼ਿਆਂ ਉਤੇ 75 ਤੋਂ ਵੱਧ ਸੈਮੀਨਾਰ, ਪੈਨਲ ਚਰਚਾ ਅਤੇ ਤਕਰੀਰਾਂ ਕਰਵਾਈਆਂ। ਸਿੱਖ ਬੁਲਾਰਿਆਂ ਨੇ ਆਪਣੇ ਧਰਮ, ਇਤਿਹਾਸ ਅਤੇ ਰਵਾਇਤਾਂ ਬਾਰੇ ਤਕਰੀਰਾਂ ਕੀਤੀਆਂ। ਉਠਾਏ ਗਏ ਮਾਮਲਿਆਂ ਤੇ ਸਮੱਸਿਆਵਾਂ ਵਿਚ ਪਿਛਲੇ ਕੁਝ ਸਮੇਂ ਤੋਂ, ਖਾਸ ਕਰ 9/11 ਪਿਛੋਂ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਕਰ ਕੇ ਆਈਆਂ ਮੁਸ਼ਕਿਲਾਂ ਸ਼ਾਮਲ ਸਨ। ਬੁਲਾਰਿਆਂ ਨੇ ਅਮਰੀਕਾ ਵਿਚ ਵਿਤਕਰੇ, ਨਸਲੀ ਹਮਲਿਆਂ ਅਤੇ ਨਸਲੀ ਨਫਰਤ ਜਿਹੇ ਅਜੋਕੇ ਮਾਮਲਿਆਂ ਬਾਰੇ ਚਰਚਾ ਕੀਤੀ। ਬੁਲਾਰਿਆਂ ਨੇ ਨਿਮਰਤਾ, ਸਰਬੱਤ ਦੇ ਭਲੇ ਤੇ ਇਕ ਵਾਹਿਗੁਰੂ ਆਦਿ ਵਿਸ਼ਿਆਂ 'ਤੇ ਵੀ ਵਿਚਾਰ ਪ੍ਰਗਟਾਏ।

ਭਾਵੇਂ ਬਹੁਤੇ ਬੁਲਾਰੇ ਅਮਰੀਕਾ ਤੋਂ ਸਨ, ਪਰ ਡਾ. ਕੰਵਲਜੀਤ ਕੌਰ ਇੰਗਲੈਂਡ ਤੋਂ ਪਹੁੰਚੇ। ਬੁਲਾਰਿਆਂ ਨੂੰ ਭਰਵਾਂ ਹੁੰਗਾਰਾ ਵੀ ਮਿਲਿਆ। ਪਿਛਲੇ ਸਮਾਗਮਾਂ 'ਚ ਜਿਸ ਸਮਾਜਿਕ ਗਰੁਪ ਨੂੰ ਸਹੀ ਨੁਮਾਇੰਦਗੀ ਨਹੀਂ ਸੀ ਮਿਲ ਸਕੀ, ਉਹ ਸਨ, ਦਲਿਤ। ਪਰ ਇਸ ਵਾਰ ਉਨ੍ਹਾਂ ਨੂੰ ਭਰਵੀਂ ਨੁਮਾਇੰਦਗੀ ਮਿਲੀ। ਉਨ੍ਹਾਂ ਨੇ ਭਾਰਤ ਵਿਚ ਬ੍ਰਾਹਮਣਵਾਦੀ ਜਾਤ ਪ੍ਰਥਾ ਕਰਕੇ ਪੇਸ਼ ਆਉਂਦੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਦਿੱਤੀ। ਸਿੱਖ ਭਾਈਚਾਰੇ ਨੇ ਉਨ੍ਹਾਂ ਨੂੰ ਭਰਵੀਂ ਹਮਾਇਤ ਦਿੱਤੀ।

ਸਿੱਖ ਯੂਥ ਅਲਾਇੰਸ ਆਫ ਨਾਰਥ ਅਮੈਰਿਕਾ ਵਲੋਂ ਕੀਰਤਨ ਕੀਤਾ ਗਿਆ। ਅਮਰੀਕਨ ਸਿੱਖ ਕੌਂਸਲ ਨੇ ਸਿੱਖ ਧਰਮ, ਸਿੱਖ ਗ੍ਰੰਥਾਂ, ਸਿੱਖ ਅਮਰੀਕਨਾਂ ਦੇ ਇਤਿਹਾਸ, ਅਮਰੀਕਾ ਵਿਚ ਸਿੱਖ ਬੱਚਿਆਂ ਨੂੰ ਤੰਗ ਕੀਤੇ ਜਾਣ ਅਤੇ ਸਿੱਖ ਨਸਲਕੁਸ਼ੀ ਬਾਰੇ ਸਿੱਖਿਆਦਾਇਕ ਸਮੱਗਰੀ ਮੁਹੱਈਆ ਕੀਤੀ। ਹਫਤਾ ਭਰ ਚੱਲੇ ਇਸ ਸਮਾਗਮ ਦੌਰਾਨ ਕੌਂਸਲ ਦੇ ਸੇਵਾਦਾਰਾਂ ਨੇ 400 ਤੋਂ ਵੱਧ ਦਸਤਾਰਾਂ ਚਾਹਵਾਨਾਂ ਦੇ ਸਿਰਾਂ 'ਤੇ ਸਜਾਈਆਂ। ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਸੇਵਾਦਾਰਾਂ ਨੇ ਵੀ ਬਹੁਤ ਸਾਰੇ ਚਾਹਵਾਨਾਂ ਨੂੰ ਦਸਤਾਰਾਂ ਸਜਾਉਣੀਆਂ ਸਿਖਾਈਆਂ। ਦਸਤਾਰਾਂ ਸਜਾਉਣ ਦੇ ਸਮੇਂ ਦੌਰਾਨ ਸੇਵਾਦਾਰਾਂ ਨੇ ਉਨ੍ਹਾਂ ਨੂੰ ਸਿੱਖ ਧਰਮ ਅਤੇ ਵਿਰਸੇ ਬਾਰੇ ਜਾਣਕਾਰੀ ਵੀ ਦਿੱਤੀ। ਸਮਾਗਮ ਵਿਚ ਹਾਜਰ ਹਰ 8-10 ਬੰਦਿਆਂ 'ਚੋਂ ਇਕ ਦੇ ਸਿਰ ਦਸਤਾਰ ਸਜਾਈ ਨਜ਼ਰ ਆਉਂਦੀ ਸੀ। ਕਈ ਤਾਂ ਅਗਲੇ ਦਿਨ ਕਿਸੇ ਨਵੇਂ ਰੰਗ ਦੀ ਦਸਤਾਰ ਸਜਾਉਣ ਲਈ ਪਹੁੰਚੇ। ਕਈਆਂ ਨੇ ਤਾਂ ਇਹ ਵੀ ਦੱਸਿਆ ਕਿ ਉਨ੍ਹਾਂ ਸੌਣ ਸਮੇਂ ਦਸਤਾਰ ਸਿਰੋਂ ਨਹੀਂ ਲਾਹੀ, ਮਤੇ ਮੁੜ ਕੇ ਉਨ੍ਹਾਂ ਤੋਂ ਬੰਨ੍ਹੀ ਹੀ ਨਾ ਜਾਵੇ। ਕਈ ਤਾਂ ਏਅਰਪੋਰਟ 'ਤੇ ਵੀ ਦਸਤਾਰਾਂ ਸਣੇ ਗਏ ਤਾਂ ਜੋ ਉਹ ਇਹ ਮਹਿਸੂਸ ਕਰ ਸਕਣ ਕਿ ਕਿਸੇ ਸਿੱਖ ਨੂੰ ਹਵਾਈ ਸਫਰ ਦੌਰਾਨ ਕਿਸ ਤਰ੍ਹਾਂ ਦੇ ਵਿਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਮਰੀਕਨ ਸਿੱਖ ਕੌਂਸਲ ਦੇ ਪ੍ਰਧਾਨ ਡਾ. ਗੁਰਦਾਸ ਸਿੰਘ ਨੇ ਟਿੱਪਣੀ ਕੀਤੀ, "ਦਸਤਾਰ ਸਜਾਉਣ ਵਾਲੇ ਬਹੁਤੇ ਲੋਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਨਜ਼ਰ ਆਉਂਦੀ। ਕਈ ਤਾਂ ਇਸ ਅਨੋਖੇ ਅਨੁਭਵ ਕਰਕੇ ਭਾਵੁਕ ਵੀ ਹੋ ਜਾਂਦੇ।"

ਇਸ ਵਾਰ ਦੀ ਪਾਰਲੀਆਮੈਂਟ ਆਫ ਵਰਲਡ ਰਿਲੀਜਨਜ਼ ਵਿਚ ਸਿੱਖਾਂ ਦੀ ਹਾਜ਼ਰੀ ਚੰਗੀ ਭਰਵੀਂ ਸੀ। ਅਮਰੀਕਨ ਸਿੱਖ ਕੌਂਸਲ ਦੇ ਮੈਂਬਰ ਕਿਰਪਾਲ ਸਿੰਘ ਦੀ ਟਿੱਪਣੀ ਸੀ ਕਿ ਹਾਜ਼ਰ ਬਹੁਤੇ ਲੋਕਾਂ ਦਾ ਕਹਿਣਾ ਸੀ ਕਿ ਸਿੱਖ ਮਾਅਰਕਾ ਮਾਰ ਗਏ।

ਗਲੋਬਲ ਸਿੱਖ ਕੌਂਸਲ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਸਮਾਗਮ ਦੀ ਸਮਾਪਤੀ ਰਸਮ ਦੌਰਾਨ ਸਿੱਖਾਂ ਦੀ ਤਰਫੋਂ ਬਹੁਤ ਹਾਂਪੱਖੀ ਅਤੇ ਚੜ੍ਹਦੀਕਲਾ ਵਾਲਾ ਸੁਨੇਹਾ ਦਿੱਤਾ।

# Satwant Singh Insurance Services

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

## ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਾਰੇ ਸਿੱਖ ਜਗਤ ਨੂੰ

# ਲੱਖ ਲੱਖ ਵਧਾਈ ਹੋਵੇ

*We serve all over California*

## Auto, Home, Life, Business, Workers Comp.



Satwant Singh, CLCS, MBA
*(CA Lic # 0H11256)*

*See how much you can save. Get free quote for Auto, Home, Life and Business.*

*Compare Auto, Home quotes online at our website:*
*www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

# 1-408-771-2438

satwant@satwantins.com

2774 Aborn Road, San Jose, CA 95121

# ਦਲਿਤਾਂ ਦੀ ਕਥਾ ਅਤੇ ਸਾਹਿਤ

**ਕਲਾ ਪਰਿਕਰਮਾ**

**ਯੋਗੇਸ਼ ਕੁਮਾਰ**
ਫੋਨ: +91-97805-85890

ਪੰਜਾਬ ਦੇ ਦਲਿਤਾਂ ਬਾਬਤ ਲਿਖੇ ਸਾਹਿਤ ਨੂੰ ਮੁੱਖ ਰੂਪ ਵਿਚ ਦੋ ਵਿਚਾਰਧਾਰਾਵਾਂ ਅਧੀਨ ਸਮਝਣ ਅਤੇ ਲਿਖਣ ਦੇ ਯਤਨ ਹੁੰਦੇ ਰਹੇ ਹਨ। ਪਹਿਲੀ ਹੈ- ਖੱਬੇਪੱਖੀ ਜਾਂ ਮਾਰਕਸਵਾਦੀ ਵਿਚਾਰਧਾਰਾ। ਇਸ ਧਾਰਨਾ ਦੇ ਸਮਰਥਕ ਦਲਿਤਾਂ ਦੀ ਪਛਾਣ ਤੇ ਇਤਿਹਾਸ ਨੂੰ ਜਮਾਤੀ ਘੋਲ ਦੇ ਵਰਤਾਰੇ ਰਾਹੀਂ ਖੋਜਣ, ਸਮਝਣ ਅਤੇ ਲਿਖਣ ਦਾ ਯਤਨ ਕਰਦੇ ਹਨ। ਇਸ ਫਲਸਫੇ ਦੇ ਪੈਰੋਕਾਰ ਮਜ਼ਦੂਰ ਕ੍ਰਾਂਤੀ ਦੀ ਵਿਚਾਰਧਾਰਾ ਨਾਲ ਓਤ-ਪੋਤ ਮਜ਼ਦੂਰ ਜਥੇਬੰਦੀਆਂ ਅਧੀਨ ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਟੀਚੇ ਉਲੀਕਦੇ ਆਏ ਹਨ। ਦਲਿਤਾਂ ਦੀ ਜਾਤੀ ਪਛਾਣ ਨੂੰ ਖੱਬੇਪੱਖੀ ਕੋਈ ਤਰਜੀਹ ਨਹੀਂ ਦਿੰਦੇ ਜਦੋਂਕਿ ਪੰਜਾਬ ਵਿਚ ਵਧੇਰੇ ਕਰਕੇ ਖੱਬੇਪੱਖੀ ਜਥੇਬੰਦੀਆਂ



ਦੇ ਉਚ ਅਹੁਦਿਆਂ 'ਤੇ ਅਖੌਤੀ ਉਚ ਜਾਤੀ ਦਾ, ਭਾਵ ਜੱਟ ਗ਼ਲਬਾ ਹੀ ਰਿਹਾ ਹੈ। ਪਿੰਡਾਂ ਦੇ ਦਲਿਤਾਂ ਤੇ ਜ਼ਮੀਨ ਦੀ ਕਾਣੀ ਵੰਡ ਨੂੰ ਖੱਬੇਪੱਖੀ ਮੁੱਖ ਉਦੇਸ਼ ਮਿਥ ਕੇ ਖੜ੍ਹੇ ਹਨ, ਜਦੋਂਕਿ ਅਜੋਕੇ ਪੂੰਜੀਵਾਦ ਤੇ ਵਧਦੇ ਸ਼ਹਿਰੀਕਰਨ ਨੇ ਪੰਜਾਬ ਦੇ ਦਲਿਤਾਂ ਤੇ ਹੋਰ ਹਾਸ਼ੀਆਗਤ ਲੋਕਾਂ ਦੇ ਦਮਨ ਲਈ ਨਵੇਂ ਤਰੀਕੇ ਕੱਢ ਲਏ ਹਨ। ਇਸ ਪਾਸੇ ਮਾਰਕਸਵਾਦੀ ਵਿਚਾਰਕਾਂ ਦਾ ਧਿਆਨ ਘੱਟ ਹੀ ਜਾਂਦਾ ਹੈ।

ਦੂਜਾ ਫਲਸਫਾ ਦਲਿਤਾਂ ਦੀ ਪਛਾਣ, ਇਤਿਹਾਸਕ ਸੰਘਰਸ਼ ਤੇ ਸ਼ਕਤੀਕਰਨ ਦੀਆਂ ਜੜ੍ਹਾਂ ਧਰਮ ਵਿਚੋਂ ਲੱਭਣ ਲਈ ਪ੍ਰਤੀਬੱਧ ਨਜ਼ਰ ਆਉਂਦਾ ਹੈ। ਇਹ ਪਿਰਤ ਅੰਗਰੇਜ਼ੀ ਰਾਜ ਤੇ ਉਸ ਦੀਆਂ ਉਸਾਰੀਆਂ ਸੰਸਥਾਵਾਂ (ਜਿਵੇਂ ਜਾਤ ਧਰਮ ਦੇ ਹਿਸਾਬ ਨਾਲ ਕਰਵਾਈ ਮਰਦਮਸ਼ੁਮਾਰੀ) ਰਾਹੀਂ ਪੰਜਾਬ ਵਿਚ ਪਈ ਜਿਸ ਨੂੰ ਅਜੋਕੇ ਲਿਖਾਰੀ ਤੇ ਖੋਜਾਰਥੀ ਹਾਲੇ ਤਕ ਨੌਲਦੇ ਆ ਰਹੇ ਹਨ। ਜੇ ਪੰਜਾਬ ਦੇ ਦਲਿਤਾਂ ਤੇ ਇਨ੍ਹਾਂ ਦੇ ਸਮਾਜਕ ਸਿਆਸੀ ਸੰਗਠਨ ਦੀ ਗੱਲ ਕਰੀਏ ਤਾਂ ਇਹ ਤਕਰੀਬਨ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕਿਆਂ ਦੌਰਾਨ ਆਦਿ ਧਰਮ ਅੰਦੋਲਨ ਦੇ ਰੂਪ ਵਿਚ ਮੰਗੂ ਰਾਮ ਦੀ ਅਗਵਾਈ ਹੇਠ ਹੋਂਦ ਵਿਚ ਆਇਆ। ਇਸ ਬਾਬਤ ਪਹਿਲੀ ਕਿਤਾਬ ਅਮਰੀਕਾ ਦੇ ਪ੍ਰਸਿੱਧ ਸਮਾਜ ਸ਼ਾਸਤਰੀ ਮਾਰਕ ਜੁਰਗਨਸਮੇਅਰ ਨੇ 1982 ਵਿਚ ਲਿਖੀ: 'ਰਿਲੀਜਨ ਐਂਡ ਸੋਸ਼ਲ ਵਿਜ਼ਨ: ਦਿ ਮੂਵਮੈਂਟ ਅਗੇਂਸਟ ਅਨਟਚਏਬਿਲਿਟੀ ਇਨ ਟਵੈਂਟੀਅਥ ਸੈਂਚੁਰੀ ਪੰਜਾਬ'। ਹੁਣ ਇਸ ਲੀਕ ਨੂੰ ਹੋਰ ਗੂੜ੍ਹਾ ਕਰਦਿਆਂ ਵਿਦਵਾਨ ਤੇ ਖੋਜੀ ਆਦਿ ਧਰਮ ਅਤੇ ਵਰਤਮਾਨ ਸਮੇ ਵਿਚ ਰਵਿਦਾਸ ਤੇ ਅਨੇਕ ਹੋਰ ਧਾਰਮਕ ਡੇਰਿਆਂ ਜ਼ਰੀਏ ਦਲਿਤਾਂ ਦੀ ਅੱਡ ਪਛਾਣ ਤੇ ਸ਼ਕਤੀਕਰਨ ਜਿਹੇ ਮੁੱਦਿਆਂ 'ਤੇ ਖ਼ੂਬ ਕਲਮ ਅਜ਼ਮਾ ਰਹੇ ਹਨ। ਵਧੇਰੇ ਦਲਿਤ ਸਾਹਿਤ ਦੁਆਬੇ ਦੇ ਦਲਿਤਾਂ ਖ਼ਾਸਕਰ ਰਵਿਦਾਸੀਆਂ ਬਾਬਤ ਹੀ ਰਚਿਆ ਗਿਆ। ਜਦੋਂਕਿ ਪੰਜਾਬ ਦੀ ਮਰਦਮਸ਼ੁਮਾਰੀ ਵੱਲ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ 39 ਦੇ ਕਰੀਬ ਦਲਿਤ ਸਮੂਹ ਹਨ ਜਿਨ੍ਹਾਂ 'ਚ ਸਮਾਜਕ, ਆਰਥਕ, ਧਾਰਮਕ, ਸਭਿਆਚਾਰਕ ਤੇ ਭੂਗੋਲਿਕ ਆਧਾਰ 'ਤੇ ਵਿਲੱਖਣਤਾ ਤੇ ਵੰਨ-ਸੁਵੰਨਤਾ ਦੇ ਲੱਛਣ ਹਨ। ਇਸ ਦੇ ਬਾਵਜੂਦ ਵਰਤਮਾਨ ਪੂਰਬੀ ਪੰਜਾਬ ਵਿਚ ਆਮ ਤੌਰ 'ਤੇ ਦਲਿਤਾਂ ਬਾਰੇ ਇਹ ਧਾਰਨਾ ਪ੍ਰਚਲਿਤ ਹੈ ਕਿ ਧਾਰਮਕ ਡੇਰਿਆਂ ਨੇ ਦਲਿਤਾਂ ਦੇ ਸਮਾਜਕ, ਆਰਥਕ ਤੇ ਸਭਿਆਚਾਰਕ ਉਥਾਨ, ਉਨ੍ਹਾਂ ਦੀ ਅੱਡ ਪਛਾਣ ਤੇ ਸ਼ਕਤੀਕਰਨ ਵਿਚ ਅਹਿਮ ਯੋਗਦਾਨ ਦਿੱਤਾ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ ਹੋਰ ਦਲਿਤਾਂ ਬਾਬਤ ਤੇ ਉਨ੍ਹਾਂ ਦੀ ਜੀਵਨ ਕਥਾ ਤੇ ਸੰਘਰਸ਼ ਨੂੰ ਅਕਾਦਮਿਕ ਅਦਾਰਿਆਂ ਤੇ ਲਿਖਾਰੀਆਂ ਨੇ ਅਣਗੌਲਿਆਂ ਕਿਉਂ ਰੱਖਿਆ? ਕੀ ਕਾਰਨ ਹਨ ਕਿ ਵਧੇਰੇ ਕਰਕੇ ਦਲਿਤ ਸਾਹਿਤ ਦੇ ਲਿਖਾਰੀਆਂ ਨੇ ਦੁਆਬੇ ਤੇ ਰਵਿਦਾਸੀ ਡੇਰਿਆਂ ਤਕ ਹੀ ਆਪਣੀ ਲੇਖਣੀ ਸੀਮਿਤ ਰੱਖੀ ਤੇ ਇਸ ਇਲਾਕੇ ਤਕ ਹੀ ਆਪਣੀ ਖੋਜ ਕੀਤੀ। ਉਨ੍ਹਾਂ ਦਾ ਦਲਿਤ ਲਹਿਰ ਦੀ ਸਿਆਸੀ ਅਗਵਾਈ ਦਾ ਸਿੱਧਾ ਤਜਰਬਾ ਨਹੀਂ ਹੈ ਤੇ ਆਪ ਪਿੰਡਾਂ ਦੀ ਥਾਂ ਸ਼ਹਿਰਾਂ ਵਿਚ ਵੱਸਦੇ ਹਨ। ਸੋ ਹੱਥਲੇ ਲੇਖ ਦਾ ਮੁੱਖ ਉਦੇਸ਼ ਅੰਮ੍ਰਿਤਸਰ ਦੇ ਮੁਹੱਲਿਆਂ ਵਿਚ ਵੱਸਦੇ ਦਲਿਤਾਂ ਦੀ ਰਹਿਣੀ ਨੂੰ ਬਿਆਨ ਕਰਨਾ ਹੈ ਜੋ ਇੰਜ ਹੈ:

ਤੰਗ ਗ਼ਲੀਆਂ, ਕੱਚੇ ਜਾਂ ਨਿਰੇ ਇੱਟਾਂ ਦੇ ਚਬੂਤਰਿਆਂ ਵਾਲੇ ਘਰ, ਮੁੱਖ ਸਮਾਜ ਨਾਲੋਂ ਅੱਡ ਨੁਹਾਰ ਤੇ ਜ਼ਬਾਨ, ਹੁੰਮਸ ਭਰਿਆ ਵਾਤਾਵਰਨ, ਗੰਦੀਆਂ ਗਾਲ੍ਹਾਂ ਤੇ ਆਏ ਦਿਨ ਲੜਾਈ-ਕਲੇਸ਼। ਘਰਾਂ ਦੇ ਬਾਹਰ ਲਟਕਾਈਆਂ ਸਿੱਖ, ਹਿੰਦੂ ਗੁਰੂਆਂ ਤੇ ਈਸਾ ਦੀਆਂ ਤਸਵੀਰਾਂ ਜੋ ਬਾਹਰ ਹੀ ਨੇ। ਘਰਾਂ ਅੰਦਰ ਉਨ੍ਹਾਂ ਆਪਣੇ ਪਿੱਤਰਾਂ, ਕਾ਼ਲੀ, ਦੁਰਗਾ ਤੇ ਹੋਰ ਅਨੇਕ ਦੇਵੀ ਦੇਵਤਿਆਂ ਨੂੰ ਮਿੱਥਿਆ ਹੋਇਆ ਹੈ ਤੇ ਜਿਨ੍ਹਾਂ ਨੂੰ ਉਹ ਆਪਣੇ ਵਿਚੋਂ, ਆਪਣੇ ਵਰਗਾ ਤੇ ਆਪਣੇ ਬਰਾਬਰ ਦਾ ਜਾਣਦੇ ਹਨ। ਤਾਹੀਉਂ ਇਹ ਲੋਕ ਸਮਾਜ ਦੇ ਮੁੱਖ ਧਾਰਮਕ ਵਿਸ਼ਵਾਸਾਂ, ਕਦਰਾਂ-ਕੀਮਤਾਂ ਤੇ ਧਾਰਨਾਵਾਂ ਤੋਂ ਅੱਡ ਪ੍ਰਤੀਤ ਹੁੰਦੇ ਹਨ। ਦਲਿਤਾਂ ਦੇ ਅਜਿਹੇ ਧਾਰਮਕ ਵਿਸ਼ਵਾਸਾਂ, ਕਦਰਾਂ ਨੂੰ ਕੰਨੜ ਲੇਖਕ ਡੀ.ਆਰ. ਨਾਗਰਾਜ ਨੇ 'ਰੰਗਲਾ ਤੇ ਦਿਲਚਸਪ ਸੰਸਾਰ' ਆਖ ਕੇ ਉਲੀਕਿਆ। ਉਸ ਨੇ ਦਲਿਤਾਂ ਦੇ ਸਭਿਆਚਾਰਕ ਜੀਵਨ ਨੂੰ ਪੂਰਨ ਰੂਪ ਵਿਚ ਸੁਤੰਤਰ ਮੰਨਿਆ ਜਿਹਨੂੰ ਅਖੌਤੀ ਉਚ



ਜਾਤੀਆਂ ਰਵਾਇਤੀ ਤੇ ਤੁੱਛ ਸਮਝ ਕੇ ਨਕਾਰਦੀਆਂ ਹਨ।

ਔਰਤਾਂ ਤੇ ਜਵਾਨ ਕੁੜੀਆਂ ਦਾ ਵੱਡੇ ਘਰਾਂ ਵਿਚ ਸਫਾਈ ਦਾ ਕੰਮ ਕਰਨਾ। ਮਰਦਾਂ ਦਾ ਠੇਕੇਦਾਰੀ ਪ੍ਰਥਾ ਅਧੀਨ ਕਮੇਟੀ ਘਰਾਂ ਤੇ ਬਹੁਤਿਆਂ ਦਾ ਸਫਾਈ ਤੇ ਮਜ਼ਦੂਰੀ ਕਰਨਾ ਹੀ ਮੁੱਖ ਕਿੱਤਾ ਹੈ। ਆਥਣੇ ਦਾਰੂ ਪੀਣੀ ਤੇ ਫਿਰ ਆਪਣੇ ਰਿਸ਼ਤੇਦਾਰਾਂ ਤੋਂ ਲੈ ਕੇ ਆਪਣੇ ਮਾਲਕਾਂ ਤੇ ਸਰਕਾਰੀ ਅਫਸਰਾਂ ਨੂੰ ਗਾਲ੍ਹਾਂ ਕੱਢਣੀਆਂ। ਫਿਰ ਬੀੜੀ ਸੁਲਗਾਉਂਦਿਆਂ ਰਤਾ ਧੂੰਏ ਵੱਲ ਵਿੰਹਦਿਆਂ ਚੁੱਪ ਵਰਤਾਣੀ। ਭਾਈਚਾਰੇ ਦੀ ਇਨ੍ਹਾਂ ਵਿਚ ਪ੍ਰਬਲ ਭਾਵਨਾ ਹੈ। ਇਹਦੇ ਅਨੇਕ ਕਾਰਨ ਹੋ ਸਕਦੇ ਹਨ, ਪਰ ਮੁੱਖ ਰੂਪ ਵਿਚ ਇਨ੍ਹਾਂ ਦੀ ਰਿਹਾਇਸ਼, ਇਕੋ ਜਿਹਾ ਕਾਰ-ਵਿਹਾਰ ਤੇ ਸਮਾਜ ਦੀ ਇਨ੍ਹਾਂ ਪ੍ਰਤੀ ਜਾਤੀ ਘ੍ਰਿਣਾ ਵਿਚ ਨਿਹਿਤ ਹੈ। ਬਹੁਤਿਆਂ ਦੇ ਬੱਚਿਆਂ ਦਾ ਸਰਕਾਰੀ ਸਕੂਲਾਂ ਵਿਚ ਪੜ੍ਹਨਾ, ਜਿਥੇ ਮਿਡ-ਡੇ-ਮੀਲ ਤੋਂ ਵੱਧ ਉਪਕਾਰ ਵਿੱਦਿਆ ਨੇ ਇਨ੍ਹਾਂ ਦੀ ਝੋਲੀ ਕਦੇ ਨਹੀਂ ਪਾਇਆ। ਆਪਣੇ ਆਪ ਵਿਚ ਦਲਿਤਾਂ ਦਾ ਇਹ ਵਿਲੱਖਣ, ਅਭਿੱਜ ਤੇ ਅੱਖੋਂ-ਪਰੋਖਿਆ ਸੰਸਾਰ ਕਈ ਪੱਖਾਂ ਤੋਂ ਅੱਡ ਜਾਪਦਾ ਹੈ ਜੋ ਅਜੇ ਤਕ ਸਮਾਜ ਦੀ ਮੁੱਖ ਧਾਰਾ ਵਿਚ ਇਕਮਿਕ ਨਹੀਂ ਹੋਇਆ।

ਪੰਜਾਬ ਦੇ ਦਲਿਤਾਂ ਦੇ ਮਨੋਭਾਵਾਂ ਨੂੰ ਇੰਨ-ਬਿੰਨ ਲਿਖਣਾ ਅਜੇ ਬਾਕੀ ਹੈ; ਕਿਉਂ ਜੋ ਪੰਜਾਬੀ ਵਿਚ ਲਿਖੇ ਦਲਿਤ ਸਾਹਿਤ ਦਾ ਵਧੇਰੇ ਪਿੜ ਧਾਰਮਕ ਤੇ ਮਾਰਕਸਵਾਦੀ ਫਲਸਫੇ ਨੇ ਮੱਲਿਆ ਹੋਇਆ ਹੈ ਜਿਸ ਨੂੰ ਨਵੇਂ ਦ੍ਰਿਸ਼ਟੀਕੋਣ ਰਾਹੀਂ ਵਾਚਣ ਤੇ ਲਿਖਣ ਦੀ ਜ਼ਰੂਰਤ ਹੈ।

ਉਪਰੋਕਤ ਲਿਖਤ ਦਲਿਤ ਜੀਵਨ ਕਥਾ ਦੀ ਅਧੂਰੀ ਤਸਵੀਰ ਹੈ ਜੋ ਉਨੀ ਸੌ ਸੱਠਵਿਆਂ ਤੇ ਸੱਤਰਵਿਆਂ ਦੌਰਾਨ ਗੁਰਦਿਆਲ ਸਿੰਘ ਦੇ ਨਾਵਲਾਂ 'ਮੜ੍ਹੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਵਿਚ ਮਾਲਵੇ ਦੇ ਦਲਿਤਾਂ ਦੀ ਰਿਹਾਇਸ਼ ਨੂੰ 'ਕੁੱਤਿਆਂ ਦੇ ਘੋਰਨੇ' ਦੱਸਣ ਦਾ ਬਿਰਤਾਂਤ ਨਹੀਂ ਸਗੋਂ 2018 ਵਿਚ ਅੰਮ੍ਰਿਤਸਰ ਸ਼ਹਿਰ ਦੇ ਮੁਹੱਲਿਆਂ ਵਿਚ ਵੱਸਦੇ ਅਖੌਤੀ ਦਲਿਤਾਂ ਦੀ ਰਹਿਣੀ ਦਾ ਅੰਸ਼ ਮਾਤਰ ਹੈ। ਇਨ੍ਹਾਂ ਲੋਕਾਂ ਦੇ ਮਨੋਵਿਚੇਰਨ ਤੇ ਮਨੋਭਾਵਾਂ ਨੂੰ ਇੰਨ-ਬਿੰਨ ਲਿਖਣਾ ਅਜੇ ਬਾਕੀ ਹੈ; ਕਿਉਂ ਜੋ ਪੰਜਾਬੀ ਵਿਚ ਲਿਖੇ ਦਲਿਤ ਸਾਹਿਤ ਦਾ ਵਧੇਰੇ ਪਿੜ ਧਾਰਮਕ ਤੇ ਮਾਰਕਸਵਾਦੀ ਫਲਸਫੇ ਨੇ ਮੱਲਿਆ ਹੋਇਆ ਹੈ ਜਿਸ ਨੂੰ ਨਵੇਂ ਦ੍ਰਿਸ਼ਟੀਕੋਣ ਰਾਹੀਂ ਵਾਚਣ ਤੇ ਲਿਖਣ ਦੀ ਜ਼ਰੂਰਤ ਹੈ।

ਇਸ ਹਵਾਲੇ ਨਾਲ ਇਤਿਹਾਸਕਾਰ ਰਾਮ ਨਾਰਾਇਣ ਐਸ. ਰਾਵਤ ਦੇ ਵਿਚਾਰ ਬੜੇ ਢੁੱਕਵੇਂ ਹਨ। ਉਨ੍ਹਾਂ ਦਾ ਆਖਣਾ ਹੈ ਕਿ ਦਲਿਤ ਇਤਿਹਾਸ ਦੇ ਗਰਭ ਤੇ ਵਰਤਮਾਨ ਵਿਚ ਉਹ ਸਾਰੀਆਂ ਸੰਭਾਵਨਾਵਾਂ ਤੇ ਜਾਣਕਾਰੀਆਂ ਮੌਜੂਦ ਹਨ ਜੋ ਇਸ ਨੂੰ 'ਨਵੇਂ ਪ੍ਰੰਤੂ ਵਿਪਰੀਤ ਇਤਿਹਾਸ' ਹੋਣ ਦਾ ਦਰਜਾ ਬਖ਼ਸ਼ਦੀਆਂ ਹਨ। ਇਸ ਲਈ ਦਲਿਤ ਖੋਜੀ ਵਿਦਿਆਰਥੀਆਂ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਸਥਾਪਿਤ ਖੋਜ ਵਿਧੀਆਂ, ਸਿਧਾਂਤਾਂ ਤੇ ਸਰੋਤਾਂ ਨੂੰ ਮੁੜ ਵਾਚਣ ਦਾ ਯਤਨ ਕਰਨ। ਰਾਵਤ ਦੇ ਇਹ ਵਿਚਾਰ ਪੰਜਾਬ ਦੇ ਦਲਿਤਾਂ ਤੇ ਉਨ੍ਹਾਂ ਬਾਰੇ ਖੋਜੀ ਵਿਦਿਆਰਥੀਆਂ ਲਈ ਵੀ ਬਹੁਤ ਲਾਹੇਵੰਦ ਜਾਪਦੇ ਹਨ। ਅੰਗਰੇਜ਼ ਹਾਕਮਾਂ ਨੇ ਵਧੇਰੇ ਕਰਕੇ ਇਤਿਹਾਸਕ ਜਾਣਕਾਰੀ ਆਪਣੇ ਰਾਜਸੀ ਮਨਸੂਬਿਆਂ ਦੀ ਪੂਰਤੀ ਲਈ ਆਪਣੀਆਂ ਹੀ ਸੰਸਥਾਵਾਂ ਤੇ ਅਧਿਕਾਰੀਆਂ ਰਾਹੀਂ ਇਕੱਠੀ ਕੀਤੀ ਸੀ। ਅਜੋਕੇ ਸਮੇਂ ਦੇ ਲਿਖਾਰੀ ਪੜਚੋਲ ਕਰੇ ਬਿਨਾਂ ਇਸ ਨੂੰ ਸੱਚ ਮੰਨ ਕੇ ਦਲਿਤਾਂ ਦੇ ਇਤਿਹਾਸ ਤੇ ਵਰਤਮਾਨ ਨੂੰ ਸਮਝਣ ਦਾ ਦਾਅਵਾ ਕਰਦੇ ਹਨ। ਅਸਲ ਵਿਚ ਜ਼ਰੂਰਤ ਹੈ ਕਿ ਦਲਿਤ ਇਤਿਹਾਸ ਦੀ ਜਾਣਕਾਰੀ ਦੇਣ ਵਾਲੇ ਪਰੰਪਰਾਗਤ ਸਰੋਤਾਂ, ਸਿਧਾਂਤਾਂ ਤੇ ਸੰਸਥਾਵਾਂ (ਜਿਵੇਂ ਲੰਡਨ ਵਾਲੀ ਬ੍ਰਿਟਿਸ਼ ਲਾਇਬਰੇਰੀ ਤੇ ਦਿੱਲੀ ਦੀ ਨਹਿਰੂ ਮੈਮੋਰੀਅਲ ਲਾਇਬਰੇਰੀ ਜੋ ਅੰਗਰੇਜ਼ੀ ਰਾਜ ਦੇ 'ਮੁੱਖ ਗਿਆਨਕੋਸ਼ ਕੇਂਦਰ' ਵਜੋਂ ਜਾਣੀਆਂ ਜਾਂਦੀਆਂ ਹਨ) ਤੋਂ ਹਟ ਕੇ ਸਥਾਨਕ ਪੱਧਰ (ਭਾਵ ਰਾਜਾਂ ਤੇ ਜ਼ਿਲ੍ਹਿਆਂ) ਦੇ ਇਤਿਹਾਸ ਦੇ ਨਵੇਂ ਅਣਵਰਤੇ ਸਰੋਤਾਂ ਨੂੰ ਸ਼ਾਮਿਲ ਕੀਤਾ ਜਾਵੇ ਜਿਵੇਂ: ਸਥਾਨਕ ਬਿਰਤਾਂਤ, ਭੂਮੀ ਤੇ ਲਗਾਨ ਨਾਲ ਸਬੰਧਿਤ ਜ਼ਿਲ੍ਹਾ ਪੱਧਰ ਦੇ ਦਸਤਾਵੇਜ਼ਾਂ, ਥਾਣਿਆਂ ਵਿਚ ਪਏ ਦਸਤਾਵੇਜ਼ ਤੇ ਰਿਪੋਰਟਾਂ, ਦਲਿਤਾਂ ਦੇ ਜੀਵਨ ਬਿਰਤਾਂਤ, ਕਥਾ ਕਹਾਣੀ, ਲੋਕਗੀਤ, ਗਲਪ ਕਥਾ ਆਦਿ। ਕਿਉਂਕਿ ਇਨ੍ਹਾਂ ਸਰੋਤਾਂ ਨੂੰ ਬ੍ਰਿਟਿਸ਼ ਤੇ ਆਧੁਨਿਕ ਲਿਖਾਰੀਆਂ ਨੇ ਆਪਣੇ ਹਿੱਤਾਂ ਜਾਂ ਜਾਤੀ ਚੇਤਨਾ ਸਦਕਾ ਹਮੇਸ਼ਾਂ ਅੱਖੋਂ ਪਰੋਖੇ ਕੀਤਾ ਹੈ। ਅੰਤ ਪੰਜਾਬ ਦੇ ਦਲਿਤਾਂ ਬਾਰੇ ਸਥਾਪਿਤ ਵਿਚਾਰਧਾਰਾਵਾਂ, ਖੋਜ ਵਿਧੀਆਂ ਤੇ ਸਰੋਤਾਂ ਤੋਂ ਅਗਾਂਹ ਵਧਣ ਨਾਲ ਹੀ ਇਨ੍ਹਾਂ ਹਾਸ਼ੀਆਗਤ ਲੋਕਾਂ ਦੀ ਕਥਾ ਨੂੰ ਇਤਿਹਾਸ ਤੇ ਸ਼ਬਦਾਂ ਦੀ ਸੁੱਚੀ ਮਾਲਾ ਵਿਚ ਪਰੋਇਆ ਜਾ ਸਕਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਦਸੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-353



*ਨਿਕਲ ਗਏ ਰਸੋਈਆਂ 'ਚੋਂ ਬਾਹਰ ਦੇਖੋ, ਬਚ ਸਕੇ ਨਾ ਸਮੇਂ ਦੇ ਬੁਲਿਆਂ ਤੋਂ।*
*ਸਿਆਣਪ ਪਰਖਦੇ ਸਨ ਸੁਆਣੀਆਂ ਦੀ, ਲਿਪੇ ਪੋਚੇ ਹੋਏ ਭੱਠੀਆਂ ਚੁੱਲ੍ਹਿਆਂ ਤੋਂ।*

## ਕੈਪਸ਼ਨ ਮੁਕਾਬਲਾ-351



ਧਰਤੀ-ਮਾਂ ਦੀ ਹਿੱਕ ਚੀਰ ਕੇ
ਧਰਤੀ-ਪੁੱਤਰ ਅੰਨ ਉਗਾਉਂਦੇ।
ਜੋਰਾਵਰ ਜਦ ਦਹਿਸ਼ਤ ਪਾਵਣ
ਫਿਰ ਹਥਿਆਰ ਉਠਾਉਂਦੇ।
ਜਹਾਜਾਂ ਦੀ ਛਾਂ ਕਰਨ ਵਾਲੇ ਨੂੰ
ਨਕਦ ਹੀ ਸਬਕ ਸਿਖਾਉਂਦੇ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਸ਼ਾਂਤੀ ਨਾਲ ਸੀ ਲੋਕ ਰਹਿੰਦੇ
ਨਵੀਂ ਮੁਸੀਬਤ ਗਲ ਪਾ ਦਿੱਤੀ।
ਤਾਲਿਬਾਨ ਨੂੰ ਦੇਹ ਹੱਲਾਸ਼ੇਰੀ
ਹਥਿਆਰਾਂ ਦੀ ਮੰਡੀ ਲਾ ਦਿੱਤੀ।
ਰੋਜ਼ੀ ਰੋਟੀ ਦੇ ਮਸਲੇ ਭੁੱਲ ਕੇ
ਭਰਾ ਮਾਰੂ ਜੰਗ ਕਰਵਾ ਦਿੱਤੀ।
ਧਰਤੀ ਦਾ ਪੁੱਤਰ ਹਲ ਵਾਹਵੇ
ਏ. ਕੇ. ਸੰਤਾਲੀ ਮੋਢੇ ਪਾ ਲੀਤੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਸੱਪ ਦੀਆਂ ਸਿਰੀਆਂ ਮਿੱਧਦਾ
ਉਪਰੋਂ ਲੈਣਾ ਜ਼ਮੀਨ ਦਾ ਹੱਕ।
ਤੀਜਾ ਜਾਨ-ਮਾਲ ਦੀ ਰੱਖਿਆ
ਮੋਢੇ ਟੰਗ ਲਈ ਬੰਦੂਕ ਚੱਕ।
ਅੰਨ ਦਾਤਾ ਹੱਲ ਵਾਹ ਰਿਹਾ
ਰੋਹ ਨਾਲ ਭਰਿਆ ਨੱਕੋ-ਨੱਕ।
ਉਹ ਕਿਹੋ ਜਿਹੇ ਦਰਦ ਹੰਢਾਂਵਦਾ
ਮਨ ਵਿਚ ਲਿਆ ਸਭ ਡੱਕ।

***-ਦਵਿੰਦਰ ਕੌਰ***

---

ਹਲ ਵਾਹੁਣਾ, ਅੰਨ ਉਗਾਉਣਾ
ਇਹ ਹੈ ਸਾਡੀ ਮਜਬੂਰੀ
ਪੇਟ ਦੀ ਖਾਤਰ ਇਹ ਕੰਮ
ਕਰਨਾ ਵੀ ਬਹੁਤ ਜਰੂਰੀ।
ਪਾ ਕੇ ਗਲ ਏ. ਕੇ. 47
ਕੈਸੀ ਵਕਤ ਦੀ ਘੂਰੀ।
ਵਕਤ ਦੀ ਮਾਰ ਐਸੀ ਪੈ ਗਈ
ਰਹੇ ਹਾਂ ਇਹਨੂੰ ਝੱਲ।
ਸੁਣ ਫਰਿਆਦ ਰੱਬ ਸਾਡੀ
ਲੱਭ ਇਸ ਮੁਸੀਬਤ ਦਾ ਕੋਈ ਹੱਲ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਗ੍ਰੀਨ ਟ੍ਰਿਬਿਊਨਲ ਦੀ ਸਖਤੀ ਬਣੀ ਪੰਜਾਬ ਸਰਕਾਰ ਲਈ ਮੁਸੀਬਤ

**ਚੰਡੀਗੜ੍ਹ:** ਪੰਜਾਬ ਦੇ ਸਤਲੁਜ ਤੇ ਬਿਆਸ ਦਰਿਆਵਾਂ ਦੇ ਪਾਣੀਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਅਹਿਮ ਫੈਸਲਾ ਸੁਣਾਉਂਦਿਆਂ ਪੰਜਾਬ ਸਰਕਾਰ ਨੂੰ 50 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਹੈ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਦੇ ਦਰਿਆਵਾਂ ਵਿਚ ਗੰਦਗੀ ਪਾਉਣ ਦੇ ਬਦਲੇ ਇੰਨੀ ਮੋਟੀ ਰਕਮ ਦਾ ਜੁਰਮਾਨਾ ਲਾਇਆ ਗਿਆ ਹੈ। ਰਾਜਸਥਾਨ ਤੋਂ ਸ੍ਰੀਮਤੀ ਸ਼ੋਭਾ ਸਿੰਘ ਨੇ 19 ਮਈ 2014 ਨੂੰ ਐਨ.ਜੀ.ਟੀ. ਵਿਚ ਕੇਸ ਕੀਤਾ ਸੀ ਕਿ ਪੰਜਾਬ ਤੋਂ ਰਾਜਸਥਾਨ ਨੂੰ ਆ ਰਹੀ ਨਹਿਰ 'ਚ ਗੰਦਾ ਤੇ ਜ਼ਹਿਰੀਲਾ ਪਾਣੀ ਆ ਰਿਹਾ ਹੈ। ਚਾਰ ਸਾਲ ਐਨ.ਜੀ.ਟੀ. 'ਚ ਕੇਸ ਚੱਲਦਾ ਰਿਹਾ।




ਜੁਲਾਈ 2018 ਨੂੰ ਐਨ.ਜੀ.ਟੀ. ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਨੋਡਲ ਏਜੰਸੀ ਬਣਾਉਂਦਿਆਂ ਨਿਗਰਾਨ ਕਮੇਟੀ ਬਣਾਈ ਸੀ, ਜਿਸ ਵਿਚ ਵਾਤਾਵਰਣ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਨੂੰ ਮੈਂਬਰ ਲਿਆ ਗਿਆ ਸੀ। ਬਤੌਰ ਮੈਂਬਰ ਸੰਤ ਸੀਚੇਵਾਲ ਨੇ ਸਤਲੁਜ ਤੇ ਬਿਆਸ ਦਰਿਆ ਦੇ ਆਲੇ ਦੁਆਲੇ ਲੱਗੇ 44 ਟਰੀਟਮੈਂਟ ਪਲਾਂਟਾਂ ਦਾ ਦੌਰਾ ਕੀਤਾ ਸੀ। ਇਨ੍ਹਾਂ ਪਲਾਂਟਾਂ ਵਿਚੋਂ ਸਿਰਫ ਇਕ ਟਰੀਟਮੈਂਟ ਪਲਾਂਟ ਹੀ ਸਹੀ ਢੰਗ ਨਾਲ ਚੱਲਦਾ ਪਾਇਆ ਗਿਆ ਸੀ। ਨਿਗਰਾਨ ਕਮੇਟੀ ਦੀਆਂ ਦਿੱਲੀ, ਲੁਧਿਆਣਾ ਤੇ ਜਲੰਧਰ ਵਿਚ ਮੀਟਿੰਗਾਂ ਹੋਈਆਂ ਸਨ। ਇਨ੍ਹਾਂ ਵਿਚੋਂ ਬਹੁਤੀਆਂ ਮੀਟਿੰਗਾਂ ਦੀ ਸੰਤ ਸੀਚੇਵਾਲ ਨੇ ਪ੍ਰਧਾਨਗੀ ਕੀਤੀ ਸੀ। ਉਨ੍ਹਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਅਧਿਕਾਰੀਆਂ, ਸੀਵਰੇਜ ਬੋਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਪੰਜਾਬ ਦੇ ਦਰਿਆਵਾਂ ਨੂੰ ਸਾਫ ਸੁਥਰਾ ਰੱਖਣ ਦੀ ਠੋਸ ਰਣਨੀਤੀ ਤਿਆਰ ਕਰਨ ਅਤੇ ਆਪਣੀ ਬਣਦੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਦਰਿਆਵਾਂ ਵਿਚ ਗੰਦਾ ਪਾਣੀ ਪੈਣ ਤੋਂ ਰੋਕਣ ਲਈ ਬਣੇ 1974 ਦੇ ਕਾਨੂੰਨ ਨੂੰ ਲਾਗੂ ਕਰਨ ਲਈ ਵੀ ਕਿਹਾ।

ਸੰਤ ਸੀਚੇਵਾਲ ਨੇ ਪੰਜਾਬ ਦੇ ਦਰਿਆਵਾਂ ਨੂੰ ਸਾਫ ਸੁਥਰਾ ਰੱਖਣ ਦਾ ਹੱਲ ਦੱਸਦਿਆਂ ਕਿਹਾ ਕਿ ਜਿਹੜੇ ਟਰੀਟਮੈਂਟ ਪਲਾਂਟ ਲਗਾਏ ਗਏ ਹਨ ਉਹ 135 ਲੀਟਰ ਦੀ ਕਪੈਸਟੀ ਲਈ ਡਿਜ਼ਾਇਨ ਕੀਤੇ ਗਏ ਹਨ ਜਦਕਿ ਵਗ ਰਿਹਾ ਪਾਣੀ 300 ਲੀਟਰ ਹੁੰਦਾ ਹੈ। ਇਸ ਕਰ ਕੇ ਹੀ ਟਰੀਟਮੈਂਟ ਪਲਾਂਟ ਸਮੇਂ ਤੋਂ ਪਹਿਲਾਂ ਹੀ ਓਵਰਲੋਡ ਹੋ ਜਾਂਦੇ ਹਨ।

ਇਸ ਲਈ ਧਰਤੀ ਵਿਚੋਂ ਉਨਾ ਹੀ ਪਾਣੀ ਕੱਢਿਆ ਜਾਵੇ ਜਿੰਨਾ ਟਰੀਟ ਕਰ ਸਕਦੇ ਹਾਂ। ਟਰੀਟਮੈਂਟ ਪਲਾਂਟ ਦੇ ਬਾਈਪਾਸ ਸਿਸਟਮ ਉਪਰ ਫਲੋਅ ਮੀਟਰ ਲਗਾਇਆ ਜਾਵੇ ਤਾਂ ਕਿ ਬਾਈਪਾਸ ਸੁੱਟੇ ਜਾ ਰਹੇ ਦੂਸ਼ਿਤ ਪਾਣੀ ਨੂੰ ਮਾਪਿਆ ਜਾ ਸਕੇ। ਹਿਮਾਚਲ ਪ੍ਰਦੇਸ਼ ਤੋਂ ਵੱਡੀ ਮਾਤਰਾ ਵਿਚ ਸ਼ਹਿਰਾਂ ਅਤੇ ਫੈਕਟਰੀਆਂ ਦਾ ਦੂਸ਼ਿਤ ਪਾਣੀ ਸਤਲੁਜ ਅਤੇ ਬਿਆਸ ਦੇ ਸਰੋਤਾਂ ਵਿਚ ਪੈ ਰਿਹਾ ਹੈ। ਕੁਝ ਸਾਲਾਂ ਤੋਂ ਪੰਜਾਬ ਵਿਚ ਦਾਖਲ ਹੋ ਰਹੇ ਦਰਿਆਵਾਂ ਦਾ ਪਾਣੀ 'ਏ' ਤੋਂ 'ਬੀ' ਗਰੇਡ ਹੋ ਗਿਆ ਹੈ। ਹਿਮਾਚਲ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਪ੍ਰਦੂਸ਼ਣ ਰੋਕਣ ਦੀ ਹਦਾਇਤ ਕੀਤੀ ਜਾਵੇ।

ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਜਿਹੜਾ ਜੁਰਮਾਨਾ ਲਾਇਆ ਗਿਆ ਹੈ, ਉਹ ਇਸ ਗੱਲ ਦਾ ਸੁਨੇਹਾ ਹੈ ਕਿ ਦਰਿਆਵਾਂ ਦੇ ਪਾਣੀਆਂ ਨੂੰ ਪਲੀਤ ਨਾ ਕੀਤਾ ਜਾਵੇ। ਉਨ੍ਹਾਂ ਹਾਲਾਂਕਿ ਕਿਹਾ ਕਿ ਜੁਰਮਾਨਾ ਇਸ ਸਮੱਸਿਆ ਦਾ ਹੱਲ ਨਹੀਂ ਹੈ। ਦਰਿਆਵਾਂ ਨੂੰ ਗੰਦਾ ਤੇ ਜ਼ਹਿਰੀਲਾ ਕਰਨ ਵਾਲੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੇ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ।

## ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਨਹੀਂ ਮਿਲੇਗੀ ਮੁਫਤ ਬਿਜਲੀ

**ਨਵੀਂ ਦਿੱਲੀ:** ਦਿੱਲੀ-ਐਨ.ਸੀ.ਆਰ. ਵਿਚ ਵਧ ਰਹੇ ਪ੍ਰਦੂਸ਼ਣ ਨੂੰ ਲੈ ਕੇ ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਸਖਤ ਫੈਸਲਾ ਲਿਆ ਹੈ। ਐਨ.ਜੀ.ਟੀ. ਨੇ ਕਿਹਾ ਹੈ ਕਿ ਪਰਾਲੀ ਸਾੜਨ ਵਾਲੇ ਪੰਜਾਬ ਦੇ ਕਿਸਾਨਾਂ ਨੂੰ ਖੇਤੀ ਲਈ ਮਿਲਣ ਵਾਲੀ ਮੁਫਤ ਬਿਜਲੀ ਅਤੇ ਹੋਰ ਸਹੂਲਤਾਂ ਨਹੀਂ ਦਿੱਤੀਆਂ ਜਾ ਸਕਦੀਆਂ। ਦਰਅਸਲ ਐਨ.ਜੀ.ਟੀ. ਕੋਰਟ 'ਚ ਲਗਾਤਾਰ ਦੂਜੇ ਦਿਨ ਦਿੱਲੀ 'ਚ ਹੋ ਰਹੇ ਪ੍ਰਦੂਸ਼ਣ ਬਾਰੇ ਸੁਣਵਾਈ ਹੋਈ ਅਤੇ ਇਸ ਮੌਕੇ ਪੰਜਾਬ, ਯੂ.ਪੀ., ਹਰਿਆਣਾ, ਰਾਜਸਥਾਨ ਤੇ ਦਿੱਲੀ ਦੇ ਮੁੱਖ ਸਕੱਤਰ ਐਨ.ਜੀ.ਟੀ. ਕੋਰਟ 'ਚ ਪੇਸ਼ ਹੋਏ। ਐਨ.ਜੀ.ਟੀ. ਨੇ ਕੇਂਦਰ ਸਰਕਾਰ ਖੇਤੀਬਾੜੀ ਸਕੱਤਰ ਤੇ ਸੂਬਿਆਂ ਦੇ ਸਕੱਤਰਾਂ ਨੂੰ ਇਕ ਕਮੇਟੀ ਬਣਾਉਣ ਦਾ ਨਿਰਦੇਸ਼ ਦਿੱਤਾ ਹੈ, ਜੋ ਇਹ ਪਤਾ ਲਗਾਏਗੀ ਕਿ ਪਰਾਲੀ ਸਾੜਨ ਦੇ ਨਾਲ ਹੀ ਦਿੱਲੀ 'ਚ ਜ਼ਿਆਦਾ ਪ੍ਰਦੂਸ਼ਣ ਹੁੰਦਾ ਹੈ ਜਾਂ ਫੇਰ ਕੋਈ ਹੋਰ ਕਾਰਨ ਹੈ।



## ਬੁੱਢੇ ਨਾਲੇ ਦੇ ਪ੍ਰਦੂਸ਼ਣ ਦੇ ਕਰਵਾਏ ਹੱਥ ਖੜ੍ਹੇ

**ਲੁਧਿਆਣਾ:** ਲੁਧਿਆਣਾ ਵਿਚ ਸਾਲਾਂ ਤੋਂ ਚੋਣਾਂ ਦੌਰਾਨ ਵੱਡਾ ਸਿਆਸੀ ਮੁੱਦਾ ਰਹਿਣ ਵਾਲੇ ਬੁੱਢੇ ਨਾਲੇ ਨੇ ਆਖਰਕਾਰ ਪੰਜਾਬ ਸਰਕਾਰ ਨੂੰ ਬਿਪਤਾ ਵਿਚ ਪਾ ਦਿੱਤਾ। ਸਨਅਤੀ ਸ਼ਹਿਰ ਦੇ ਕਰੀਬ 16 ਕਿਲੋਮੀਟਰ ਸ਼ਹਿਰ ਦੇ ਵਿਚੋਂ ਵਿਚ ਬੁੱਢਾ ਨਾਲਾ ਜਾਂਦਾ ਹੈ। ਪਿੰਡ ਵਲੀਪੁਰ ਕਲਾਂ ਵਿਚ ਤਾਂ ਬੁੱਢੇ ਨਾਲੇ ਦੀ ਹਾਲਤ ਵੇਖਣ ਵਾਲੀ ਹੈ, ਜਿਥੇ ਇਕ ਪਾਸੇ ਸਤਲੁਜ ਦਾ ਪਾਣੀ ਚਿੱਟਾ ਹੈ ਤੇ ਇਕ ਪਾਸੇ ਬੁੱਢੇ ਨਾਲੇ ਕਾਰਨ ਉਹ ਪਾਣੀ ਕਾਲਾ ਨਜ਼ਰ ਆਉਂਦਾ ਹੈ। ਬੁੱਢਾ ਨਾਲੇ ਦਾ ਪ੍ਰਦੂਸ਼ਣ ਸਿੱਧੇ ਤੌਰ 'ਤੇ ਸਤਲੁਜ ਦੇ ਪਾਣੀ ਨੂੰ ਕਾਲਾ ਕਰ ਰਿਹਾ ਹੈ। ਡਾਇੰਗਾਂ ਤੇ ਸਨਅਤਾਂ ਤੋਂ ਇਲਾਵਾ ਹੰਬੜਾ ਰੋਡ ਤੇ ਤਾਜਪੁਰ ਰੋਡ ਦੀਆਂ ਡੇਅਰੀਆਂ ਦਾ ਗੰਦਾ ਪਾਣੀ ਵੀ ਬੁੱਢੇ ਨਾਲੇ ਵਿਚ ਜਾ ਰਿਹਾ ਹੈ। ਬੁੱਢੇ ਨਾਲੇ ਦੀ ਸਫਾਈ ਦੀ ਜ਼ਿੰਮੇਵਾਰ ਸੂਬੇ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ ਦੀ ਹੈ, ਜੋਕਿ ਹਰ ਸਾਲ 50 ਲੱਖ ਤੋਂ ਇਕ ਕਰੋੜ ਰੁਪਏ ਖਰਚ ਕਰ ਕੇ ਸਿਰਫ ਬਰਸਾਤੀ ਪਾਣੀ ਨਿਕਲਣ ਲਈ ਬੁੱਢੇ ਨਾਲੇ ਦੀ ਸਫਾਈ ਕਰਵਾਉਂਦੇ ਹਨ।

# ਅਰਬਨ ਹਾਟ ਅੰਮ੍ਰਿਤਸਰ ਨੂੰ 30 ਸਾਲਾਂ ਲਈ ਲੀਜ਼ 'ਤੇ ਦਿੱਤਾ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਸੂਬੇ ਦੀ ਵਿਰਾਸਤ ਅਤੇ ਸਭਿਆਚਾਰ ਨੂੰ ਸੰਭਾਲਣ ਅਤੇ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਮੋਡ ਉਤੇ ਅਰਬਨ ਹਾਟ, ਅੰਮ੍ਰਿਤਸਰ ਨੂੰ 30 ਸਾਲਾਂ ਲਈ ਲੀਜ਼ ਉਤੇ ਦੇ ਦਿੱਤਾ ਹੈ। ਅਰਬਨ ਹਾਟ ਦੀ ਜਗ੍ਹਾ ਬਹੁਤ ਢੁਕਵੀਂ ਹੈ, ਜਿਸ ਕਾਰਨ ਇਸ ਨੂੰ ਸੈਰ-ਸਪਾਟਾ ਤੇ ਫੂਡ ਜੰਕਸ਼ਨ ਵਜੋਂ ਵਿਕਸਤ ਕਰਨ ਦੀ ਯੋਜਨਾ ਹੈ। ਇਸ ਪ੍ਰੋਜੈਕਟ ਅਧੀਨ ਕੁੱਲ 18,615.5 ਵਰਗ ਮੀਟਰ ਖੇਤਰ ਆਉਂਦਾ ਹੈ। ਇਸ ਸਬੰਧੀ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਅਰਬਨ ਹਾਟ ਵਰਗੇ ਪ੍ਰੋਜੈਕਟਾਂ ਨੂੰ ਲੀਜ਼ ਉਤੇ ਦੇਣ ਦਾ ਉਦੇਸ਼ ਇਤਿਹਾਸਕ ਤੇ ਸਭਿਆਚਾਰਕ ਮਹੱਤਤਾ ਵਾਲੀਆਂ ਇਮਾਰਤਾਂ ਤੇ ਥਾਵਾਂ ਦੀ ਸੁਚੱਜੀ ਵਰਤੋਂ ਯਕੀਨੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਇਸ ਸਥਾਨ ਨੂੰ ਸੈਰ ਸਪਾਟਾ ਅਤੇ ਫੂਡ ਜੰਕਸ਼ਨ ਵਜੋਂ ਵਿਕਸਿਤ ਕੀਤਾ ਜਾਵੇਗਾ ਅਤੇ ਰਾਜ ਦੇ ਇਤਿਹਾਸਕ ਤੇ ਸਭਿਆਚਾਰਕ ਵਿਰਸੇ ਨੂੰ ਇਥੇ ਆਉਣ ਵਾਲੇ ਸੈਲਾਨੀਆਂ ਲਈ ਪ੍ਰਦਰਸ਼ਿਤ ਕੀਤਾ ਜਾਵੇਗਾ। ਅੰਮ੍ਰਿਤਸਰ ਵਿਕਾਸ ਅਥਾਰਟੀ ਨੇ ਅਰਬਨ ਹਾਟ ਨੂੰ ਪੰਜਾਬ ਦੀ ਇਕ ਨਾਮੀ ਕੰਪਨੀ ਨੂੰ 30 ਸਾਲਾਂ ਲਈ ਲੀਜ਼ ਉਤੇ ਦਿੱਤਾ ਹੈ, ਜਿਸ ਵਿਚ ਫੂਡ ਕੋਰਟ ਤੇ ਹੋਟਲ ਆਦਿ ਚਲਾਉਣ ਦਾ ਤਜਰਬਾ ਕੀਤਾ ਜਾਵੇਗਾ।

# ਦੀਵਾਲੀ ਬੰਪਰ ਨੇ ਖੋਲ੍ਹੀ ਗਰੀਬ ਪਰਿਵਾਰ ਦੀ ਕਿਸਮਤ

**ਬਠਿੰਡਾ:** ਪਿੰਡ ਗੁਲਾਬਗੜ੍ਹ ਦੇ ਇਕ ਗਰੀਬ ਘਰ ਵਿਚ ਵੱਜੀ ਫੋਨ ਦੀ ਘੰਟੀ ਨੇ ਪਲਾਂ ਵਿਚ ਹੀ ਘਰ ਦੀ ਕਾਇਆ ਪਲਟ ਦਿੱਤੀ ਹੈ। ਬਠਿੰਡਾ ਦੇ ਹੋਮਗਾਰਡ ਜਵਾਨ ਪਰਮਜੀਤ ਸਿੰਘ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਘਰ ਵਿਚ ਡੇਢ ਕਰੋੜ ਦੀ ਲਕਸ਼ਮੀ ਚਾਨਣਾ ਕਰਨ ਵਾਲੀ ਹੈ।



ਪਰਮਜੀਤ ਮੰਨਦਾ ਹੈ ਕਿ ਲੜਕੀਆਂ ਨੂੰ ਹਮੇਸ਼ਾਂ ਬੋਝ ਮੰਨਣ ਵਾਲੇ ਮਾਪਿਆਂ ਵਿਚੋਂ ਉਹ ਵੀ ਇਕ ਸੀ, ਜਦੋਂ ਘੱਟ ਤਨਖਾਹ ਕਾਰਨ 4 ਬੱਚੇ ਪੜ੍ਹਾਈ ਲਈ ਫੀਸ ਮੰਗਦੇ ਤਾਂ ਮਨ ਉਦਾਸ ਹੋ ਜਾਂਦਾ। ਧੀ ਦੇ ਵੱਡੇ ਭਾਗਾਂ ਨਾਲ ਅਧਰੰਗ ਪੀੜਤ ਮੇਰੀ ਮਾਂ ਨੂੰ ਵਰ੍ਹਿਆਂ ਬਾਅਦ ਖੁਸ਼ੀ ਮਿਲੀ ਹੈ। ਜਦੋਂ ਫੋਨ ਦੀ ਘੰਟੀ ਵੱਜੀ ਤਾਂ ਉਸ ਨੂੰ ਸੱਚ ਨਾ ਆਇਆ।

ਦੀਵਾਲੀ ਬੰਪਰ ਜੇਤੂ ਲਖਵਿੰਦਰ ਕੌਰ ਦੱਸਦੀ ਹੈ ਕਿ ਉਸ ਨੇ ਆਪਣੀ ਮਾਂ ਨਾਲ ਜਿੱਦ ਕਰ ਕੇ ਬਠਿੰਡਾ ਦੇ ਰਤਨ ਲਾਟਰੀ ਵਾਲੇ ਤੋਂ ਭਲੇ ਦਿਨਾਂ ਦੀ ਆਸ ਨਾਲ ਦੀਵਾਲੀ ਵਾਲੀ ਲਾਟਰੀ ਬੀ 936134 ਖਰੀਦੀ ਸੀ। ਲੜਕੀ ਨੇ ਖੁਸ਼ੀ ਵਿਚ ਖੀਵੇ ਹੁੰਦਿਆਂ ਦੱਸਿਆ ਕਿ ਪਿੰਡ ਗੁਲਾਬਗੜ੍ਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ 12ਵੀਂ ਕਲਾਸ ਦੀ ਵਿਦਿਆਰਥਣ ਹੈ ਤੇ ਹੁਣ ਲਾਟਰੀ ਨਿਕਲਣ ਕਾਰਨ ਆਪਣੀ ਪੜ੍ਹਾਈ ਦੇ ਨਾਲ ਛੋਟੇ ਭਰਾ ਤੇ ਭੈਣ ਨੂੰ ਅੱਗੇ ਪੜ੍ਹਨ ਲਈ ਪ੍ਰੇਰਿਤ ਕਰੇਗੀ।

ਲਖਵਿੰਦਰ ਨੇ ਕਿਹਾ ਕਿ ਉਸ ਦੀ ਮਾਂ ਹਰਦੀਪ ਕੌਰ ਦਾ ਹਮੇਸ਼ਾ ਸੁਪਨਾ ਸੀ ਕਿ ਉਸ ਦਾ ਵੱਡਾ ਘਰ ਹੋਵੇ, ਉਹ ਹੁਣ ਵੱਡਾ ਘਰ ਬਣਾਉਣਗੇ ਕਿਉਂਕਿ ਗਰੀਬੀ ਅਤੇ ਬੇਵਸੀ ਦੇ ਆਲਮ ਵਿਚ ਨਿੱਕੇ ਜਿਹੇ ਘਰ ਵਿਚ ਗੁਜ਼ਾਰੇ ਲਈ ਬੱਕਰੀਆਂ ਵੀ ਰੱਖੀਆਂ ਹੋਈਆਂ ਹਨ। ਲੜਕੀ ਦੇ ਭਰਾ ਅਰਸ਼ਦੀਪ ਤੇ ਰਾਮ ਸਿੰਘ ਦੱਸਦੇ ਹਨ ਕਿ ਉਹ ਛੋਟਾ ਹਾਥੀ ਲੈਣਗੇ।

# ਦਰਿਆਈ ਪ੍ਰਦੂਸ਼ਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਐਨ.ਜੀ.ਟੀ. ਵੱਲੋਂ ਸਤਲੁਜ ਤੇ ਬਿਆਸ ਦਰਿਆਵਾਂ ਵਿਚ ਵਧ ਰਹੇ ਪ੍ਰਦੂਸ਼ਣ ਕਾਰਨ ਪੰਜਾਬ ਸਰਕਾਰ ਨੂੰ ਪੰਜਾਹ ਕਰੋੜ ਰੁਪਏ ਦਾ ਜੁਰਮਾਨਾ ਕੀਤੇ ਜਾਣ ਤੋਂ ਬਾਅਦ ਜਲ ਪ੍ਰਦੂਸ਼ਣ ਦਾ ਮਾਮਲਾ ਮੁੜ ਉਭਰ ਗਿਆ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਬਿਆਸ ਅਤੇ ਰਾਵੀ ਦਰਿਆ ਲੰਘਦੇ ਹਨ ਅਤੇ ਇਹ ਦੋਵੇਂ ਵੀ ਪ੍ਰਦੂਸ਼ਿਤ ਹੋ ਰਹੇ ਹਨ। ਸਨਅਤੀ ਪ੍ਰਦੂਸ਼ਣ ਤੋਂ ਇਲਾਵਾ ਮਨੁੱਖੀ ਆਬਾਦੀ ਦਾ ਦੂਸ਼ਿਤ ਪਾਣੀ ਵੀ ਇਨ੍ਹਾਂ ਵਿਚ ਮਿਲ ਰਿਹਾ ਹੈ। ਹਾਲ ਹੀ ਵਿਚ ਬਿਆਸ ਦਰਿਆ ਵਿਚ ਖੰਡ ਮਿੱਲ ਦਾ ਸੀਰਾ ਮਿਲਣ ਕਾਰਨ ਹਜ਼ਾਰਾਂ ਮੱਛੀਆਂ ਮਰ ਗਈਆਂ ਸਨ।

ਸਿੰਜਾਈ ਵਿਭਾਗ ਦੇ ਸੂਤਰਾਂ ਅਨੁਸਾਰ ਮਾਝਾ ਖੇਤਰ ਵਿਚੋਂ ਚਾਰ ਮੁੱਖ ਨਾਲੇ ਲੰਘਦੇ ਹਨ, ਜਿਨ੍ਹਾਂ ਵਿਚ ਸੱਕੀ ਨਾਲਾ, ਹੁਡਿਆਰਾ, ਕਸੂਰ ਤੇ ਪੱਟੀ ਨਾਲਾ ਸ਼ਾਮਲ ਹਨ। ਇਹ ਸਾਰੇ ਹੀ ਨਾਲੇ ਸ਼ਹਿਰੀ ਤੇ ਪੇਂਡੂ ਆਬਾਦੀ ਦਾ ਗੰਦਾ ਪਾਣੀ ਲੈ ਕੇ ਦਰਿਆਵਾਂ ਵਿਚ ਮਿਲ ਜਾਂਦੇ ਹਨ।

ਸੱਕੀ ਨਾਲਾ ਦੀਨਾ ਨਗਰ ਤੋਂ ਉਪਰੋਂ ਸ਼ੁਰੂ ਹੁੰਦਾ ਹੈ ਅਤੇ ਪਿੰਡ ਰਾਣੀਆਂ ਨੇੜੇ ਰਾਵੀ ਦਰਿਆ ਵਿਚ ਮਿਲਦਾ ਹੈ। ਹੁਡਿਆਰਾ ਜਾਂ ਤੁੰਗ ਢਾਬ ਨਾਲਾ ਵੀ ਪਾਕਿਸਤਾਨ ਵਿਚ ਜਾ ਕੇ ਰਾਵੀ ਦਰਿਆ ਵਿਚ ਡਿੱਗਦਾ ਹੈ। ਕਸੂਰ ਨਾਲਾ ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਹੁੰਦਾ ਹੋਇਆ ਖ਼ਿਖੀਵਿੰਡ, ਕਲਸ ਆਦਿ ਕੋਲ ਜਾ ਕੇ ਸਤਲੁਜ ਦਰਿਆ ਵਿਚ ਰਲਦਾ ਹੈ। ਪੱਟੀ ਨਾਲਾ ਵੀ ਸਤਲੁਜ ਦਰਿਆ ਵਿਚ ਡਿੱਗਦਾ ਹੈ। ਇਨ੍ਹਾਂ ਨਾਲਿਆਂ ਦੇ ਕਿਨਾਰੇ ਵੱਸੇ ਪਿੰਡਾਂ ਅਤੇ ਹੋਰ ਆਬਾਦੀ ਦੀ ਸਮੁੱਚੀ ਗੰਦਗੀ ਵੀ ਇਨ੍ਹਾਂ ਨਾਲਿਆਂ ਵਿਚ ਸੁੱਟੀ ਜਾ ਰਹੀ ਹੈ। ਹਾਲ ਹੀ ਵਿਚ ਤੁੰਗ ਢਾਬ ਨਾਲੇ ਦੀ ਸਫਾਈ ਵਾਸਤੇ ਨਾਗਪੁਰ ਦੀ ਇਕ ਸੰਸਥਾ ਨੀਰੀ ਨਾਲ ਸਮਝੌਤਾ ਕੀਤਾ ਗਿਆ ਸੀ, ਜਿਸ ਤਹਿਤ ਇਸ ਨਾਲੇ ਦਾ ਪਾਣੀ ਵਿਸ਼ੇਸ਼ ਬੂਟੀ ਰਾਹੀਂ ਸਾਫ ਕਰਨ ਦੀ ਯੋਜਨਾ ਸੀ। ਇਸ ਸਬੰਧੀ ਨੈਸ਼ਨਲ ਐਨਵਾਇਰਨਮੈਂਟ ਇੰਜੀਨੀਅਰ ਰਿਸਰਚ ਇੰਸਟੀਚਿਊਟ ਦੇ ਮਾਹਿਰਾਂ ਨੇ ਯੋਜਨਾ ਦੀ ਰੂਪ-ਰੇਖਾ ਵੀ ਉਲੀਕੀ ਸੀ, ਪਰ ਜਦੋਂ ਇਸ ਨਾਲੇ ਦੇ ਦੂਸ਼ਿਤ ਪਾਣੀ ਦੀ ਜਾਂਚ ਕੀਤੀ ਗਈ ਤਾਂ ਪਾਣੀ ਵਧੇਰੇ ਦੂਸ਼ਿਤ ਪਾਇਆ ਗਿਆ, ਜਿਸ ਕਾਰਨ ਸੰਸਥਾ ਨੇ ਹੱਥ ਖੜ੍ਹੇ ਕਰ ਦਿੱਤੇ।

ਵਰਲਡ ਵਾਈਲਡ ਫੰਡ ਫਾਰ ਨੇਚਰ ਦੇ ਪੰਜਾਬ ਚੈਪਟਰ ਦੇ ਮੁਖੀ ਗੁਨਬੀਰ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ 2012 ਵਿਚ ਇਸ ਸਬੰਧੀ ਰਿਪੋਰਟ ਤਿਆਰ ਕੀਤੀ ਗਈ ਸੀ, ਜਿਸ ਵਿਚ ਬਿਆਸ ਦਰਿਆ ਨੂੰ ਦੂਸ਼ਿਤ ਕਰਨ ਵਾਲੇ 13 ਨਾਲਿਆਂ ਦੀ ਸ਼ਨਾਖਤ ਕੀਤੀ ਗਈ ਸੀ। ਇਸੇ ਤਰ੍ਹਾਂ ਸਤਲੁਜ ਨੂੰ ਦੂਸ਼ਿਤ ਕਰ ਰਹੇ ਨਾਲਿਆਂ ਦੀ ਵੀ ਸ਼ਨਾਖਤ ਕੀਤੀ ਗਈ ਸੀ। ਸ ਵੇਲੇ ਵੀ ਪ੍ਰਦੂਸ਼ਣ ਰੋਕਣ ਲਈ ਦੁਹਾਈ ਪਾਈ ਗਈ ਸੀ, ਪਰ ਕੋਈ ਕਾਰਵਾਈ ਨਹੀਂ ਹੋਈ ਸੀ।



# ਪੰਜਾਬੀ ਯੂਨੀਵਰਸਿਟੀ ਨੂੰ ਵਿੱਤੀ ਘਾਟੇ ਨੇ ਦੱਬਿਆ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਨੇ ਵਿੱਤੀ ਘਾਟੇ ਨਾਲ ਨਜਿੱਠਣ ਲਈ ਸੂਬਾ ਸਰਕਾਰ ਦੇ ਸਾਲਾਨਾ ਬਜਟ ਉਤੇ ਟੇਕ ਲਾਈ ਹੋਈ ਹੈ। ਯੂਨੀਵਰਸਿਟੀ ਨੇ 300 ਕਰੋੜ ਰੁਪਏ ਦੀ ਇਕ ਤਜਵੀਜ਼ ਪੰਜਾਬ ਸਰਕਾਰ ਨੂੰ ਭੇਜਣ ਲਈ ਹੁਣ ਤੋਂ ਹੀ ਕਾਰਵਾਈ ਆਰੰਭ ਦਿੱਤੀ ਹੈ।

ਦੱਸਣਯੋਗ ਹੈ ਕਿ ਯੂਨੀਵਰਸਿਟੀ ਵੱਡੇ ਵਿੱਤੀ ਘਾਟੇ ਨਾਲ ਜੂਝ ਰਹੀ ਹੈ। ਇਸ ਕਾਰਨ ਮੁਲਾਜ਼ਮਾਂ ਦੀ ਤਨਖਾਹ ਦਾ ਪ੍ਰਬੰਧ ਕਰਨਾ ਵੀ ਔਖਾ ਹੋ ਰਿਹਾ ਹੈ। ਯੂਨੀਵਰਸਿਟੀ ਨੂੰ ਮੁਲਾਜ਼ਮ ਕਰੀਬ 28 ਕਰੋੜ ਪ੍ਰਤੀ ਮਹੀਨੇ 'ਚ ਪੈਂਦੇ ਹਨ। ਇਸ ਤੋਂ ਇਲਾਵਾ 42 ਕਰੋੜ ਰੁਪਏ ਬਿਜਲੀ ਦੇ ਬਿੱਲ ਦੇ ਹੀ ਤਾਰਨੇ ਪੈ ਜਾਂਦੇ ਹਨ। ਇਸ ਤੋਂ ਇਲਾਵਾ ਵੀ ਯੂਨੀਵਰਸਿਟੀ ਦੇ ਕਈ ਵੱਡੇ ਖਰਚੇ ਹਨ, ਜਿਨ੍ਹਾਂ ਨੂੰ ਪੂਰਾ ਕਰਨ ਵਿਚ ਬੇਹੱਦ ਮੁਸ਼ਕਲ ਪੇਸ਼ ਆ ਰਹੀ ਹੈ। ਯੂਨੀਵਰਸਿਟੀ ਅੱਗੇ ਨਵੇਂ ਗ੍ਰੇਡ-ਪੇਅ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਸਿਸਟਮ 'ਚ ਲੈਣ ਜਿਹੇ ਖਰਚ ਝੱਲਣ ਦੀ ਵੀ ਚੁਣੌਤੀ ਹੈ। ਇਨ੍ਹਾਂ ਵਿੱਤੀ ਤੰਗੀਆਂ ਨੂੰ ਧਿਆਨ ਵਿਚ ਰੱਖਦਿਆਂ ਯੂਨੀਵਰਸਿਟੀ ਪ੍ਰਸ਼ਾਸਨ ਨੇ ਫੈਸਲਾ ਲਿਆ ਹੈ ਕਿ ਸੰਭਾਵੀ ਤਜਵੀਜ਼ ਤਿਆਰ ਕਰ ਲਈ ਜਾਵੇ ਤਾਂ ਜੋ ਲੋੜੀਂਦਾ ਬਜਟ ਪੰਜਾਬ ਸਰਕਾਰ ਤੋਂ ਹਾਸਲ ਕੀਤਾ ਜਾ ਸਕੇ।

ਉਪ ਕੁਲਪਤੀ ਡਾ. ਬੀ.ਐਸ. ਘੁੰਮਣ ਨੇ ਦੱਸਿਆ ਕਿ ਵਿੱਤੀ ਘਾਟੇ ਦੇ ਅੰਕੜਿਆਂ 'ਤੇ ਆਧਾਰਿਤ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ ਤੇ ਸੰਭਾਵੀ ਖਰਚੇ ਬਾਰੇ ਪਤਾ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਗਲੇ ਕੁਝ ਦਿਨਾਂ ਅੰਦਰ ਅਜਿਹੀ ਤਜਵੀਜ਼ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ।

# ਚੌਟਾਲਾ ਪਰਿਵਾਰ ਦੋਫਾੜ, ਪਾਰਟੀ ਅੰਦਰ ਉਠੀਆਂ ਬਾਗੀ ਸੁਰਾਂ

**ਚੰਡੀਗੜ੍ਹ:** ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਕੌਮੀ ਜਨਰਲ ਸਕੱਤਰ ਅਜੈ ਚੌਟਾਲਾ ਨੂੰ ਪਾਰਟੀ 'ਚੋਂ ਬਾਹਰ ਦਾ ਰਾਹ ਵਿਖਾਉਣ ਦੇ ਨਾਲ ਹੀ ਹਰਿਆਣਾ ਦਾ ਚੌਟਾਲਾ ਪਰਿਵਾਰ ਅਤੇ ਇਨੈਲੋ ਪੂਰੀ ਤਰ੍ਹਾਂ ਦੋਫਾੜ ਹੋ ਗਏ। ਇਨੈਲੋ ਦੇ ਸੂਬਾ ਪ੍ਰਧਾਨ ਅਸ਼ੋਕ ਅਰੋੜਾ ਨੇ ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ ਦੀ ਮੌਜੂਦਗੀ ਵਿਚ ਉਨ੍ਹਾਂ (ਅਭੈ) ਦੇ ਵੱਡੇ ਭਰਾ ਅਤੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਜੈ ਚੌਟਾਲਾ ਨੂੰ ਪਾਰਟੀ ਵਿਚੋਂ ਕੱਢਣ ਦਾ ਐਲਾਨ ਕੀਤਾ।




ਅਜੈ ਚੌਟਾਲਾ ਦੇ ਦੋਵਾਂ ਪੁੱਤਰਾਂ ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਅਤੇ ਦਿਗਵਿਜੈ ਚੌਟਾਲਾ ਨੂੰ ਪਹਿਲਾਂ ਹੀ ਪਾਰਟੀ ਵਿਚੋਂ ਕੱਢਿਆ ਜਾ ਚੁੱਕਾ ਹੈ। ਸ੍ਰੀ ਅਰੋੜਾ ਨੇ ਦਾਅਵਾ ਕੀਤਾ ਕਿ ਜੇਲ੍ਹ ਵਿਚ ਬੰਦ ਪਾਰਟੀ ਦੇ ਕੌਮੀ ਪ੍ਰਧਾਨ ਓਪੀ ਚੌਟਾਲਾ ਪਿਛਲੇ ਸਮੇਂ ਤੋਂ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਪ੍ਰੇਸ਼ਾਨ ਹਨ। ਉਨ੍ਹਾਂ ਖੁਲਾਸਾ ਕੀਤਾ ਕਿ 12 ਨਵੰਬਰ ਨੂੰ ਹੀ ਕੌਮੀ ਪ੍ਰਧਾਨ ਓਪੀ ਚੌਟਾਲਾ ਦੇ ਹਸਤਾਖਰਾਂ ਵਾਲਾ ਪੱਤਰ ਉਨ੍ਹਾਂ ਨੂੰ ਮਿਲ ਗਿਆ ਸੀ, ਜਿਸ ਨੂੰ ਜਨਤਕ ਕੀਤਾ ਗਿਆ ਹੈ। ਸ੍ਰੀ ਅਰੋੜਾ ਨੇ ਦਾਅਵਾ ਕੀਤਾ ਕਿ ਓਪੀ ਚੌਟਾਲਾ ਨੇ ਪੱਤਰ ਵਿਚ ਕਿਹਾ ਕਿ ਉਨ੍ਹਾਂ ਨੂੰ ਜੇਲ੍ਹ ਜਾਣ ਦਾ ਇੰਨਾ ਦੁੱਖ ਨਹੀਂ ਹੋਇਆ ਸੀ, ਜਿੰਨਾ ਅਜੈ ਚੌਟਾਲਾ ਵੱਲੋਂ ਪਾਰਟੀ ਵਿਰੋਧੀ ਕਾਰਵਾਈਆਂ ਕਰ ਕੇ ਹੋਇਆ ਹੈ। ਉਧਰ, ਅਭੈ ਨੇ ਕਿਹਾ ਕਿ ਇਨੈਲੋ ਸੁਪਰੀਮੋ ਓਪੀ ਚੌਟਾਲਾ ਅਤੇ ਅਜੈ ਚੌਟਾਲਾ ਨੂੰ ਕੈਦ ਦੀ ਸਜ਼ਾ ਮਿਲਣ ਮਗਰੋਂ ਦਿੱਲੀ ਵਿਚ ਸੀਨੀਅਰ ਨੇਤਾਵਾਂ ਦੀ ਮੀਟਿੰਗ ਹੋਈ ਸੀ। ਇਸ ਦੌਰਾਨ ਪਾਰਟੀ ਵਿਚ ਪਸਰੀ ਮਾਯੂਸੀ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਮੋਢਿਆਂ ਉਪਰ ਪਾਈ ਸੀ, ਜਿਸ ਨੂੰ ਉਨ੍ਹਾਂ ਬਾਖੂਬੀ ਨਿਭਾਇਆ ਸੀ।

### ਅਜੈ ਚੌਟਾਲਾ ਵੱਲੋਂ ਨਵੀਂ ਪਾਰਟੀ ਦਾ ਐਲਾਨ

**ਜੀਂਦ:** ਹਰਿਆਣਾ ਦਾ ਵੱਡਾ ਸਿਆਸੀ ਘਰਾਣਾ ਚੌਟਾਲਾ ਪਰਿਵਾਰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਰਾਜਨੀਤਕ ਵਿਰਾਸਤ ਦੀ ਲੜਾਈ ਦੌਰਾਨ ਇਨੈਲੋ 'ਚੋਂ ਕੱਢੇ ਮੁੱਖ ਜਨਰਲ ਸਕੱਤਰ ਅਤੇ ਸਾਬਕਾ ਸੰਸਦ ਮੈਂਬਰ ਅਜੈ ਚੌਟਾਲਾ ਨੇ ਜੀਂਦ ਵਿਚ ਆਪਣੇ ਸਮਰਥਕਾਂ ਨਾਲ ਇਨੈਲੋ ਤੋਂ ਨਾਤਾ ਤੋੜਦਿਆਂ ਵੱਖਰੀ ਪਾਰਟੀ ਬਣਾਉਣ ਦਾ ਐਲਾਨ ਕੀਤਾ। ਅਜੈ ਨੇ ਸਪਸ਼ਟ ਕੀਤਾ ਕਿ ਉਹ ਆਪਣੇ ਅਜੀਜ਼ ਬਿੱਲੂ (ਅਭੈ ਸਿੰਘ ਚੌਟਾਲਾ) ਨੂੰ ਇਨੈਲੋ ਅਤੇ ਚਸ਼ਮਾ ਭੇਟ ਕਰਦੇ ਹਨ। ਉਹ ਇਨ੍ਹਾਂ ਨੂੰ ਸੰਭਾਲ ਕੇ ਰੱਖਣ। ਹੁਣ ਨਵੇਂ ਝੰਡੇ ਨਾਲ ਨਵਾਂ ਡੰਡਾ ਅਤੇ ਨਵਾਂ ਨਿਸ਼ਾਨ ਹੋਵੇਗਾ।

# ਚੀਫ ਖਾਲਸਾ ਦੀਵਾਨ ਚੋਣਾਂ ਲਈ ਸਰਗਰਮੀਆਂ ਤੇਜ਼

**ਅੰਮ੍ਰਿਤਸਰ:** ਸਦੀ ਪੁਰਾਣੀ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੀਆਂ 2 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਅਣਖੀ ਅਤੇ ਰਾਜਮਹਿੰਦਰ ਧੜੇ ਨੇ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੇਕਰ ਦੀਵਾਨ ਦੀ ਸੇਵਾ ਉਨ੍ਹਾਂ ਨੂੰ ਮਿਲੀ ਤਾਂ ਉਹ ਇਸ ਦਾ ਪੁਰਾਤਨ ਸੰਵਿਧਾਨ ਲਾਗੂ ਕਰਕੇ ਇਸ ਦਾ ਪੁਰਾਣਾ ਸਰੂਪ ਬਹਾਲ ਕਰਨਗੇ। ਇਸ ਦੌਰਾਨ ਮੈਂਬਰਾਂ ਦਾ ਇਕੱਠ ਕਰਕੇ ਧੜੇ ਨੇ ਆਪਣਾ ਸ਼ਕਤੀ ਪ੍ਰਦਰਸ਼ਨ ਵੀ ਕੀਤਾ।



ਸਿੱਖ ਸੰਸਥਾ ਦੀਆਂ ਚੋਣਾਂ ਵਾਸਤੇ ਇਸ ਵੇਲੇ ਦੋ ਧੜੇ ਮੈਦਾਨ ਵਿਚ ਹਨ ਅਤੇ ਛੇ ਅਹੁਦਿਆਂ ਵਾਸਤੇ 12 ਉਮੀਦਵਾਰ ਚੋਣ ਲੜ ਰਹੇ ਹਨ। ਦੋਵਾਂ ਧੜਿਆਂ ਵੱਲੋਂ ਸੰਸਥਾ ਦੇ ਲਗਭਗ 433 ਮੈਂਬਰਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਦਾ ਸਮਰਥਨ ਹਾਸਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਪ੍ਰਧਾਨ ਦੀ ਚੋਣ ਲੜ ਰਹੇ ਨਿਰਮਲ ਸਿੰਘ ਠੇਕੇਦਾਰ ਨੇ ਆਖਿਆ ਕਿ ਜੇਕਰ ਦੀਵਾਨ ਦੀ ਸੱਤਾ ਉਨ੍ਹਾਂ ਦੇ ਧੜੇ ਦੇ ਹੱਥ ਵਿਚ ਆਈ ਤਾਂ ਇਸ ਦਾ ਪੁਰਾਤਨ ਵਿਧਾਨ ਮੁੜ ਬਹਾਲ ਕੀਤਾ ਜਾਵੇਗਾ। ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੇ 2011 ਵਿਚ ਇਸ ਨੂੰ ਚੈਰੀਟੇਬਲ ਸੁਸਾਇਟੀ ਬਣਾ ਕੇ ਨਿੱਜੀ ਸੰਸਥਾ ਵਿਚ ਤਬਦੀਲ ਕਰ ਦਿੱਤਾ ਸੀ। ਉਨ੍ਹਾਂ ਆਖਿਆ ਕਿ ਪੁਰਾਤਨ ਵਿਧਾਨ ਬਹਾਲ ਹੋਣ ਉਤੇ ਇਸ ਦੇ ਅਹੁਦੇਦਾਰਾਂ ਦੀ ਗਿਣਤੀ ਘੱਟ ਕੇ ਚਾਰ ਰਹਿ ਜਾਵੇਗੀ ਅਤੇ ਪ੍ਰਧਾਨ ਦਾ ਕਾਰਜਕਾਲ ਵੀ ਤਿੰਨ ਸਾਲ ਦਾ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਸੰਸਥਾ ਵਿਚ ਸਮੁੱਚੇ ਕਾਰਜ ਪਾਰਦਰਸ਼ੀ ਢੰਗ ਨਾਲ ਹੋਣਗੇ, ਵਿਆਪਕ ਸੁਧਾਰ ਕੀਤਾ ਜਾਵੇਗਾ ਅਤੇ ਬੇਨੇਮੀਆਂ ਦੂਰ ਕੀਤੀਆਂ ਜਾਣਗੀਆਂ।

ਲੋਕਲ ਕਮੇਟੀਆਂ ਨੂੰ ਵਧੇਰੇ ਅਖਤਿਆਰ ਦਿੱਤੇ ਜਾਣਗੇ, ਜਿਸ ਤਹਿਤ ਉਹ ਆਪੋ-ਆਪਣੇ ਵਿਦਿਅਕ ਅਦਾਰਿਆਂ ਦੀ ਬਿਹਤਰੀ ਲਈ ਕੰਮ ਕਰ ਸਕਣਗੇ। ਇਕ ਸਵਾਲ ਦੇ ਜਵਾਬ ਵਿਚ ਆਦਰਸ਼ ਸਕੂਲਾਂ ਨੂੰ ਚਲਾਉਣ ਲਈ ਕੀਤੇ ਸਮਝੌਤੇ ਉਤੇ ਨਜ਼ਰਸਾਨੀ ਕਰਨ ਦਾ ਵੀ ਦਾਅਵਾ ਕੀਤਾ ਗਿਆ ਹੈ। ਇਸੇ ਤਰ੍ਹਾਂ ਦੀਵਾਨ ਵਿਚੋਂ ਪਤਿਤ ਮੈਂਬਰਾਂ ਨੂੰ ਵੋਟ ਪਾਉਣ ਤੋਂ ਰੋਕਣ ਦਾ ਦਾਅਵਾ ਕੀਤਾ ਹੈ। ਚੋਣ ਮਨੋਰਥ ਪੱਤਰ ਜਾਰੀ ਕਰਨ ਦੇ ਨਾਂ ਹੇਠ ਇਸ ਧੜੇ ਵਲੋਂ ਇਥੇ ਸ਼ਕਤੀ ਪ੍ਰਦਰਸ਼ਨ ਵੀ ਕੀਤਾ ਗਿਆ। ਇਸ ਮੌਕੇ ਲਗਭਗ 70 ਤੋਂ ਵੱਧ ਮੈਂਬਰ ਸ਼ਾਮਲ ਹੋਣ ਦਾ ਦਾਅਵਾ ਕੀਤਾ ਹੈ।

# ਮਨਜੀਤ ਸਿੰਘ ਜੀ.ਕੇ. 'ਤੇ ਹਮਲੇ ਦਾ ਕੇਸ ਖਾਰਜ

## ਗਵਾਹਾਂ ਦੇ ਪਿਛੇ ਹਟਣ ਕਾਰਨ ਕੇਸ ਅਗਾਂਹ ਨਾ ਤੁਰਿਆ

**ਯੂਬਾ ਸਿਟੀ (ਬਿਊਰੋ):** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਉਤੇ ਯੂਬਾ ਸਿਟੀ ਦੇ ਗੁਰਦੁਆਰੇ 'ਚ ਹੋਏ ਹਮਲੇ ਦਾ ਬਹੁ-ਚਰਚਿਤ ਕੇਸ ਗਵਾਹਾਂ ਦੇ ਮੁਕਰਨ ਕਰਕੇ ਖਾਰਜ ਹੋ ਗਿਆ। ਸਦਰ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਨੇ ਉਕਤ ਕਾਉਂਟੀ ਦੀ ਡਿਸਟ੍ਰਿਕਟ ਕੋਰਟ ਨੂੰ ਸੂਚਿਤ ਕੀਤਾ ਕਿ ਹੁਣ ਉਹ ਇਹ ਕੇਸ ਅੱਗੇ ਨਹੀਂ ਤੋਰ ਸਕਦੇ ਕਿਉਂਕਿ ਕੇਸ ਨਾਲ ਜੁੜੇ ਗਵਾਹ ਵਾਰ-ਵਾਰ ਸੰਪਰਕ ਕਰਨ 'ਤੇ ਕੋਈ ਜਵਾਬ ਨਹੀਂ ਦੇ ਰਹੇ।

ਡਿਸਟ੍ਰਿਕਟ ਅਟਾਰਨੀ ਮੁਤਾਬਕ ਉਕਤ ਕੇਸ ਦੇ ਗਵਾਹਾਂ ਨੂੰ ਕੋਈ ਵੀਹ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਕੋਈ ਜਵਾਬ ਨਹੀਂ ਦਿੱਤਾ। ਯਾਦ ਰਹੇ, ਜਦੋਂ ਲੰਘੀ 25 ਅਗਸਤ ਨੂੰ ਯੂਬਾ ਸਿਟੀ ਗੁਰਦੁਆਰੇ 'ਚ ਅਕਾਲੀ ਆਗੂ ਮਨਜੀਤ ਸਿੰਘ ਜੀ.ਕੇ. ਉਤੇ ਹਮਲਾ ਹੋਇਆ ਸੀ ਤਾਂ ਚਰਚਾ ਇਹ ਛਿੜੀ ਸੀ ਕਿ ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ ਅਤੇ ਗੁਰਦੁਆਰੇ ਦੀ ਸਥਾਨਕ ਸਿਆਸਤ ਕਿਸੇ ਹੋਰ ਕਾਰਨ ਤੋਂ ਵੱਧ ਜ਼ਿੰਮੇਵਾਰ ਹੈ। ਹਮਲੇ ਤੋਂ ਬਾਅਦ ਸਥਾਨਕ ਪੁਲਿਸ ਨੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ ਪਰ ਕੁਝ ਘੰਟਿਆਂ ਦੇ ਅੰਦਰ ਹੀ 'ਸਿੱਖਸ ਫਾਰ ਜਸਟਿਸ' ਦੇ ਕਾਰਕੁਨ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਿੱਠ 'ਤੇ ਆ ਖੜ੍ਹੇ ਹੋਏ ਸਨ। ਇਸ ਦੇ ਨਾਲ ਹੀ ਹਮਲਾਵਰਾਂ ਦਾ ਨਾਂ ਕੁਝ ਖਾਲਿਸਤਾਨੀ ਜਥੇਬੰਦੀਆਂ ਅਤੇ ਰੈਫਰੈਂਡਮ 2020 ਵਾਲਿਆਂ ਨਾਲ ਜੁੜਨ ਲੱਗਾ। ਹਮਲਾਵਰਾਂ ਵਿਚੋਂ ਕੁਝ ਲੋਕ ਖਾਲਿਸਤਾਨੀ ਅਤੇ ਰੈਫਰੈਂਡਮ 2020 ਦੇ ਸਮਰਥਕ ਅਤੇ ਕਾਰਕੁਨ ਹੋਣ ਦੇ ਦਾਅਵੇ ਕਰਦੇ ਹਨ। ਉਂਜ, ਹਮਲੇ ਤੋਂ ਬਾਅਦ ਜੋ ਗੱਲਾਂ ਸਾਹਮਣੇ ਆਈਆਂ ਸਨ, ਉਨ੍ਹਾਂ ਨੂੰ ਦੇਖਦਿਆਂ ਹਮਲਾਵਰਾਂ ਨੂੰ ਅਕਾਲੀ ਦਲ ਦੀ ਅੰਦਰੂਨੀ ਫੁੱਟ ਅਤੇ ਗੁਰਦੁਆਰੇ ਦੀ ਸਥਾਨਕ ਸਿਆਸੀ ਧੜੇਬੰਦੀ ਕਾਰਨ ਇਕ ਧੜੇ ਦੀ ਸ਼ਹਿ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਗੱਲ ਜੱਗ ਜ਼ਾਹਰ ਹੈ ਕਿ ਅਕਾਲੀ ਦਲ ਦੀਆਂ ਅਮਰੀਕਾ ਦੀਆਂ ਅਹੁਦੇਦਾਰੀਆਂ ਤੇ ਦਾਅਵੇਦਾਰੀਆਂ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਰੰਜਿਸ਼ਾਂ ਹਨ।

ਗੌਰਤਲਬ ਹੈ ਕਿ ਅਕਾਲੀ ਆਗੂ 'ਤੇ ਹਮਲਾ ਹੋਣ ਬਾਅਦ ਸੋਸ਼ਲ ਮੀਡੀਆ 'ਤੇ ਜੋ ਵੀਡੀਓ ਵਾਇਰਲ ਹੋਈਆਂ ਸਨ, ਉਨ੍ਹਾਂ ਵਿਚੋਂ ਗੁਰਦੁਆਰੇ ਦੇ ਕੁਝ ਡਾਇਰੈਕਟਰ ਅਤੇ ਆਪਣੇ ਆਪ ਨੂੰ ਅਕਾਲੀ ਕਾਰਕੁਨ ਦੱਸਣ ਵਾਲੇ ਕੁਝ ਲੋਕ ਇਹ ਕਹਿੰਦੇ ਦੇਖੇ ਗਏ ਕਿ ਮਨਜੀਤ ਸਿੰਘ ਜੀ.ਕੇ. ਉਤੇ ਹਮਲਾ ਹੋਣ ਲਈ ਉਹੀ ਲੋਕ ਜ਼ਿੰਮੇਵਾਰ ਹਨ, ਜੋ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਕਾਰੀ ਦਿੱਤੇ ਬਗੈਰ ਗੁਰਦੁਆਰੇ ਲੈ ਕੇ ਆਏ। ਸਪਸ਼ਟ ਤੌਰ 'ਤੇ ਉਹ ਆਪਣੀ ਹੀ ਪਾਰਟੀ ਦੇ ਉਸ ਧੜੇ 'ਤੇ ਅਸਿੱਧਾ ਦੋਸ਼ ਲਾ ਰਹੇ ਸਨ, ਜੋ ਸ. ਜੀ.ਕੇ. ਦੇ ਨਾਲ ਘੁੰਮ ਰਿਹਾ ਸੀ।

ਯਾਦ ਰਹੇ, ਜਦੋਂ ਮਨਜੀਤ ਸਿੰਘ ਉਤੇ ਹਮਲਾ ਹੋਇਆ ਤਾਂ ਅਕਾਲੀ ਦਲ ਦੇ ਕਈ ਸਥਾਨਕ ਅਹਿਮ ਆਗੂ ਕਿਸੇ ਕਾਰਨ ਜੀ.ਕੇ. ਨੂੰ ਗੁਰਦੁਆਰੇ ਮਿਲਣ ਨਹੀਂ ਸਨ ਗਏ। ਇਹ ਗੱਲ ਵੀ ਮਾਇਨੇ ਰੱਖਦੀ ਹੈ ਕਿ ਹਮਲੇ ਤੋਂ ਕੁਝ ਦਿਨ ਬਾਅਦ ਕਈ ਅਹਿਮ ਆਗੂ ਮਨਜੀਤ ਸਿੰਘ ਜੀ.ਕੇ. ਨੂੰ ਸੈਨ ਹੋਜ਼ੇ ਮਿਲਣ ਗਏ ਪਰ ਸ. ਜੀ.ਕੇ. ਉਨ੍ਹਾਂ ਨੂੰ ਨਹੀਂ ਮਿਲੇ। ਉਪਰੰਤ ਇਨ੍ਹਾਂ ਨੇਤਾਵਾਂ ਤੇ ਕਾਰਕੁਨਾਂ ਨੇ ਕੁਝ ਟੀ.ਵੀ. ਚੈਨਲਾਂ 'ਤੇ ਆਪਣਾ ਰੋਸ ਜ਼ਾਹਰ ਕੀਤਾ ਅਤੇ ਇਹ ਦੋਸ਼ ਵੀ ਲਾਇਆ ਕਿ ਜਿਹੜੇ ਅਮਰੀਕੀ ਅਕਾਲੀਆਂ ਨੇ ਸ. ਜੀ.ਕੇ. ਦਾ ਪ੍ਰੋਗਰਾਮ ਤੈਅ ਕੀਤਾ, ਉਨ੍ਹਾਂ ਨੇ ਸਮੁੱਚੇ ਦਲ ਨੂੰ ਭਰੋਸੇ 'ਚ ਨਹੀਂ ਲਿਆ ਅਤੇ ਨਾ ਹੀ ਪ੍ਰੋਗਰਾਮ ਸਾਂਝਾ ਕੀਤਾ, ਜਿਸ ਕਾਰਨ ਬਹੁਤ ਸਾਰੇ ਪਾਰਟੀ ਵਰਕਰ ਸਮੇਂ ਸਿਰ ਸਹੀ ਥਾਂ 'ਤੇ ਨਾ ਜਾ ਸਕੇ, ਜੋ ਹਮਲੇ ਦਾ ਵੱਡਾ ਕਾਰਨ ਬਣਿਆ।

ਦੂਜੇ ਪਾਸੇ, ਯੂਬਾ ਸਿਟੀ ਦੇ ਗੁਰਦੁਆਰੇ ਸ. ਜੀ.ਕੇ. ਨਾਲ ਜਾਣ ਵਾਲੇ ਕੁਝ ਮੋਹਤਬਰਾਂ ਦਾ ਕਹਿਣਾ ਹੈ ਕਿ ਸ. ਜੀ.ਕੇ. ਦੀ ਗੁਰੂ ਘਰ ਨਤਮਸਤਕ ਹੋਣ ਲਈ ਆਮਦ ਬਾਰੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੂੰ ਦੱਸਿਆ ਗਿਆ ਸੀ ਅਤੇ ਸਭ ਸਲਾਹ-ਮਸ਼ਵਰਾ ਕਰਕੇ ਹੀ ਆਏ ਸਨ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਸ. ਜੀ.ਕੇ. ਦੇ ਆਉਣ ਸਮੇਂ ਗੁਰੂ ਘਰ ਵਿਚ ਹਾਜ਼ਰ ਰਹਿਣ ਦਾ ਵਚਨ ਦਿੱਤਾ ਸੀ ਪਰ ਕਿਸੇ ਕਾਰਨ ਉਹ ਸਮੇਂ ਸਿਰ ਨਾ ਆ ਸਕੇ।

ਸ. ਮਨਜੀਤ ਸਿੰਘ ਜੀ.ਕੇ. ਨੇ ਹਮਲੇ ਉਪਰੰਤ ਵੀਡੀਓ ਜਾਰੀ ਕੀਤੀ ਸੀ ਕਿ ਉਨ੍ਹਾਂ 'ਤੇ ਹਮਲਾ ਕਰਨ ਵਾਲੇ 20 ਦੇ ਕਰੀਬ ਲੋਕ ਖਾਲਿਸਤਾਨੀ ਹਨ ਅਤੇ ਰੈਫਰੈਂਡਮ 2020 ਦੇ ਸਮਰੱਥਕ ਹਨ। ਉਨ੍ਹਾਂ 'ਸਿੱਖਸ ਫਾਰ ਜਸਟਿਸ' ਉਤੇ ਵੀ ਹਮਲੇ ਸਮੇਤ ਕਈ ਗੰਭੀਰ ਦੋਸ਼ ਲਾਏ ਸਨ। ਉਨ੍ਹਾਂ ਕਿਹਾ ਸੀ ਕਿ ਖਾਲਿਸਤਾਨ ਪੱਖੀਆਂ ਦੇ ਕੁਝ ਧੜਿਆਂ ਨੇ ਅਮਰੀਕਾ ਅਤੇ ਕੈਨੇਡਾ ਦੀਆਂ ਕੁਝ ਅਦਾਲਤਾਂ ਵਿਚ ਕੇਸ ਕੀਤੇ ਸਨ, ਜਿਨ੍ਹਾਂ 'ਚ ਉਹ ਉਨ੍ਹਾਂ ਨੂੰ ਹਰਾ ਚੁਕੇ ਹਨ। ਇਸ ਲਈ ਇਹ ਲੋਕ ਹੁਣ ਰੰਜਿਸ਼ ਅਤੇ ਬੁਖਲਾਹਟ 'ਚ ਹੀ ਉਨ੍ਹਾਂ ਉਤੇ ਜਿਸਮਾਨੀ ਹਮਲੇ ਕਰ ਰਹੇ ਹਨ।

ਸੂਤਰਾਂ ਮੁਤਾਬਕ ਸ. ਜੀ.ਕੇ. ਨੇ ਹਮਲੇ ਤੋਂ ਬਾਅਦ ਆਪਣੇ ਕੁਝ ਕਰੀਬੀਆਂ ਕੋਲ ਮੰਨਿਆ ਸੀ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੀ ਪਾਰਟੀ ਦੇ ਹੀ ਕੁਝ ਕਾਰਕੁਨ ਹਮਲਾਵਰਾਂ ਨੂੰ ਸ਼ਹਿ ਦੇ ਰਹੇ ਸਨ ਜਾਂ ਉਨ੍ਹਾਂ ਪ੍ਰਤੀ ਨਰਮ ਰੁਖ ਅਪਨਾ ਰਹੇ ਹਨ।

ਉਸ ਵਕਤ ਸ. ਮਨਜੀਤ ਸਿੰਘ ਜੀ.ਕੇ. ਨੇ ਆਪਣੇ ਉਤੇ ਹੋਏ ਹਮਲੇ ਲਈ ਆਪਣੇ ਸਮਰਥਕਾਂ ਨੂੰ ਕਿਸੇ ਤਰ੍ਹਾਂ ਦੀ ਭੜਕਾਹਟ ਵਿਚ ਨਾ ਆਉਣ ਦੀ ਅਪੀਲ ਕੀਤੀ ਸੀ ਅਤੇ ਅਕਾਲੀ ਦਲ ਦੇ ਨੇਤਾਵਾਂ ਸਮੇਤ ਬਹੁਤ ਸਾਰੇ ਸਿੱਖਾਂ ਨੇ ਗੁਰੂ ਘਰ ਵਿਚ ਕਿਸੇ 'ਤੇ ਹਮਲਾ ਕਰਨ ਦੀ ਨਿਖੇਧੀ ਕੀਤੀ ਸੀ। ਹਮਲਾਵਰਾਂ ਦੀ ਗਿਣਤੀ ਭਾਵੇਂ 20 ਦੇ ਕਰੀਬ ਸੀ, ਪਰ ਪੁਲਿਸ ਨੇ ਸੈਕਰਾਮੈਂਟੋ ਇਲਾਕੇ ਵਿਚ ਰਹਿੰਦੇ ਜਸਵੀਰ ਸਿੰਘ ਲੁਬਾਣਾ ਅਤੇ ਉਸ ਦੇ ਪੁੱਤਰ ਗਗਨਦੀਪ ਸਿੰਘ ਨੂੰ ਮੁੱਖ ਦੋਸ਼ੀ ਮੰਨਦਿਆਂ ਕੈਲੀਫੋਰਨੀਆ ਪੀਨਲ ਕੋਡ ਸੈਕਸ਼ਨ 245 (ਏ-ਚਾਰ) ਤਹਿਤ ਗ੍ਰਿਫਤਾਰ ਕੀਤਾ ਸੀ। 'ਸਿੱਖਸ ਫਾਰ ਜਸਟਿਸ' ਦੇ ਵਕੀਲਾਂ ਨੇ ਉਨ੍ਹਾਂ ਨੂੰ ਦਸ ਘੰਟਿਆਂ ਬਾਅਦ ਜ਼ਮਾਨਤ ਉਤੇ ਰਿਹਾ ਕਰਵਾ ਲਿਆ ਸੀ। ਵਾਇਰਲ ਵੀਡੀਓ 'ਚ ਸ. ਜੀ.ਕੇ. ਦੀ ਕੁੱਟਮਾਰ ਕਰਦੇ ਹੋਏ ਸਪਸ਼ਟ ਦਿਖਾਈ ਦੇ ਰਹੇ ਸਨ। ਪਿਉ-ਪੁੱਤ ਤੋਂ ਬਿਨਾ ਜਿਹੜੇ ਹੋਰ ਲੋਕਾਂ 'ਤੇ ਚਾਰਜ ਲੱਗੇ ਸਨ, ਉਨ੍ਹਾਂ ਵਿਚ ਸਾਬੀ ਖੰਗੂੜਾ, ਜਸਵੀਰ ਸਿੰਘ ਅਤੇ ਗੁਰਦੀਪ ਸਿੰਘ ਦੇ ਨਾਂ ਸਨ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਜਸਵੀਰ ਸਿੰਘ ਦਿੱਲੀ ਕਤਲੇਆਮ ਦੇ ਕਥਿਤ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਦੇ ਕੇਸ 'ਚ ਗਵਾਹ ਸੀ। ਮਨਜੀਤ ਸਿੰਘ ਨੇ ਜਸਵੀਰ ਸਿੰਘ 'ਤੇ ਦੋਸ਼ ਲਾਇਆ ਸੀ ਕਿ ਇਹ ਉਹੀ ਜਸਵੀਰ ਸਿੰਘ ਹੈ, ਜੋ ਕਦੇ ਦਿੱਲੀ ਕਤਲੇਆਮ ਦਾ ਗਵਾਹ ਸੀ ਪਰ ਬਾਅਦ ਵਿਚ ਜਗਦੀਸ਼ ਟਾਈਟਲਰ ਨਾਲ ਰਲ ਗਿਆ ਅਤੇ ਦਿੱਲੀ ਕਤਲੇਆਮ ਦੇ ਹੋਰ ਗਵਾਹਾਂ ਨੂੰ ਵੀ ਮੁਕਰਾਉਣ ਲੱਗ ਪਿਆ ਸੀ, ਜਿਸ ਕਾਰਨ ਇਹ ਕੁਝ ਮਹੀਨੇ ਜੇਲ੍ਹ ਵੀ ਗਿਆ ਸੀ। ਇਸ ਦੇ ਨਾਲ ਹੀ ਕੇਂਦਰ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਇਕ ਬਿਆਨ ਜਾਰੀ ਕਰਕੇ ਹਮਲੇ ਦੀ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਪਾਕਿਸਤਾਨੀ ਏਜੰਸੀ ਆਈ. ਐਸ. ਆਈ. ਦੇ ਏਜੰਟ ਤਕ ਕਿਹਾ ਸੀ। ਖੈਰ, ਹੁਣ ਜੀ.ਕੇ. ਅਤੇ ਬਾਦਲਾਂ 'ਚ ਸਬੰਧ ਸੁਖਾਵੇਂ ਨਹੀਂ।

ਯੂਬਾ ਸਿਟੀ 'ਚ ਚਰਚਾ ਹੈ ਕਿ ਮਨਜੀਤ ਸਿੰਘ ਜੀ.ਕੇ. ਦੇ ਹੱਕ ਵਿਚ ਗਵਾਹੀਆਂ ਦੇਣ ਵਾਲਿਆਂ 'ਤੇ ਕਥਿਤ ਹਮਲਾਵਰਾਂ 'ਚ ਇਕ ਸਥਾਨਕ ਅਕਾਲੀ ਆਗੂ ਦੀ ਭੂਮਿਕਾ ਹੈ। ਗਵਾਹਾਂ ਦੇ ਅਦਾਲਤ 'ਚ ਹਾਜ਼ਰ ਨਾ ਹੋਣ ਕਰਕੇ ਸਭ ਦੋਸ਼ੀ ਸਮਝੇ ਜਾਂਦੇ ਲੋਕ ਬਰੀ ਕਰ ਦਿੱਤੇ ਗਏ ਸਨ। ਯਾਦ ਰਹੇ, ਕੁਝ ਹਫਤੇ ਪਹਿਲਾਂ ਹੀ ਗੁਰਦੁਆਰੇ ਦੇ ਸਾਲਾਨਾ ਨਗਰ ਕੀਰਤਨ ਦੌਰਾਨ ਰੈਫਰੈਂਡਮ 2020 ਅਤੇ ਅਕਾਲੀ ਪੱਖੀ ਸਮਝੇ ਜਾਂਦੇ ਪ੍ਰਬੰਧਕਾਂ 'ਚ ਸਟਾਲ ਲਾਉਣ ਨੂੰ ਲੈ ਕੇ ਮਾਮੂਲੀ ਟਕਰਾਅ ਹੋਇਆ ਸੀ ਜਿਸ ਕਾਰਨ ਪੁਲਿਸ ਬੁਲਾਉਣੀ ਪਈ ਸੀ ਪਰ ਬਾਅਦ ਵਿਚ ਆਪਸੀ ਰਜ਼ਾਮੰਦੀ ਹੋ ਗਈ ਸੀ। ਕੁਝ ਲੋਕਾਂ ਦਾ ਖਿਆਲ ਹੈ ਕਿ ਹੋ ਸਕਦਾ ਹੈ, ਮਨਜੀਤ ਸਿੰਘ ਦਾ ਕੇਸ ਵੀ ਉਸ ਰਜ਼ਾਮੰਦੀ ਦਾ ਹਿੱਸਾ ਹੋਵੇ।

## ਹਸਪਤਾਲ 'ਚ ਗੋਲੀਬਾਰੀ

**ਸ਼ਿਕਾਗੋ:** ਇਥੇ ਇਕ ਹਸਪਤਾਲ ਦੀ ਪਾਰਕਿੰਗ ਵਿਚ ਹੋਈ ਤਕਰਾਰ ਖੂਨੀ ਕਾਂਡ ਵਿਚ ਬਦਲ ਗਈ ਜਿਸ ਵਿਚ ਇਕ ਪੁਲਿਸ ਅਫਸਰ ਸਣੇ ਚਾਰ ਜਣੇ ਮਾਰੇ ਗਏ। ਪੁਲਿਸ ਸੁਪਰਡੈਂਟ ਐਡੀ ਜੌਨਸਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਘਟਨਾ ਵਿਚ ਚਾਰ ਜਣੇ ਮਾਰੇ ਗਏ ਹਨ।

ਹਮਲਾਵਰ ਨੇ ਪਹਿਲਾਂ ਪਾਰਕਿੰਗ ਵਿਚ ਤਕਰਾਰ ਤੋਂ ਬਾਅਦ ਉਸ ਔਰਤ ਨੂੰ ਗੋਲੀ ਮਾਰੀ ਜਿਸ ਨਾਲ ਉਸ ਦੇ ਘਰੇਲੂ ਤਾਲੁਕਾਤ ਦੱਸੇ ਜਾਂਦੇ ਹਨ। ਫਿਰ ਉਸ ਨੇ ਪੁਲਿਸ 'ਤੇ ਗੋਲੀ ਚਲਾਈ ਤੇ ਅੰਦਰ ਵੜ ਗਿਆ। ਇਸ ਤੋਂ ਬਾਅਦ ਸਵੈਟ ਸਮੇਤ ਹੋਰ ਪੁਲਿਸ ਹਸਪਤਾਲ ਪੁੱਜ ਗਈ ਤੇ ਹਸਪਤਾਲ ਵਿਚ ਹਮਲਾਵਰ ਨੂੰ ਕਾਬੂ ਕਰਨ ਲਈ ਕਾਫੀ ਜੱਦੋਜਹਿਦ ਚਲਦੀ ਰਹੀ। ਮੇਅਰ ਰੈਹਮ ਇਮੈਨੁਅਲ ਮੁਤਾਬਕ ਮ੍ਰਿਤਕ ਔਰਤਾਂ ਦੀ ਪਛਾਣ ਡਾਕਟਰ ਤੇ ਫਾਰਮਾਸਿਊਟੀਕਲ ਸਹਾਇਕ ਵਜੋਂ ਹੋਈ ਹੈ।

## 'ਆਪ' ਦੇ ਖਹਿਰਾ ਧੜੇ ਦੇ ਆਗੂ ਸੁਰੇਸ਼ ਸ਼ਰਮਾ 'ਤੇ ਹਮਲਾ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਖਹਿਰਾ ਧੜੇ ਨਾਲ ਸਬੰਧਤ ਆਗੂ ਸੁਰੇਸ਼ ਸ਼ਰਮਾ ਨੂੰ ਛੇਹਰਟਾ 'ਚ ਅਣਪਛਾਤੇ ਹਮਲਾਵਰ ਨੇ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਨੂੰ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ।

ਸੁਰੇਸ਼ ਸ਼ਰਮਾ ਪਹਿਲਾਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਨ। ਉਹ ਆਰ. ਟੀ. ਆਈ. ਰਾਹੀਂ ਸੂਚਨਾ ਲੈਣ ਵਾਲੇ ਸਰਗਰਮ ਆਗੂ ਹਨ। ਉਨ੍ਹਾਂ ਨੂੰ ਤਿੰਨ ਗੋਲੀਆਂ ਲੱਗੀਆਂ ਹਨ, ਜਿਨ੍ਹਾਂ ਵਿਚੋਂ ਇਕ ਗੋਲੀ ਸੱਜੀ ਲੱਤ ਵਿਚ ਅਤੇ ਦੋ ਗੋਲੀਆਂ ਖੱਬੀ ਲੱਤ ਵਿਚ ਵੱਜੀਆਂ ਹਨ। ਉਹ ਖਤਰੇ ਤੋਂ ਬਾਹਰ ਹਨ। ਵੇਰਵਿਆਂ ਮੁਤਾਬਕ ਸੁਰੇਸ਼ ਸ਼ਰਮਾ ਛੇਹਰਟਾ ਦੇ ਮੁੱਖ ਬਾਜ਼ਾਰ ਵਿਚ ਆਪਣੀ ਦੁਕਾਨ 'ਤੇ ਬੈਠੇ ਹੋਏ ਸਨ। ਇਕ ਵਿਅਕਤੀ ਦੁਕਾਨ 'ਤੇ ਆਇਆ ਤੇ ਉਸ ਨੇ ਲਗਾਤਾਰ ਚਾਰ ਗੋਲੀਆਂ ਉਨ੍ਹਾਂ 'ਤੇ ਚਲਾਈਆਂ।

# 550 ਸਾਲਾ ਪ੍ਰਕਾਸ਼ ਪੁਰਬ ਮੌਕੇ ਜਾਰੀ ਹੋਏ ਸੋਨੇ-ਚਾਂਦੀ ਦੇ ਯਾਦਗਾਰੀ ਸਿੱਕੇ

**ਅੰਮ੍ਰਿਤਸਰ:** ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੋਨੇ ਤੇ ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕੀਤੇ ਜਾਣਗੇ। ਇਹ ਸਿੱਕੇ 24 ਨਵੰਬਰ ਤੋਂ ਆਮ ਸਿੱਖ ਸੰਗਤ ਨੂੰ ਮਿਲ ਸਕਣਗੇ। ਇਨ੍ਹਾਂ ਵਿਚ ਸੋਨੇ ਦੇ ਸਿੱਕੇ ਦਸ ਗ੍ਰਾਮ ਅਤੇ ਪੰਜ ਗ੍ਰਾਮ ਦੇ ਹੋਣਗੇ। ਇਸ ਵਾਸਤੇ 24 ਕੈਰੇਟ ਸੋਨਾ ਵਰਤਿਆ ਗਿਆ ਹੈ ਅਤੇ ਇਨ੍ਹਾਂ ਉਪਰ ਹਾਲਮਾਰਕ ਦੀ ਮੋਹਰ ਵੀ ਹੋਵੇਗੀ। ਇਸੇ ਤਰ੍ਹਾਂ ਚਾਂਦੀ ਦੇ ਸਿੱਕੇ 50 ਗ੍ਰਾਮ ਅਤੇ 25 ਗ੍ਰਾਮ ਵਜ਼ਨ ਵਿਚ ਉਪਲਬਧ ਹੋਣਗੇ। ਇਨ੍ਹਾਂ ਸਿੱਕਿਆਂ ਦੇ ਇਕ ਪਾਸੇ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਦੂਜੇ ਪਾਸੇ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਦੀ ਤਸਵੀਰ ਹੋਵੇਗੀ।



## ਗਦਰ ਦੀਆਂ ਗੱਲਾਂ

# ਚਲੋ ਕਾਬਲ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਹੁਣ 'ਗਦਰ' ਵਿਚ ਛਪੇ ਫੁਟਕਲ ਲੇਖਾਂ ਦੀ ਲੜੀ ਛਾਪੀ ਜਾ ਰਹੀ ਹੈ। ਇਨ੍ਹਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। -ਸੰਪਾਦਕ***

**ਦਸੰਬਰ 1913 ਨੂੰ ਛਪਿਆ**
**ਲੇਖਕ ਭਾਰਦਵਾਜ**

ਕਿਉਂ ਬਈ ਕਾਬਲ ਕਿਉਂ ਚਲੀਏ? ਕਾਬਲ ਵਿਚ ਤਾਂ ਮੇਵੇ, ਬਰਫ ਤੇ ਪਠਾਨਾ ਬਿਨਾਂ ਕੁਝ ਭੀ ਨਹੀਂ? ਇਹ ਕੀ ਚਾਗਾਂ ਮਾਰਨ ਲਗਾ ਹੋਇਆ ਹੈ ਕਿ ਚਲੋ ਕਾਬਲ?

ਵਾਹ ਜੀ ਵਾਹ; ਜਾਗਦੇ ਹੋ ਕਿ ਸੁਤੇ ਹੋ? ਜਾਂ ਕਿਤੇ ਪਹਿਲੇ ਗਦਰ ਤੋਂ ਭੀ ਅੱਗੇ ਜਨਮ ਲਿਆ ਹੈ? ਭੁੱਖਾਂ ਨੂੰ ਦੁਨੀਆਂ ਦਾ ਕੁਝ ਭੀ ਪਤਾ ਨਹੀਂ? ਕਾਬਲ ਵਿਚ ਤਾਂ ਉਹ ਬਣਨ ਲਗ ਪਈਆਂ ਹਨ।

ਉਹ ਕੀ? ਉਹ ਕੀ? ਉਹ ਕੀ ਚੀਜ਼ ਹੈ, ਕੁਝ ਅਕਲ ਦੀ ਤਾਂ ਗੱਲ ਕਰ ਉਹ ਬਈ, ਉਹ ਚੀਜ਼ ਜਿਸ ਦੀ ਹਿੰਦੁਸਤਾਨ ਨੂੰ ਬਹੁਤ ਲੋੜ ਹੈ, ਕਾਬਲ ਵਿਚ ਬਣਨ ਲੱਗ ਪਈ ਹੈ?

ਹੈ ਕੀ, ਬੰਬ ਤਾਂ ਨਹੀਂ ਬਣਨ ਲਗ ਪਏ?

ਜੀ ਨਹੀਂ, ਬੰਬ ਦੇ ਨੇੜੇ ਤੇੜੇ ਹੀ ਹੈ। ਬੰਬ ਦੀ ਭੈਣ ਬੰਦੂਕ।

ਉਹ ਕੀ ਕਾਬਲ 'ਚ ਬੰਦੂਕਾਂ ਬਣਨ ਲੱਗੀਆਂ ਹਨ? ਵਾਹ ਵਾਹ ਕੇਹੀ ਅੱਛੀ ਖਬਰ ਹੈ।

ਜੀ ਹਾਂ, ਕਾਬਲ ਵਿਚ ਨਵੇਂ ਨਮੂਨੇ ਤੇ ਬੜੇ



*ਅਫਗਾਨਿਸਤਾਨ ਵਿਚ ਬੰਦੂਕਾਂ ਅੱਜ ਵੀ ਬਥੇਰੀਆਂ ਬਣਦੀਆਂ ਹਨ।*

ਬੜੇ ਕਾਰਖਾਨੇ ਬੰਦੂਕਾਂ ਦੇ ਹਨ। ਸੁਣੋ ਜੀ, ਪਠਾਣਾਂ ਨੂੰ ਦੋ ਚੀਜ਼ਾਂ ਪਿਆਰੀਆਂ ਹਨ-ਆਪਣੀ ਜਾਨ ਤੇ ਬੰਦੂਕ। ਪਠਾਣ ਰੋਟੀ ਤੋਂ ਬਗ਼ੈਰ ਰਹਿ ਸਕਦਾ ਹੈ, ਪਰ ਬੰਦੂਕ ਤੋਂ ਅਲੱਗ ਨਹੀਂ ਰਹਿ ਸਕਦਾ?

ਬਈ ਇਹ ਕਿਉਂ? ਇਸ ਦੀ ਵਜ੍ਹਾ ਹੈ ਕਿ ਪਠਾਣ ਆਜ਼ਾਦੀ ਚਾਹੁਣ ਵਾਲੇ ਹਨ। ਬੰਦੂਕ, ਆਜ਼ਾਦੀ ਦੀ ਰਖਿਆ ਕਰਦੀ ਹੈ। ਬਸ ਇਸ ਕਰਕੇ ਪਠਾਣਾਂ ਨੇ ਹਜ਼ਾਰਾਂ ਤਰੀਕਿਆਂ ਨਾਲ ਬੰਦੂਕਾਂ ਲੈਣ ਦੀ ਕੋਸ਼ਿਸ਼ ਕੀਤੀ। ਅੰਗਰੇਜ਼ ਸਿਪਾਹੀਆਂ ਤੋਂ ਖਰੀਦ ਲੈਂਦੇ ਹਨ। ਕਿਲ੍ਹਿਆਂ ਵਿਚੋਂ ਚੁਰਾ ਲੈਂਦੇ ਹਨ। ਯੂਰਪ ਵਿਚ ਖਰੀਦ ਕੇ ਫਰਾਂਸ ਦੀ ਖਾੜੀ ਦੇ ਰਾਹ ਪਠਾਣਾਂ ਨੇ ਹਜ਼ਾਰਾਂ ਬੰਦੂਕਾਂ ਅਫਗਾਨਿਸਤਾਨ ਤੇ ਬਲੋਚਿਸਤਾਨ ਵਿਚ ਪਹੁੰਚਾਈਆਂ ਹਨ।

ਇਸ ਕਾਰਨ ਅੰਗਰੇਜ਼ ਕੰਬ ਉਠੇ ਕਿਉਂਕਿ ਅੰਗਰੇਜ਼ਾਂ ਦੀ ਅੱਖ ਬੜੇ ਚਿਰ ਤੋਂ ਅਫਗਾਨਿਸਤਾਨ 'ਤੇ ਹੈ। ਦੋ ਵਾਰ ਹਮਲਾ ਵੀ ਕੀਤਾ ਅਤੇ ਚਪੇੜਾਂ ਖਾ ਕੇ ਭੀ ਮੁੜੇ, ਪਰ ਅਜੇ ਭੀ ਇਨ੍ਹਾਂ ਦਾ ਉਧਰੋਂ ਧਿਆਨ ਨਹੀਂ ਹਟਿਆ। ਬਸ ਆਸਾਨ ਗੱਲ ਤਾਂ ਇਹ ਹੈ ਕਿ ਅੰਗਰੇਜ਼ ਹਿੰਦੁਸਤਾਨ ਵਿਚ ਰਾਜ ਰਹਿਣ ਦੀ ਖਾਤਿਰ ਅਫਗਾਨਿਸਤਾਨ ਵਿਚ ਕਮਜ਼ੋਰੀ ਤੇ ਬੇਇਲਮੀ ਰੱਖਣਾ ਚਾਹੁੰਦੇ ਹਨ। ਹੁਣ ਬੜੀ ਖੁਸ਼ੀ ਦੀ ਗੱਲ ਹੈ ਕਿ ਅਮੀਰ ਕਾਬਲ ਬੜਾ ਅਹਿਸਾਨਮੰਦ ਤੇ ਸਮਝਦਾਰ ਆਦਮੀ ਹੈ। ਇਲਮ ਤੇ ਤਰੱਕੀ ਦੇ ਅਸੂਲਾਂ ਨਾਲ ਆਪਣੇ ਮੁਲਕ ਨੂੰ ਦੂਜਾ ਜਾਪਾਨ ਬਣਾਉਣਾ ਚਾਹੁੰਦਾ ਹੈ। ਇਸ ਨੇ ਹੁਣ ਇਕ ਯੂਨੀਵਰਸਿਟੀ ਖੋਲ੍ਹੀ ਹੈ। ਸਭ ਤੋਂ ਵਧ ਕੇ ਇਹ ਕੰਮ ਕੀਤਾ ਹੈ ਕਿ ਬੰਦੂਕਾਂ ਦੇ ਕਾਰਖਾਨੇ ਖੋਲ੍ਹੇ ਹਨ, ਜਿਨ੍ਹਾਂ ਵਿਚ ਧੜਾਪ ਬੰਦੂਕਾਂ ਬਣਦੀਆਂ ਹਨ। ਅੰਗਰੇਜ਼ਾਂ ਨੇ ਫਰਾਂਸ ਦੀ ਖਾੜੀ 'ਤੇ ਪਹਿਰਾ ਲਾ ਕੇ ਪਠਾਣਾਂ ਨੂੰ ਬੰਦੂਕਾਂ ਲਿਆਉਣ ਤੋਂ ਰੋਕ ਦਿੱਤਾ ਸੀ ਤਾਂ ਅਮੀਰ ਸਾਹਿਬ ਨੇ ਫੇਰ ਜੁਗਤ ਕੱਢੀ ਕਿ ਖਰੀਦਣ ਤੋਂ ਆਪਣੇ ਦੇਸ਼ ਹੀ ਬੰਦੂਕਾਂ ਬਣਾਉਣੀਆਂ ਅੱਛੀਆਂ ਹਨ। ਇਹ ਅੰਗਰੇਜ਼ਾਂ ਦੀ ਬਰਖਿਲਾਫੀ ਤੋਂ ਅੱਛਾ ਮਤਲਬ ਨਿਕਲਿਆ ਹੈ। ਹੁਣ ਖਬਰ ਆਈ ਹੈ ਕਿ ਅਮੀਰ ਨੇ ਪਹਾੜਾਂ ਦੇ ਛੱਤਾਂ ਦੇ ਪਾਣੀ ਨਾਲ ਬਿਜਲੀ ਦੇ ਕਾਰਖਾਨੇ ਖੋਲ੍ਹ ਦਿੱਤੇ ਹਨ। ਅਮਰੀਕਨ ਇੰਜੀਨੀਅਰ ਨੌਕਰ ਰੱਖੇ ਹਨ। ਬੰਦੂਕਾਂ ਤੇ ਕਾਰਤੂਸ ਬਣਦੇ ਹਨ। ਪੰਝੀ (25) ਬੰਦੂਕਾਂ ਰੋਜ਼ ਬਣਦੀਆਂ ਹਨ ਅਤੇ ਦੋ ਵੱਡੀਆਂ ਤੋਪਾਂ ਇਕ ਮਹੀਨੇ ਵਿਚ ਤਿਆਰ ਹੁੰਦੀਆਂ ਹਨ। ਇਨ੍ਹਾਂ ਦੇ ਨਾਲ ਹੀ ਫੌਜ ਦੇ ਵਿਚਕਾਰ ਇਕ ਬੰਬਾਂ ਦਾ ਕਾਰਖਾਨਾ ਖੋਲ੍ਹਿਆ ਹੈ। ਊਨੀ ਕੱਪੜੇ, ਸਾਬਣ, ਮੋਮਬਤੀਆਂ ਦੇ ਸਭ ਤਰ੍ਹਾਂ ਦੇ ਕਾਰਖਾਨੇ ਬਣਾਏ ਹਨ। ਕਾਬਲ ਤੇ ਕੰਧਾਰ ਅਤੇ ਹਫਾਤ ਦੇ ਵਿਚਕਾਰ ਟੈਲੀਫੋਨ ਵੀ ਲਾ ਦਿੱਤਾ ਹੈ। ਇਸ ਤੋਂ ਮਨੁੱਖ ਨੂੰ ਮਾਲੂਮ ਹੁੰਦਾ ਹੈ ਕਿ ਅਫਗਾਨਿਸਤਾਨ ਛੇਤੀ ਹੀ ਏਸ਼ੀਆ ਵਿਚ ਇਕ ਚਮਕਦਾ ਹੋਇਆ ਤਾਰਾ ਨਿਕਲੇਗਾ। ਹੁਣ ਪੰਜਾਬ ਦੇ ਸੂਰਬੀਰਾਂ ਨੂੰ ਕਾਬਲ ਵਿਚ ਜਾ ਕੇ ਬੰਦੂਕਾਂ ਬਣਾਉਣ ਦਾ ਹੁਨਰ ਸਿਖਣਾ ਚਾਹੀਦਾ ਹੈ। ਬੰਦੂਕਾਂ ਦੇ ਸੰਦੂਕ ਭਰ ਕੇ ਪੰਜਾਬ ਵਿਚ ਲਿਆਂਦੇ ਜਾਣ ਅਤੇ ਹਰ ਜ਼ਿਲ੍ਹੇ ਵਿਚ ਵੰਡੀਆਂ ਜਾਣ। ਸਮੁੰਦਰ ਰਾਹ ਬੰਦੂਕਾਂ ਲਿਆਉਣਾ ਮੁਸ਼ਕਿਲ ਹੈ। ਇਸ ਵਾਸਤੇ ਅਸੀਂ ਪੰਜਾਬ ਦੇ ਸ਼ੇਰਾਂ ਨੂੰ ਕਹਿੰਦੇ ਹਾਂ ਕਿ ਚਲੋ ਕਾਬਲ, ਹਦ ਉਤੇ ਆਪਣਾ ਮੈਗਜ਼ੀਨ ਬਣਾ ਲਉ ਅਤੇ ਪੰਜਾਬ ਤੇ ਬੰਦੂਕਾਂ ਦੇ ਅੰਮ੍ਰਿਤ ਦੀ ਵਰਖਾ ਕਰ ਦਿਓ।

## ਗਦਰੀ ਦੀ ਦਿਰੜਤਾ ਅਤੇ ਤਾਕਤ

ਨਹੀਂ ਝਿਝਕ ਗੰਭੀਰ ਅਟੱਲ ਡਾਢਾ,
ਵਧਦਾ ਵਲ ਨਸ਼ਾਨੇ ਦੇ ਜਾਏ ਗਦਰੀ।
ਨਹੀਂ ਜਾਣਦਾ ਅਟਕ ਰੁਕਾਵਟਾਂ ਕੀ?
ਦੁਨੀਆਂ ਚੀਰ ਪਹਾੜ ਸਧਾਏ ਗਦਰੀ।
ਲਖਾਂ ਦੈਂਤ ਫਰੌਨ ਤੇ ਪਾਦਸ਼ਾਹੀਆਂ,
ਫੋਰੇ ਅਖ ਦੇ ਵਿਚ ਮਿਟਾਏ ਗਦਰੀ।

ਜ਼ਾਰ ਕਿੰਗ ਸੁਲਤਾਨ ਤੇ ਸ਼ਾਹ ਕੈਜ਼ਰ,
ਜਿਨ ਭੂਤ ਸ਼ੈਤਾਨ ਨਵਾਏ ਗਦਰੀ।
ਰਾਜੇ ਖਾਨ ਅਮੀਰ ਨਵਾਬ ਢਾ ਕੇ,
ਲੀਕਾਂ ਨਕ ਦੇ ਨਾਲ ਕਢਾਏ ਗਦਰੀ।
ਸਿੱਕੇ ਬੰਦ ਕਰ ਝੰਡੀਆਂ ਪਾੜ ਸੁਟੇ,
ਢਾਏ ਮਹਿਲ ਤੇ ਤਖਤ ਉਲਟਾਏ ਗਦਰੀ।

ਅਰਸ਼ੋਂ ਲਾਹ ਕੇ ਭੋਏਂ ਪਟੱਕ ਮਾਰੇ,
ਝਾੜੂ ਹੱਥ ਦੇ ਗਲੀ ਹੁੰਜਾਏ ਗਦਰੀ।
ਮਾਣਸ ਖਾਣਿਆਂ ਤਾਈਂ ਅਜ਼ਾਦ ਕੇਵਲ,
ਕੀਤੇ ਜ਼ੁਲਮ ਦਾ ਮਜ਼ਾ ਚਖਾਏ ਗਦਰੀ।

## ਅੰਗਾਂ ਦੀ ਗਵਾਹੀ

*(3 ਫਰਵਰੀ 1914 ਨੂੰ ਛਪਿਆ)*

### *ਹਿੰਦੁਸਤਾਨ ਤੋਂ ਅਨਾਜ ਦਾ ਬਾਹਰ ਜਾਣਾ ਚੌਲਾਂ ਦਾ ਹਾਲ:*

ਹਿੰਦੁਸਤਾਨ ਦਾ ਅਨਾਜ ਇਸ ਤਰ੍ਹਾਂ ਬੇਨਤੀ ਕਰਦਾ ਹੈ ਜੋ ਹਿੰਦੁਸਤਾਨ ਵਿਚ ਜੰਮਿਆ ਤੇ ਹਿੰਦੁਸਤਾਨ ਵਿਚ ਹੀ ਪਲਿਆ, ਹੁਣ ਮੈਨੂੰ ਬੋਰੀਆਂ ਵਿਚ ਬੰਦ ਕਰਕੇ ਜਹਾਜ਼ਾਂ ਵਿਚ ਲੱਦ ਕੇ ਬਾਹਰ ਕਿਉਂ ਕੱਢਿਆ ਜਾਂਦਾ ਹੈ? ਮੈਨੂੰ ਦੇਸ਼ ਨਿਕਾਲਾ ਕਿਉਂ ਦਿੱਤਾ ਜਾਂਦਾ ਹੈ? ਮੈਂ ਆਪਣੇ ਦੇਸ਼ ਵਿਚ ਰਹਿ ਕੇ ਆਪਣੇ ਦੇਸੀ ਲੋਕਾਂ ਦੀ ਖੁਰਾਕ ਬਣ ਕੇ ਆਪਣਾ ਜਨਮ ਸਫਲ ਨਹੀਂ ਕਰ ਸਕਦਾ। ਜਿਨ੍ਹਾਂ ਮੂੰਹਾਂ ਨੂੰ ਮੈਂ ਹਰੇ ਕਰਨਾ ਸੀ, ਉਹ ਤਾਂ ਸੁੱਕੇ ਪਏ ਹਨ, ਜੋ ਬਦੇਸ਼ੀ ਲੋਕ ਮੇਰੀ ਸਾਰ ਨਹੀਂ ਜਾਣਦੇ, ਉਹ ਮੈਨੂੰ ਚੱਬ ਸੁਟਦੇ ਹਨ, ਦੇਸੀ ਭਾਈਓ, ਮੈਂ ਭੀ ਹਿੰਦੀ ਹਾਂ, ਮੇਰੀ ਜ਼ਬਾਨ ਨਹੀਂ ਹੈ, ਪਰ ਮੈਨੂੰ ਆਪਣੇ ਦੇਸ਼ ਨਾਲ ਬੜਾ ਪਿਆਰ ਹੈ। ਕੋਈ ਐਸਾ ਬੰਦੋਬਸਤ ਕਰੋ ਜੋ ਮੈਨੂੰ ਦੇਸ਼ ਨਿਕਾਲਾ ਨਾ ਮਿਲੇ। ਪ੍ਰਦੇਸ਼ ਵਿਚ ਖਾਧੇ ਜਾਣ ਤੋਂ ਮੈਨੂੰ ਕੋਈ ਸੁਆਦ ਨਹੀਂ ਆਉਂਦਾ।

ਹਿੰਦੁਸਤਾਨ ਤੋਂ ਟੈਕਸ ਤੇ ਵਿਆਜ ਦੇਣ ਦੀ ਖਾਤਿਰ ਲੱਖਾਂ ਮਣ ਅਨਾਜ ਦੂਜੇ ਦੇਸ਼ਾਂ ਨੂੰ ਤੇ ਬਹੁਤ ਸਾਰਾ ਇੰਗਲੈਂਡ ਨੂੰ ਭੇਜਿਆ ਜਾਂਦਾ ਹੈ। ਕਾਲ ਦੇ ਦਿਨਾਂ ਵਿਚ ਭੀ ਅਨਾਜ ਦੇਸ਼ ਤੋਂ ਬਾਹਰ ਜਾਣ ਤੇ ਨਹੀਂ ਰੋਕਿਆ ਜਾਂਦਾ, ਜਿਸ ਦੇਸ਼ ਵਿਚ ਕਾਲ ਪੈ ਰਿਹਾ ਹੋਵੇ ਤੇ ਅਨਾਜ ਬਾਹਰ ਭੇਜਿਆ ਜਾਵੇ, ਉਹ ਦੇਸ਼ ਦੀ ਮਾਲੀ ਹਾਲਤ ਵਿਚ ਜ਼ਰੂਰ ਕੋਈ ਗੜਬੜ ਹੈ। ਐਸੀ ਹਾਲਤ ਕਾਨੂੰਨ ਕੁਦਰਤ ਦੇ ਵਿਰੁਧ ਹੈ। ਅਨਾਜ ਦੇਸ਼ ਵਾਸਤੇ ਪੈਦਾ ਕੀਤਾ ਜਾਂਦਾ ਹੈ ਕਿ ਪਹਿਲਾਂ ਪੈਦਾ ਕਰਨ ਵਾਲੇ ਜ਼ਿਮੀਦਾਰ ਤੇ ਮਜ਼ਦੂਰ ਆਪ ਪੇਟ ਭਰ ਕੇ ਖਾਣ ਤੇ ਕਮਜ਼ੋਰ ਮਣਖੱਟੂ ਹਾਕਮਾਂ ਨੂੰ ਪਿਛੋਂ ਦੇਖਿਆ ਜਾਵੇ ਮਗਰ ਹਿੰਦੁਸਤਾਨ ਵਿਚ ਅੰਗਰੇਜ਼ੀ ਹਾਕਮ ਤੇ ਵਕੀਲ ਤੇ ਹੋਰ ਪੈਸੇ ਵਾਲੇ ਲੋਕ ਆਪਣਾ ਹਿੱਸਾ ਪਹਿਲਾਂ ਅਲੱਗ ਕਰਵਾ ਲੈਂਦੇ ਹਨ ਤੇ ਅਨਾਜ ਪੈਦਾ ਕਰਨ ਵਾਲੇ ਗ਼ਰੀਬ ਲੋਕ ਭੁੱਖੇ ਮਰਦੇ ਹਨ। ਇਸ ਹਨੇਰਗਰਦੀ ਨੂੰ ਦੂਰ ਕਰਨ ਲਈ ਛੇਤੀ ਹੀ ਸਾਰੇ ਹਿੰਦੁਸਤਾਨੀਆਂ ਨੂੰ ਮਿਲ ਕੇ ਬੜਾ ਭਾਰੀ ਗ਼ਦਰ ਕਰ ਦੇਣਾ ਚਾਹੀਦਾ ਹੈ। ਕਿਤਨੇ ਸਾਲਾਂ ਵਿਚ ਕਿਤਨੇ ਮਣ ਚੌਲ ਬਾਹਰ ਗਏ ਹਨ।

| ਕੀਮਤ | ਕਿੰਨਾ ਵਜਨ | ਸਾਲ |
|---|---|---|
| 18 ਕਰੋੜ 79 ਲੱਖ ਰੁਪਏ | ਸਾਢੇ 23 ਲੱਖ ਟਨ | 1902 |
| 18 ਕਰੋੜ 95 ਲੱਖ ਰੁਪਏ | ਸਾਢੇ 22 ਲੱਖ ਟਨ | 1903 |
| 19 ਕਰੋੜ 47 ਲੱਖ ਰੁਪਏ | ਸਾਢੇ 24 ਲੱਖ ਟਨ | 1904 |
| 19 ਕਰੋੜ 11 ਲੱਖ ਰੁਪਏ | 21 ਲੱਖ ਟਨ | 1905 |
| 19 ਕਰੋੜ 33 ਲੱਖ ਰੁਪਏ | 19 ਲੱਖ ਟਨ | 1906 |
| 20 ਕਰੋੜ 16 ਲੱਖ ਰੁਪਏ | ਸਾਢੇ 21 ਲੱਖ ਟਨ | 1907 |
| 15 ਕਰੋੜ 72 ਲੱਖ ਰੁਪਏ | 15 ਲੱਖ ਟਨ | 1908 |

## ਅੰਗਾਂ ਦੀ ਗਵਾਹੀ

*(27 ਜਨਵਰੀ 1914 ਨੂੰ ਛਪਿਆ)*

### ਹਿੰਦੁਸਤਾਨ ਤੋਂ ਦਾਣਿਆਂ ਦਾ ਬਾਹਰ ਜਾਣਾ

ਜਿਸ ਦੇਸ਼ ਵਿਚ ਕੁਦਰਤ ਨੇ ਆਪਣੀ ਮਿਹਰਬਾਨੀ ਨਾਲ ਸਾਰੀਆਂ ਚੀਜ਼ਾਂ ਪੈਦਾ ਕੀਤੀਆਂ ਹੋਣ, ਜ਼ਮੀਨ ਸੋਨਾ ਉਗਲਦੀ ਹੋਵੇ, ਉਸ ਦੇਸ਼ ਵਿਚ ਕਾਲ ਦਾ ਕੀ ਕੰਮ? ਐਸੇ ਦੇਸ਼ ਵਿਚ ਨੰਗ ਭੁੱਖ ਨਹੀਂ ਹੋਣੀ ਚਾਹੀਦੀ। ਐਸਾ ਦੇਸ਼ ਸਾਰੀ ਦੁਨੀਆਂ ਨੂੰ ਅੰਨ ਦੇ ਸਕਦਾ ਹੈ। ਪਰ ਅੱਜ ਇਹ ਹਾਲ ਹੈ ਕਿ ਹਿੰਦੁਸਤਾਨ ਦੇ ਹੀ ਬੱਚਿਆਂ ਨੂੰ ਰੋਟੀ ਨਹੀਂ ਮਿਲਦੀ। ਪਰਦੇਸਾਂ ਵਿਚ ਧੱਕੇ ਖਾਂਦੇ ਹਨ। ਕਾਲ ਵਿਚ ਭੁੱਖ ਦੇ ਦੱਬ ਨਾਲ ਮਰਦੇ ਹਨ। ਇਸ ਦੀ ਕੀ ਵਜ੍ਹਾ ਹੈ ਕਿ ਹਿੰਦੁਸਤਾਨ ਦੇਵਤਿਆਂ ਦੀ ਭੂਮੀ ਵਿਚ ਰੋਟੀ ਭੀ ਨਾ ਮਿਲੇ। ਉਹ ਹਿੰਦੁਸਤਾਨ ਜਿਥੇ ਦੁੱਧ ਦੀਆਂ ਨਦੀਆਂ ਤੇ ਅਨਾਜ ਦੇ ਢੇਰਾਂ ਦੇ ਢੇਰ ਲੱਗੇ ਰਹਿੰਦੇ ਹਨ, ਪੰਜ ਮਣ ਅਨਾਜ ਇਕ ਰੁਪਏ ਦਾ ਤੇ ਵੀਹ ਸੇਰ ਘੀ ਇਕ ਰੁਪਏ ਦਾ ਹੁੰਦਾ ਸੀ, ਅੱਜ ਕੱਲ੍ਹ ਕਾਲ ਉਸ ਪਰ ਕਿਉਂ ਪੈਂਦੇ ਹਨ। ਅਸੀਂ ਅੱਜ ਪਿਆਰੇ ਭਾਈਆਂ ਨੂੰ ਅੰਗਾਂ ਦੀ ਗਵਾਹੀ ਨਾਲ ਦੁੱਧ ਭਰੀਆਂ ਨਜ਼ਰਾਂ ਦਿਖਾਉਂਦੇ ਹਾਂ ਜਿਸ ਤੇ ਉਨ੍ਹਾਂ ਨੂੰ ਬੜੀ ਸ਼ਰਮ ਆਉਂਦੀ ਹੈ। ਲੋਕਾਂ ਨੂੰ ਮਾਲੂਮ ਨਹੀਂ ਹੈ ਕਿ ਹਿੰਦੁਸਤਾਨ ਤੋਂ ਕਿਤਨਾ ਅਨਾਜ ਹੋਰ ਦੇਸ਼ਾਂ ਨੂੰ ਤੇ ਇੰਗਲੈਂਡ ਨੂੰ ਜਾਂਦਾ ਹੈ। ਜਿਸ ਦੇਸ਼ ਵਿਚ ਕਾਲ ਪੈਂਦਾ ਹੈ, ਉਸ ਦੇਸ਼ ਵਿਚੋਂ ਰੇਲਾਂ ਦੀਆਂ ਰੇਲਾਂ ਅਨਾਜ ਦੂਜੇ ਮੁਲਕਾਂ ਨੂੰ ਭੇਜਿਆ ਜਾਂਦਾ, ਉਥੇ ਦੀ ਖਲਕਤ ਨੂੰ ਤਾਂ ਰੋਟੀ ਭੀ ਖਾਣ ਨੂੰ ਨਹੀਂ ਮਿਲਦੀ ਤੇ ਦੂਜੇ ਦੇਸ਼ਾਂ ਵਾਲੇ ਆਨੰਦ ਲੁੱਟਦੇ ਹਨ। ਇਸੇ ਤਰ੍ਹਾਂ ਰੂਸ ਵਿਚੋਂ ਹਰ ਸਾਲ ਲੱਖਾਂ ਮਣ ਅਨਾਜ ਬਾਹਰ ਭੇਜ ਦਿੱਤਾ ਜਾਂਦਾ ਹੈ। ਜ਼ਿਮੀਦਾਰ ਤੇ ਮਜ਼ਦੂਰ ਵਿਚਾਰੇ ਭੁੱਖੇ ਮਰਦੇ ਹਨ। ਇਸੇ ਤਰ੍ਹਾਂ ਹਿੰਦੁਸਤਾਨ ਵਿਚੋਂ ਰੇਲਾਂ ਦੀਆਂ ਰੇਲਾਂ ਅਨਾਜ ਦੀਆਂ ਬਾਹਰ ਭੇਜ ਦਿੱਤੀਆਂ ਜਾਂਦੀਆਂ ਹਨ ਅਤੇ ਹਿੰਦੁਸਤਾਨੀ ਵਿਚਾਰੇ ਫਾਕਿਆਂ ਨਾਲ ਮਰ ਜਾਂਦੇ ਹਨ। ਅਸੀਂ ਲਿਖ ਕੇ ਦਸ ਸਕਦੇ ਹਾਂ ਕਿ ਕਿਸ ਤਰ੍ਹਾਂ ਕਣਕ ਹਿੰਦੁਸਤਾਨ ਵਿਚੋਂ ਬਾਹਰ ਜਾਂਦੀ ਹੈ:

| ਕੀਮਤ | ਕਿੰਨੀ ਕਣਕ ਬਾਹਰ ਗਈ | ਸਾਲ |
|---|---|---|
| 4 ਕਰੋੜ 53 ਲੱਖ ਰੁਪਏ | 5 ਲੱਖ 14 ਹਜ਼ਾਰ ਟਨ | 1902 |
| 11 ਕਰੋੜ 8 ਲੱਖ ਰੁਪਏ | 12 ਲੱਖ 95 ਹਜ਼ਾਰ ਟਨ | 1903 |
| 17 ਕਰੋੜ 91 ਲੱਖ ਰੁਪਏ | 21 ਲੱਖ 50 ਹਜ਼ਾਰ ਟਨ | 1904 |
| 8 ਕਰੋੜ 53 ਲੱਖ ਰੁਪਏ | 9 ਲੱਖ 37 ਹਜ਼ਾਰ ਟਨ | 1905 |
| 7 ਕਰੋੜ 25 ਲੱਖ ਰੁਪਏ | 8 ਲੱਖ 37 ਹਜ਼ਾਰ ਟਨ | 1906 |
| 8 ਕਰੋੜ 59 ਲੱਖ ਰੁਪਏ | 8 ਲੱਖ 80 ਹਜ਼ਾਰ ਟਨ | 1907 |
| 1 ਕਰੋੜ 34 ਲੱਖ ਰੁਪਏ | 1 ਲੱਖ 9 ਹਜ਼ਾਰ ਟਨ | 1908 |
| 12 ਕਰੋੜ 78 ਲੱਖ ਰੁਪਏ | 10 ਲੱਖ 50 ਹਜ਼ਾਰ ਟਨ | 1909 |
| 12 ਕਰੋੜ 96 ਲੱਖ ਰੁਪਏ | 12 ਲੱਖ 66 ਹਜ਼ਾਰ ਟਨ | 1910 |
| 13 ਕਰੋੜ 35 ਲੱਖ ਰੁਪਏ | 13 ਲੱਖ 61 ਹਜ਼ਾਰ ਟਨ | 1911 |

ਸੋਚ ਕਰੋ ਕਿ ਹਰ ਸਾਲ ਕਿਤਨੀ ਕਣਕ ਹਿੰਦੁਸਤਾਨ ਤੋਂ ਬਾਹਰ ਜਾਂਦੀ ਹੈ ਅਤੇ ਦੇਸ਼ ਦੇ ਅੰਦਰ ਇਸ ਵੇਲੇ ਸੱਤ ਕਰੋੜ ਤੋਂ ਜ਼ਿਆਦਾ ਭਾਈਆਂ ਨੂੰ ਇਕ ਡੰਗ ਦੀ ਰੋਟੀ ਭੀ ਰੱਜ ਕੇ ਨਹੀਂ ਮਿਲਦੀ। ਇਸ ਅਚੰਭੇ ਦਾ ਕੀ ਕਾਰਨ ਹੈ? ਅੰਗਰੇਜ਼ੀ ਗਵਰਨਮੈਂਟ ਦਾ ਲਗਾਨ ਦੇਣ ਦੀ ਖਾਤਿਰ ਵਿਚਾਰੇ ਜ਼ਿੰਮੀਂਦਾਰਾਂ ਨੂੰ ਬਹੁਤ ਸਾਰੀ ਫਸਲ ਵੇਚ ਦੇਣੀ ਪੈਂਦੀ ਹੈ ਜਿਸ ਕਰਕੇ ਉਨ੍ਹਾਂ ਦੇ ਕੋਲ ਆਪਣੇ ਬਾਲ ਬੱਚੇ ਦੀ ਜ਼ਰੂਰਤ ਵਾਸਤੇ ਪੂਰਾ ਅਨਾਜ ਭੀ ਨਹੀਂ ਬਚਦਾ। ਇਸ ਤਰ੍ਹਾਂ ਕਈ ਢੰਗਾਂ ਦੇ ਨਾਲ ਸਾਰਾ ਰੁਪਿਆ ਇੰਗਲੈਂਡ ਪਹੁੰਚ ਜਾਂਦਾ ਹੈ। ਹਿੰਦੁਸਤਾਨ ਤੋਂ ਜੋ ਰੁਪਿਆ ਇੰਗਲੈਂਡ ਨੂੰ ਜਾਂਦਾ



*ਅੰਗਰੇਜ਼ਾਂ ਦੇ ਰਾਜ ਦੌਰਾਨ ਮਦਰਾਸ ਵਿਚ ਪਏ ਕਾਲ (1877) ਦੀ ਤਸਵੀਰ।*

ਹੈ, ਉਹ ਚਾਂਦੀ ਜਾਂ ਨਕਦ ਦੀ ਸ਼ਕਲ ਵਿਚ ਨਹੀਂ ਜਾਂਦਾ ਸਗੋਂ ਰੇਉੜੀ ਦੇ ਫੇਰ ਵਾਂਗ ਘੁੰਮ ਕੇ ਜਾਂਦਾ ਹੈ ਜਿਸ ਕਰਕੇ ਸਾਡਾ ਸਤਿਆਨਾਸ਼ ਬਹੁਤ ਛੇਤੀ ਛੇਤੀ ਹੋ ਜਾਂਦਾ ਹੈ, ਅਥਵਾ ਕਣਕ ਤੇ ਕਪਾਹ ਦੀ ਸੂਰਤ ਵਿਚ ਪਹਿਲਾਂ ਸਾਡੀ ਪੈਦਾਵਾਰ ਇੰਗਲੈਂਡ ਜਾਂਦੀ ਹੈ, ਉਸ ਦੇ ਬਦਲੇ ਜੋ ਰੁਪਿਆ ਮਿਲਦਾ ਹੈ, ਉਹ ਲਗਾਨ ਦੇ ਰਸਤੇ ਇੰਗਲੈਂਡ ਨੂੰ ਜਾਂਦਾ ਹੈ। ਜੇ ਕੋਈ ਪੈਸਾ ਬਾਕੀ ਬਚ ਰਹਿੰਦਾ ਹੈ ਤਾਂ ਉਹ ਅਸੀਂ ਕਪਾਹ ਦੇ ਬੁਣੇ ਹੋਏ ਕੱਪੜੇ ਇੰਗਲੈਂਡ ਤੋਂ ਸਾਡੇ ਦੇਸ਼ ਵਿਚ ਵੇਚ ਕੇ ਇਸ ਢੰਗ ਨਾਲ ਕੱਢ ਲੈਂਦੇ ਹਨ। ਸਾਰੇ ਹੀ ਪਰਦੇਸੀ ਜ਼ਾਲਮ ਰਾਜੇ ਦੂਜੇ ਗ਼ਰੀਬ ਨੂੰ ਇਸ ਹੀ ਢੰਗ ਨਾਲ ਲੁਟਦੇ ਹਨ ਯਾਨੀ ਕਿ ਪੈਦਾਵਾਰ ਦੇ ਰਸਤੇ ਹਿੰਦੁਸਤਾਨ ਦੀ ਕਣਕ ਕਿਧਰ ਜਾਂਦੀ ਹੈ।

ਹੁਣ ਦੂਜੇ ਨਕਸ਼ੇ 'ਤੇ ਵਿਚਾਰ ਕਰਨ ਤੋਂ ਮਾਲੂਮ ਹੋਵੇਗਾ ਕਿ ਇਹ ਅਨਾਜ ਕਿਧਰ ਜਾਂਦਾ ਹੈ। ਜਵਾਬ ਮਿਲਦਾ ਹੈ, ਇੰਗਲੈਂਡ ਨੂੰ। ਹੇਠਾਂ ਲਿਖੇ ਅੰਕ ਦਸਦੇ ਹਨ ਕਿ ਜਿਤਨਾ ਅਨਾਜ ਦੇਸ਼ ਵਿਚੋਂ ਬਾਹਰ ਜਾਂਦਾ ਹੈ, ਉਸ ਵਿਚੋਂ ਕਿੰਨਾ ਇੰਗਲੈਂਡ ਨੂੰ ਜਾਂਦਾ ਹੈ:

| ਇਸ ਵਿਚੋਂ ਕਿਤਨੀ ਕਣਕ ਇੰਗਲੈਂਡ ਜਾਂਦੀ ਹੈ | ਕੁਲ ਕਿਤਨੀ ਕਣਕ ਦੇਸ਼ ਤੋਂ ਬਾਹਰ ਜਾਂਦੀ ਹੈ | ਸਾਲ |
|---|---|---|
| 7 ਲੱਖ 71 ਹਜ਼ਾਰ ਟਨ | 8 ਲੱਖ 80 ਹਜ਼ਾਰ ਟਨ | 1907 |
| 1 ਲੱਖ ਟਨ | 1 ਲੱਖ 9 ਹਜ਼ਾਰ ਟਨ | 1908 |
| 8 ਲੱਖ 81 ਹਜ਼ਾਰ ਟਨ | 10 ਲੱਖ 50 ਹਜ਼ਾਰ ਟਨ | 1909 |
| 10 ਲੱਖ 43 ਹਜ਼ਾਰ ਟਨ | 12 ਲੱਖ 66 ਹਜ਼ਾਰ ਟਨ | 1910 |
| 10 ਲੱਖ 33 ਹਜ਼ਾਰ ਟਨ | 13 ਲੱਖ 61 ਹਜ਼ਾਰ ਟਨ | 1911 |

ਸਾਫ ਦਿਸ ਰਿਹਾ ਹੈ ਕਿ ਜੋ ਕਣਕ ਹਿੰਦੁਸਤਾਨ ਤੋਂ ਬਾਹਰ ਜਾਂਦੀ ਹੈ, ਉਸ ਦਾ ਵੱਡਾ ਹਿੱਸਾ ਇੰਗਲੈਂਡ ਪਹੁੰਚਦਾ ਹੈ ਅਤੇ ਥੋੜ੍ਹੀ ਕਣਕ ਦੂਜੇ ਦੇਸ਼ਾਂ ਨੂੰ ਜਾਂਦੀ ਹੈ। ਇਹ ਅੰਕ ਦਸ ਰਹੇ ਹਨ ਕਿ ਗ਼ਰੀਬ ਹਿੰਦੁਸਤਾਨੀਆਂ ਦਾ ਪੇਟ ਕਿਹੜੇ ਪਾਜੀਆਂ ਖਾਤਿਰ ਕੱਟਿਆ ਜਾਂਦਾ ਹੈ। ਹਿੰਦੁਸਤਾਨੀਆਂ ਨੂੰ ਭੁੱਖੇ ਮਾਰ ਕੇ ਇਨ੍ਹਾਂ ਦਾ ਪੇਟ ਭਰਿਆ ਜਾਂਦਾ ਹੈ। ਜ਼ਾਲਮ ਅੰਗਰੇਜ਼ਾਂ ਦਾ ਇਹ ਕੋਈ ਮਾਮੂਲੀ ਸੁਦਾਗਰੀ ਦਾ ਕੰਮ ਨਹੀਂ ਹੈ, ਸਗੋਂ ਭਾਰੀ ਲੁੱਟ ਹੋ ਰਹੀ ਹੈ, ਜੋ 'ਗਦਰ' ਤੋਂ ਬਗੈਰ ਨਹੀਂ ਰੁਕੇਗੀ।

# ਸਿੱਖ ਪੰਥ ਅਤੇ ਪ੍ਰਭਸ਼ਰਨਦੀਪ ਸਿੰਘ ਦੇ ਨੁਕਤੇ

## ਪ੍ਰਤੀਕਰਮ

***ਸਿੱਖ ਬੁੱਧੀਜੀਵੀ ਪ੍ਰਭਸ਼ਰਨਦੀਪ ਸਿੰਘ ਨੇ ਪੰਜਾਬ ਟਾਈਮਜ਼ ਵਿਚ ਕੁਝ ਹਫਤੇ ਪਹਿਲਾਂ ਛਪੇ ਆਪਣੇ ਲੇਖ ਵਿਚ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ 'ਤੇ ਵਿਚਾਰ-ਚਰਚਾ ਕਰਦਿਆਂ ਕੁਝ ਗੰਭੀਰ ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਦੀ ਚਰਚਾ ਨੂੰ ਅੱਗੇ ਤੋਰਦਿਆਂ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਕੁਝ ਟਿੱਪਣੀਆਂ ਕਰਦਿਆਂ ਸਵਾਲ ਕੀਤਾ ਹੈ, "ਕੀ ਧਰਮ ਨੂੰ ਸਿਆਸਤ ਵਾਸਤੇ ਵਰਤਣ ਵਾਲੇ ਸਿਆਸਤਦਾਨ ਅਤੇ ਬੁੱਧੀਜੀਵੀ ਇਸ ਸਾਦਾ ਜਿਹੀ ਸਿੱਖ ਭਾਵਨਾ ਨੂੰ ਧਿਆਨ ਵਿਚ ਰੱਖਣ ਲਈ ਤਿਆਰ ਹਨ?" -ਸੰਪਾਦਕ***

ਸਿੱਖ ਮਸਲਿਆਂ ਬਾਰੇ ਲਿਖਣ ਵਾਲੇ ਮੇਰੇ ਸਮਕਾਲੀ ਸਿੱਖ ਲੇਖਕਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਅਤੇ ਉਨ੍ਹਾਂ ਵਿਚੋਂ ਸੰਵਾਦ ਰਚਾਉਣ ਵਾਲਿਆਂ ਦੀ ਗਿਣਤੀ ਹੋਰ ਵੀ ਥੋੜ੍ਹੀ ਹੈ। ਜਿਹੋ ਜਿਹੀ ਚਰਚਾ ਪ੍ਰਭਸ਼ਰਨਬੀਰ ਸਿੰਘ ਅਤੇ ਕਰਮਜੀਤ ਸਿੰਘ ਨੇ ਸ਼ੁਰੂ ਕੀਤੀ ਹੈ, ਇਹੋ ਜਿਹਾ ਯਤਨ ਪਹਿਲਾਂ ਵੀ 'ਪੰਜਾਬ ਟਾਈਮਜ਼' ਵਲੋਂ ਹੋ ਚੁਕਾ ਹੈ ਅਤੇ ਓਹੀ "ਸਿੱਖ ਕੌਮ: ਹਸਤੀ ਤੇ ਹੋਣੀ" (ਚੇਤਨਾ ਪ੍ਰਕਾਸ਼ਨ, 2012) ਵਜੋਂ ਛਪਿਆ ਹੋਇਆ ਪ੍ਰਾਪਤ ਹੈ। ਉਸ ਪੁਸਤਕ ਵਿਚ ਇਨ੍ਹਾਂ ਦੋਹਾਂ ਵਿਦਵਾਨਾਂ ਸਮੇਤ ਦੋ ਦਰਜਨ ਵਿਦਵਾਨਾਂ ਦੇ ਵਿਚਾਰ ਸ਼ਾਮਲ ਹਨ। ਚੰਗਾ ਹੁੰਦਾ ਜੇ ਚਰਚਾ ਉਸ ਪੁਸਤਕ ਦੇ ਹਵਾਲੇ ਨਾਲ ਅੱਗੇ ਤੋਰੀ ਜਾਂਦੀ।



ਮਸਲਾ ਉਦੋਂ ਵੀ ਇਹੀ ਸੀ ਅਤੇ ਅਜਮੇਰ ਸਿੰਘ ਉਸ ਚਰਚਾ ਵਿਚ ਸ਼ਾਮਲ ਹੀ ਨਹੀਂ ਸੀ ਹੋਇਆ। ਉਸ ਦੇ ਪ੍ਰਸ਼ੰਸਕਨੁਮਾ ਪਾਠਕ ਉਸ ਦੇ ਹੱਕ ਵਿਚ ਓਹੋ ਜਿਹੀ ਭੂਮਿਕਾ ਨਿਭਾਉਣ ਦਾ ਭਰਮ ਪਾਲ ਰਹੇ ਸਨ, ਜਿਹੋ ਜਿਹੀ ਕਿਸੇ ਵੇਲੇ ਮਾਰਕਸ ਨੂੰ ਆਮ ਬੰਦੇ ਤੱਕ ਲੈ ਕੇ ਜਾਣ ਵਾਸਤੇ ਲੈਨਿਨ ਨੇ ਨਿਭਾਈ ਸੀ। ਪੁਸਤਕ ਵਿਚ ਉਨ੍ਹਾਂ ਸਾਰਿਆਂ ਨੂੰ ਇਸ ਆਸ ਨਾਲ ਸ਼ਾਮਲ ਕੀਤਾ ਗਿਆ ਸੀ ਕਿ ਚਰਚਾ ਵਿਚ ਧਿਰ ਹੋ ਗਿਆਂ ਨੂੰ ਲੈ ਕੇ ਪੰਥਕ ਰਾਏ ਬਣਾਉਣ ਵਾਸਤੇ ਲੋੜ ਪੈਣ 'ਤੇ ਮਦਦ ਮਿਲ ਸਕੇ। ਸਿੱਖ ਭਾਈਚਾਰਾ ਪੁਸਤਕ ਕਲਚਰ ਤੋਂ ਮਹਿਰੂਮ ਹੈ ਤੇ ਆਪਣੇ ਵਹਿਣ 'ਚ ਵਹਿੰਦਿਆਂ ਨੂੰ ਇਸ ਦੀ ਸ਼ਾਇਦ ਲੋੜ ਹੀ ਨਹੀਂ ਹੈ।

**ਪ੍ਰੋ. ਬਲਕਾਰ ਸਿੰਘ ਪਟਿਆਲਾ**
**ਫੋਨ: +91-93163-01328**

ਮਸਲਾ ਇਹ ਨਹੀਂ ਕਿ ਅਸੀਂ ਇਕ ਦੂਜੇ ਵਾਂਗ ਕਿਉਂ ਨਹੀਂ ਸੋਚਦੇ, ਸਗੋਂ ਮਸਲਾ ਇਹ ਹੈ ਕਿ ਅਸੀਂ ਧਰਮ ਅਤੇ ਸਿਆਸਤ ਨੂੰ ਕਿਉਂ ਉਲਝਾ ਰਹੇ ਹਾਂ? ਜਿਹੋ ਜਿਹੇ ਉਲਝਾ ਦੀ ਸਿਆਸਤ ਸਿੱਖ ਸਿਆਸਤਦਾਨ ਕਰੀ ਜਾ ਰਹੇ ਹਨ, ਉਹੋ ਜਿਹੇ ਉਲਝਾ ਦੀ ਸਿਆਸਤ ਅਜਮੇਰ ਸਿੰਘ ਦੀਆਂ ਪੁਸਤਕਾਂ ਕਰੀ ਜਾ ਰਹੀਆਂ ਹਨ ਅਤੇ ਉਸੇ ਹਵਾਲੇ ਨਾਲ ਚਰਚਾ ਸ਼ੁਰੂ ਹੋ ਗਈ ਹੈ। ਜਿਨ੍ਹਾਂ ਨੂੰ ਬਰਗਾੜੀ ਦਾ ਮੋਰਚਾ ਅਤੇ ਪੰਥਕ ਅਸੈਂਬਲੀ ਇਕ ਦੂਜੇ ਦੇ ਵਿਰੋਧ ਵਿਚ ਭੁਗਤਦੇ ਨਜ਼ਰ ਆਉਂਦੇ ਹਨ, ਉਨ੍ਹਾਂ ਨੂੰ ਕੌਣ ਦੱਸੇ ਕਿ ਦੋਹਾਂ ਵਿਚ ਹਿੱਸਾ ਲੈਣ ਵਾਲੇ ਜੇ ਬਹੁਗਿਣਤੀ ਵਿਚ ਸਨ ਤਾਂ ਦੋਹਾਂ ਦਾ ਅਪਹਰਣ ਘਟ ਗਿਣਤੀ ਕਿਉਂ ਕਰੀ ਫਿਰਦੀ ਹੈ? ਮਸਲਾ ਇਹ ਹੈ ਕਿ ਧਰਮ ਦੇ ਨਾਂ 'ਤੇ ਇਕੱਠੇ ਹੋਣ ਵਾਲੇ ਸਿੱਖ ਸਿਆਸਤਦਾਨਾਂ ਵਾਂਗ ਭਾਸ਼ਣਬਾਜੀ ਕਰਕੇ ਜਿਧਰ ਮੂੰਹ ਆਇਆ, ਉਧਰ ਕਿਉਂ ਤੁਰ ਜਾਂਦੇ ਹਨ? ਜਿਹੜੀ ਗੱਲ ਸਿੱਖ ਆਸਥਾ ਨੂੰ ਸਮਝ ਆ ਗਈ ਹੈ, ਉਹ ਸਿੱਖ ਸਿਆਸਤਦਾਨਾਂ ਨੂੰ ਸਮਝ ਕਿਉਂ ਨਹੀਂ ਆਉਂਦੀ? ਮੈਨੂੰ ਫਿਕਰ ਹੈ ਕਿ ਬਰਗਾੜੀ ਵਾਲਾ ਸਿੱਖ ਆਸਥਾ ਦਾ ਸੁੱਚਾ ਉਭਾਰ ਕਿਧਰੇ ਚੱਬੇ ਵਾਲੇ ਸਰਬੱਤ ਖਾਲਸਾ ਵਾਲੇ ਰਾਹ ਨਾ ਪੈ ਜਾਵੇ?

ਪ੍ਰਭਸ਼ਰਨਬੀਰ ਅਤੇ ਕਰਮਜੀਤ ਸਿੰਘ ਬਰਗਾੜੀ ਨੂੰ ਸਰਬੱਤ ਖਾਲਸਾ ਦੀ ਨਿਰੰਤਰਤਾ ਨਾ ਕੇਵਲ ਵੇਖ ਰਹੇ ਹਨ, ਸਗੋਂ ਇਹੀ ਸਾਬਤ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੇ। ਇਸੇ ਨੂੰ ਮੈਂ ਧਰਮ ਵੱਲੋਂ ਸਿਆਸਤ ਨੂੰ ਅਤੇ ਸਿਆਸਤ ਵੱਲੋਂ ਧਰਮ ਨੂੰ ਫੇਲ੍ਹ ਕਰਨ ਵਾਲੀ ਸਿੱਖ ਸਿਆਸਤ ਵਜੋਂ ਵੇਖ ਰਿਹਾ ਹਾਂ। ਅਜਮੇਰ, ਕਰਮਜੀਤ ਅਤੇ ਪ੍ਰਭਸ਼ਰਨ ਮੇਰੇ ਨਜ਼ਦੀਕੀ ਮਿੱਤਰ ਹਨ ਅਤੇ ਬੜੇ ਸਿਰੜ ਨਾਲ ਆਪੋ ਆਪਣੀ ਸਿਆਸਤ ਕਰੀ ਜਾ ਰਹੇ ਹਨ। ਇਸ ਵਿਚ ਵਾਧਾ ਇਹ ਹੈ ਕਿ ਲੋੜ ਪੈਣ 'ਤੇ ਧਰਮ ਅਤੇ ਅਕਾਦਮਿਕਤਾ ਦੀ ਆੜ ਵਿਚ ਇਕ ਦੂਜੇ ਦੇ ਨਾਲ ਵੀ ਹੋ ਜਾਂਦੇ ਹਨ ਅਤੇ ਇਕ ਦੂਜੇ ਦੇ ਵਿਰੁਧ ਵੀ ਹੋ ਜਾਂਦੇ ਹਨ।

ਮਸਲਾ ਇਸ ਵੇਲੇ ਇਹੀ ਹੈ ਕਿ ਸਿੱਖ ਸਿਆਸਤਦਾਨਾਂ ਤੋਂ ਸਿੱਖ ਸੰਸਥਾਵਾਂ ਨੂੰ ਕਿਵੇਂ ਬਚਾਉਣਾ ਹੈ? ਸਿੱਖ ਸਿਆਸਤ ਦਾ ਮੋਢੀ ਬਾਬਾ ਬੰਦਾ ਸਿੰਘ ਬਹਾਦਰ ਹੈ ਅਤੇ ਸਿੱਖ ਸੰਸਥਾਵਾਂ ਨੂੰ ਸਿਆਸਤ ਵਾਸਤੇ ਵਰਤਣ ਦਾ ਮੋਢੀ ਮਹਾਰਾਜਾ ਰਣਜੀਤ ਸਿੰਘ ਹੈ। ਲੋੜ ਪੈਣ 'ਤੇ ਇਸ ਦਾ ਵਿਸਥਾਰ ਵੀ ਦਿੱਤਾ ਜਾ ਸਕਦਾ ਹੈ। ਸਿੱਖ ਸੰਸਥਾਵਾਂ ਦੇ ਸਿਆਸੀ ਅਪਹਰਣ ਦੀ ਸਥਿਤੀ ਬਾਦਲਕਿਆਂ ਤੱਕ ਪਹੁੰਚ ਕੇ ਇਸ ਹੱਦ ਤੱਕ ਉਲਝ ਗਈ ਹੈ ਕਿ ਸੁਲਝਾਉਣ ਦੀ ਕੋਸ਼ਿਸ਼ ਵੀ ਉਲਝਾਉਣ ਵਿਚ ਹੀ ਵਾਧਾ ਕਰੀ ਜਾ ਰਹੀ ਹੈ। ਹਾਲਤ ਇਥੋਂ ਤੱਕ ਪਹੁੰਚ ਗਈ ਹੈ ਕਿ ਇਕੱਲੇ ਇਕੱਲੇ ਸਿੱਖ ਵੀ ਆਪੋ ਆਪਣੀ ਸੁੰਢ ਦੀ ਗੰਢੀ ਵਰਗੀ ਸਿਆਸਤ ਦਾ ਮਾਲਕ ਹੋਣ ਦਾ ਭਰਮ ਪਾਲੀ ਜਾ ਰਹੇ ਹਨ। ਉਨ੍ਹਾਂ ਨੂੰ ਕੌਣ ਦੱਸੇ ਕਿ ਜੋ ਪ੍ਰਾਪਤ ਹੈ, ਉਸ ਨੂੰ ਢਾਹੁਣ ਤੋਂ ਪਹਿਲਾਂ ਉਸ ਦਾ ਬਦਲ ਉਸਾਰਨਾ ਜ਼ਰੂਰੀ ਹੈ। ਇਹੋ ਜਿਹੀ ਇਕਹਿਰੀ ਸਿਆਸਤ ਵਾਸਤੇ ਮਸਲੇ ਬਣਾ ਲੈਣ ਦੀ ਚਾਲਾਕੀ ਨੂੰ ਘਟੋ ਘਟ ਸਿੱਖੀ ਸਮਝਣਾ ਤਾਂ ਬੰਦ ਕਰ ਦੇਣਾ ਚਾਹੀਦਾ ਹੈ।

ਹਾਲਤ ਇਹ ਹੋ ਗਈ ਹੈ ਕਿ ਸਿੱਖਾਂ ਦੇ ਲਹੂ ਵਿਚ ਨਹਾਉਣ ਵਾਲੀ ਸਿਆਸਤ ਨੂੰ ਵੀ ਪੰਥਕ ਰੰਗ ਵਿਚ ਰੰਗ ਕੇ ਪੇਸ਼ ਕਰਨ ਦੀ ਵਧੀਕੀ ਹੋਈ ਜਾ ਰਹੀ ਹੈ। ਇਸ ਨਾਲ ਸਿੱਖੀ ਦੇ ਹਮਦਰਦਾਂ ਦਾ ਘੇਰਾ ਘਟਦਾ ਜਾ ਰਿਹਾ ਹੈ। ਕਿਸੇ ਵੇਲੇ ਪੰਜਾਬ ਦੇ ਹਿੰਦੂਆਂ ਵਿਚ ਵੱਡੇ ਪੁੱਤਰ ਨੂੰ ਸਿੱਖ ਬਣਾਉਣ ਦੀ ਪਰੰਪਰਾ ਸੀ ਅਤੇ ਹੁਣ ਸਿੱਖ ਘਰਾਂ ਵਿਚ ਹੀ ਸਿੱਖ ਪਛਾਣ ਗੁੰਮਦੀ ਜਾ ਰਹੀ ਹੈ। ਕਿਸੇ ਵੇਲੇ ਪੰਜਾਬੀ ਸਭਿਆਚਾਰ ਨੂੰ ਸਿੱਖ ਸਭਿਆਚਾਰ ਨੇ ਪ੍ਰਭਾਵਿਤ ਕੀਤਾ ਸੀ ਅਤੇ ਇਸ ਵੇਲੇ ਪੰਜਾਬੀ ਸਭਿਆਚਾਰ ਦਾ ਪ੍ਰਭਾਵ ਸਿੱਖ ਸਭਿਆਚਾਰ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਇਸੇ ਦਾ ਸਿੱਟਾ ਹੈ ਕਿ ਬਾਣੀ ਦੇ ਸਿੱਖਾਂ ਦੀ ਥਾਂ ਇਤਿਹਾਸ ਦੇ ਸਿੱਖ ਹੋਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਬਾਣੀ ਦੇ ਸਿੱਖਾਂ ਦੇ ਪ੍ਰਤੀਨਿਧ ਸੰਤ ਹੋ ਗਏ ਹਨ ਅਤੇ ਇਤਿਹਾਸ ਦੇ ਸਿੱਖਾਂ ਦੇ ਪ੍ਰਤੀਨਿਧ ਸਿੱਖ ਸਿਆਸਤਦਾਨ ਹੋ ਗਏ ਹਨ। ਦੋਹਾਂ ਦੀ ਗਿਣਤੀ ਰਲਾ ਕੇ ਵੀ 5% ਨਹੀਂ ਬਣਦੀ। 95% ਦਾ 5% ਵਲੋਂ ਅਪਹਰਣ ਕਰ ਲੈਣ ਦੀ ਕਲਾ ਨੂੰ ਸਿੱਖ ਸਿਆਸਤ ਕਹਿ ਰਿਹਾ ਹਾਂ।

ਇਸ ਹਾਲਤ ਵਿਚ ਇਹ ਸੋਚੇ ਜਾਣ ਦੀ ਲੋੜ ਹੈ ਕਿ ਬਹੁ-ਸਭਿਆਚਾਰਕ ਪ੍ਰਸੰਗ ਵਿਚ ਸਿੱਖ ਸਰੋਕਾਰਾਂ ਨਾਲ ਜੁੜੀ ਹੋਈ, ਸਿੱਖ ਭਾਈਚਾਰੇ ਵਾਸਤੇ ਕਿਹੋ ਜਿਹੀ ਵਰਤੀ ਜਾਣ ਯੋਗ ਸਪੇਸ ਪ੍ਰਾਪਤ ਹੈ। ਵਿਦੇਸ਼ੀ ਪ੍ਰਸੰਗ ਵਿਚ ਸਿੱਖ ਸਿਆਸਤ ਵਾਸਤੇ ਸਫਲ ਕੈਨੇਡੀਅਨ ਮਾਡਲ ਨੂੰ ਜਿਸ ਤਰ੍ਹਾਂ ਖਾਲਿਸਤਾਨੀ ਪਹੁੰਚ ਤੋਂ ਕਿਨਾਰਾ ਕਰਨਾ ਪੈ ਰਿਹਾ ਹੈ, ਉਸ ਨੂੰ ਧਿਆਨ ਵਿਚ ਰੱਖ ਕੇ ਕੀਤੀ ਹੋਈ ਕੋਈ ਟਿੱਪਣੀ ਸਿਆਸਤਨੁਮਾ ਸਿੱਖ ਲੇਖਕਾਂ ਵਿਚੋਂ ਅਕਸਰ ਗੁੰਮ ਰਹਿੰਦੀ ਹੈ। ਖਾਲਿਸਤਾਨੀ ਸਿਆਸਤ ਦੇ ਜਿਹੋ ਜਿਹੇ ਹਵਾਲੇ ਲਿਖਤਾਂ ਵਿਚ ਆ ਗਏ ਹਨ, ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਕਹਿਣਾ ਚਾਹੁੰਦਾ ਹਾਂ ਕਿ ਬਾਦਲਕੇ ਇਸੇ ਦਾ ਹੀ ਖੱਟਿਆ ਖਾ ਰਹੇ ਹਨ। ਕਿਸ ਨੂੰ ਨਹੀਂ ਪਤਾ ਕਿ ਅਕਾਲੀ ਦਲ (ਅੰਮ੍ਰਿਤਸਰ) ਨੂੰ ਬਣਦਿਆਂ ਹੀ ਕਿਸ ਨੇ ਫੇਲ੍ਹ ਕੀਤਾ ਸੀ?

ਇਹ ਨਹੀਂ ਭੁੱਲਣਾ ਚਾਹੀਦਾ ਕਿ ਬਰਗਾੜੀ ਮੋਰਚੇ ਦਾ ਜਲੌਅ ਉਸ ਮਾਤਰਾ ਵਿਚ ਹੀ ਕਾਇਮ ਰਹਿਣਾ ਹੈ, ਜਿਸ ਮਾਤਰਾ ਵਿਚ ਬਰਗਾੜੀ ਮੋਰਚਾ ਸਿੱਖ ਸਿਆਸਤ ਤੋਂ ਬਚਿਆ ਰਹੇਗਾ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਬਰਗਾੜੀ ਮੋਰਚੇ ਨੇ ਕਿਸੇ ਕਿਸਮ ਦੇ ਸਿਆਸੀ ਬਦਲ ਦੀਆਂ ਨਹੀਂ, ਕੇਵਲ ਤੇ ਕੇਵਲ ਬਾਦਲ ਮੁਕਤ ਸ਼੍ਰੋਮਣੀ ਕਮੇਟੀ ਦੇ ਬਦਲ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਸਿੱਖ ਸਿਆਸਤ ਦੇ ਜਿੰਨੇ ਧੜੇ ਬਰਗਾੜੀ 'ਤੇ ਨਿਗਾਹਾਂ ਲਾਈ ਬੈਠੇ ਹਨ, ਉਨ੍ਹਾਂ ਤੋਂ ਉਖੜੇ ਹੋਏ ਬਾਦਲਕੇ ਵੀ ਕੋਈ ਖਤਰਾ ਮਹਿਸੂਸ ਨਹੀਂ ਕਰ ਰਹੇ। ਇਹੀ ਹਾਲ ਰਿਹਾ ਤਾਂ ਪੰਥਕ ਸਿਆਸਤ ਨੂੰ ਬਰਗਾੜੀ ਮੋਰਚੇ ਨਾਲ ਸੰਭਲਣ ਲਈ ਮਿਲ ਗਿਆ ਸੁਨਹਿਰੀ ਮੌਕਾ ਵੀ ਕਿਸੇ ਕੰਮ ਨਹੀਂ ਆਵੇਗਾ।

ਪੰਥਕਨੁਮਾ ਸਾਰੇ ਲੇਖਕਾਂ ਨੂੰ ਮੇਰੀ ਬੇਨਤੀ ਹੈ ਕਿ ਗੁਰੂ ਦੀ ਬਖਸ਼ੀ ਹੋਈ ਸੁਜੱਗਤਾ ਨੂੰ ਘਰ ਸੰਭਾਲਣ ਵਾਸਤੇ ਨਹੀਂ ਵਰਤਾਂਗੇ ਤਾਂ ਸਿੱਖ ਸੰਸਥਾਵਾਂ ਦੇ ਸਿਆਸੀ ਅਪਹਰਣ ਨੂੰ ਨਹੀਂ ਰੋਕ ਸਕਾਂਗੇ। ਬੇਗਾਨਿਆਂ ਦੀਆਂ ਵਧੀਕੀਆਂ ਨਾ ਪਹਿਲਾਂ ਸਿੱਖੀ ਦਾ ਕੁਝ ਵਿਗਾੜ ਸਕੀਆਂ ਹਨ ਅਤੇ ਨਾ ਅੱਗੋਂ ਕੁਝ ਵਿਗਾੜ ਸਕਣਗੀਆਂ, ਪਰ ਆਪਣਿਆਂ ਦੀਆਂ ਵਧੀਕੀਆਂ ਤੋਂ ਬਚਣ ਲਈ ਸਿੱਖ ਸਿਆਸਤਦਾਨਾਂ ਨੂੰ ਸਮਝਾਉਣਾ ਪਵੇਗਾ ਕਿ ਧਰਮ ਨੂੰ ਸਿਆਸਤ ਵਾਸਤੇ ਵਰਤਣਾ ਕਿਸੇ ਵੀ ਧਰਮ ਵਾਸਤੇ ਨਾ ਲਾਹੇਵੰਦ ਹੋਇਆ ਹੈ ਅਤੇ ਨਾ ਹੋ ਸਕੇਗਾ। ਧਰਮ ਦੀ ਸਿਆਸਤ ਵਾਸਤੇ ਕੀਤੀ ਹੋਈ ਬੇਕਿਰਕ ਵਰਤੋਂ ਬਾਦਲਕਿਆਂ ਨੂੰ ਜਿਥੋਂ ਤੱਕ ਲੈ ਗਈ ਹੈ, ਉਸ ਤੋਂ ਕੋਈ ਸਬਕ ਤਾਂ ਸਿੱਖ ਸਿਆਸਤਦਾਨਾਂ ਨੂੰ ਸਿੱਖ ਹੀ ਲੈਣਾ ਚਾਹੀਦਾ ਹੈ।

ਕਹਿਣਾ ਇਹ ਚਾਹੁੰਦਾ ਹਾਂ ਕਿ ਜਦੋਂ ਅਸੀਂ ਆਪਣੀ ਵਿਰਾਸਤੀ ਸੁਜੱਗਤਾ ਨੂੰ ਆਪੋ ਆਪਣੀ ਸਿਆਸਤ ਦੇ ਹੱਕ ਵਿਚ ਭੁਗਤਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਪ੍ਰੋ. ਪੂਰਨ ਸਿੰਘ ਦੇ ਇਹ ਸ਼ਬਦ ਨਹੀਂ ਭੁੱਲਣੇ ਚਾਹੀਦੇ, "ਰਾਜਨੀਤਕ ਆਰਥਕਤਾ ਦੇ ਸੂਤਰ ਤਾਂ ਮਨੁੱਖ ਤੋਂ ਮਨੁੱਖ ਨੂੰ ਨਿਖੇੜਦੇ ਤੇ ਉਨ੍ਹਾਂ ਵਿਚ ਦੁਫਿਆਰਤਾ ਪੈਦਾ ਕਰਦੇ ਹਨ, ਜੋ ਇਕ ਤਰ੍ਹਾਂ ਸਿਲਸਿਲੇਵਾਰ ਤੇ ਨਿਰੰਤਰ ਚਲਣ ਵਾਲੀ ਭਾਵਨਾ ਬਣ ਜਾਂਦੀ ਹੈ। ਇਹ ਤਾਂ ਮਨੁੱਖਤਾ ਦੀ ਚਤੁਰ-ਚਲਾਕੀ ਦੀ ਚੰਚਲ ਖੇਡ ਹੈ।"

ਇਸ ਦੇ ਕਾਰਨ ਲੱਭਣ ਵਾਸਤੇ ਉਨ੍ਹਾਂ ਦੀ ਇਹ ਟਿਪਣੀ ਵੀ ਵਰਤੋਂ ਵਿਚ ਆ ਸਕਦੀ ਹੈ, "ਸਿੱਖੀ ਜੀਵਨ ਦਾ ਆਦਰਸ਼ ਤਾਂ ਰਾਜਨੀਤਕ ਦੰਭਾਂ ਤੇ ਹਲਕੇ ਹੋਏ ਭਰਮ ਭੁਲੇਖਿਆਂ ਦੇ ਰਾਜਨੀਤਕ ਆਰਥਕਤਾ ਦੇ ਚੱਕਰ ਤੋਂ ਉਲਟੀ ਦਸ਼ਾ ਵਿਚ ਚਲਣ ਵਿਚ ਹੈ, ਪਿਆਰ ਦੀ ਪਾਤਸ਼ਾਹਤ ਵਿਚ ਕੋਈ ਵੀ ਰਾਜਨੀਤਕ ਆਰਥਕਤਾ ਨਹੀਂ ਹੈ।"

ਜਿਹੋ ਜਿਹੀ ਸਿਆਸਤ ਦੇ ਗਲ ਵੱਢ ਮੁਕਾਬਲੇ ਦਾ ਸ਼ਿਕਾਰ ਇਸ ਵੇਲੇ ਸਿੱਖ ਭਾਈਚਾਰਾ ਹੋ ਗਿਆ ਹੈ ਅਤੇ ਜਿਸ ਨੂੰ ਪੰਥਕਨੁਮਾ ਲੇਖਕ ਸ਼ਹਿ ਦੇਣ ਵਾਸਤੇ ਸਿਰਤੋੜ ਮਿਹਨਤ ਕਰੀ ਜਾ ਰਹੇ ਹਨ, ਉਨ੍ਹਾਂ ਨਾਲ ਚਰਚਾ ਵਾਸਤੇ ਪ੍ਰੋ. ਪੂਰਨ ਸਿੰਘ ਦਾ ਇਹ ਨੁਕਤਾ ਵੀ ਉਠਾਉਣਾ ਚਾਹੁੰਦਾ ਹਾਂ, "ਆਪ ਜਿਉਣਾ ਤੇ ਦੂਜਿਆਂ ਨੂੰ ਜਿਉਣ ਦੇਣਾ ਹਰ ਵਿਅਕਤੀ ਦੇ ਜੀਵਨ ਵਿਚ ਨਿਆਏ ਪੂਰਵਕ ਢੰਗ ਨਾਲ ਖੁਸ਼ੀ ਭਰਿਆ ਜੀਵਨ ਜਿਉਣਾ ਅਤੇ ਗ੍ਰਿਹਸਥੀ ਤੇ ਗ੍ਰਾਮੀਣ ਸਾਦਾ ਜੀਵਨ ਵਿਚ ਸ਼ੁਕਰ ਮਨਾਉਣਾ ਹੀ ਗੁਰੂ ਸਾਹਿਬ ਦੇ ਆਦਰਸ਼ਾਂ ਅਨੁਸਾਰ ਦੂਜਿਆਂ ਉਤੇ ਰਾਜ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ।"

ਕੀ ਧਰਮ ਨੂੰ ਸਿਆਸਤ ਵਾਸਤੇ ਵਰਤਣ ਵਾਲੇ ਸਿਆਸਤਦਾਨ ਅਤੇ ਬੁੱਧੀਜੀਵੀ ਇਸ ਸਾਦਾ ਜਿਹੀ ਸਿੱਖ ਭਾਵਨਾ ਨੂੰ ਧਿਆਨ ਵਿਚ ਰੱਖਣ ਲਈ ਤਿਆਰ ਹਨ? ਇਸ ਨੂੰ ਹੋ ਰਹੀ ਚਰਚਾ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

---

# ਆਗੇ ਸਮਝ ਚਲੋ ਨੰਦ ਲਾਲਾ

**ਅਵਤਾਰ ਸਿੰਘ (ਪ੍ਰੋ.)**
**ਫੋਨ: 91-94175-18384**

ਖਬਰਾਂ ਅਨੁਸਾਰ ਦੋ ਵੱਡੀਆਂ ਅਤੇ ਮਸ਼ਹੂਰ ਫਿਲਮੀ ਹਸਤੀਆਂ ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਦੀ ਸ਼ਾਦੀ ਦੀ ਰਸਮ ਇਟਲੀ ਵਿਚ ਕਿਸੇ ਹੋਟਲ ਦੇ ਹਾਲ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਪੰਨ ਹੋਈ। ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਅਤੇ ਪੱਕੇ ਰਾਗੀ ਭਾਈ ਨਰਿੰਦਰ ਸਿੰਘ ਬਨਾਰਸੀ ਨੇ ਅਨੰਦ ਕਾਰਜ ਦੀ ਰਸਮ ਸਮੇਂ ਕੀਰਤਨ ਦੀ ਸੇਵਾ ਨਿਭਾਈ। ਇਹ ਗੱਲ ਸਿੱਖ ਸਮਾਜ ਲਈ ਵੱਡੇ ਮਾਣ ਵਾਲੀ ਹੈ ਕਿ ਮਸ਼ਹੂਰੀ ਦੀ ਬੁਲੰਦੀ 'ਤੇ ਪੁੱਜ ਕੇ ਵੀ ਕੋਈ ਆਪਣੇ ਵਿਰਸੇ ਦਾ ਆਦਰ ਕਰਦਾ ਹੈ। ਨਹੀਂ ਤਾਂ ਲੋਕੀਂ ਮਾੜੀ ਜਿਹੀ ਮਸ਼ਹੂਰੀ ਹੋਣ 'ਤੇ ਹੀ ਆਪਣਾ ਸਦੀਆਂ ਪੁਰਾਣਾ ਵਿਰਸਾ ਵਿਸਾਰ ਦਿੰਦੇ ਹਨ।

ਕਹਿੰਦੇ ਹਨ, ਰਣਵੀਰ ਸਿੰਘ ਸਿੰਧੀ ਸਿੱਖ ਪਰਿਵਾਰ ਵਿਚੋਂ ਹਨ, ਜਿਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਥਾਹ ਸ਼ਰਧਾ ਅਤੇ ਅਟੱਲ ਵਿਸ਼ਵਾਸ ਹੈ। ਉਸ ਪਰਿਵਾਰ ਦੀ ਹਰ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਹੀ ਸੰਪੰਨ ਹੁੰਦੀ ਹੈ। ਸਿੰਧੀ ਸਿੱਖਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਅਤੇ ਉਨ੍ਹਾਂ ਦੇ ਵਿਸ਼ਵਾਸ ਦੀ ਲੋਕ ਅਕਸਰ ਮਿਸਾਲ ਦਿੰਦੇ ਹਨ।

ਕੁੱਝ ਘੁਣਤਰੀ, ਘੋਚਰੀ ਤੇ ਖੁਣਸੀ ਸਿੱਖਾਂ ਨੇ ਵਾਵੇਲਾ ਜਿਹਾ ਮਚਾ ਦਿੱਤਾ ਹੈ ਕਿ ਇਸ ਸ਼ਾਦੀ ਮੌਕੇ ਮਰਿਆਦਾ ਦੀ ਉਲੰਘਣਾ ਹੋਈ ਹੈ। ਤੱਤਭੜੱਤੇ ਪੱਤਰਕਾਰਾਂ ਨੇ ਅਖਬਾਰਾਂ ਦੀਆਂ ਤਾਰਾਂ ਖੜਕਾ ਦਿੱਤੀਆਂ, ਜਿਨ੍ਹਾਂ ਨੇ ਡੂੰਘੇ ਸਲਾਹ ਮਸ਼ਵਰੇ ਬਿਨਾ ਖਬਰਾਂ ਛਾਪ ਦਿੱਤੀਆਂ। ਸਾਡੀਆਂ ਅਖਬਾਰਾਂ ਸਿਰਫ ਬਲਦੀ 'ਤੇ ਤੇਲ ਹੀ ਨਹੀਂ ਪਾਉਂਦੀਆਂ, ਸਗੋਂ ਮੌਕੇ ਅਤੇ ਲੋੜ ਅਨੁਸਾਰ ਅੱਗ ਵੀ ਬਾਲ ਲੈਂਦੀਆਂ ਹਨ; ਕਿਉਂਕਿ ਅੱਗ ਬਬੋਲਾ ਖਬਰਾਂ ਵਧੇਰੇ, ਜਲਦੀ ਅਤੇ ਮਹਿੰਗੇ ਭਾਅ ਵਿਕਦੀਆਂ ਹਨ। ਸਾਡੀਆਂ ਅਖਬਾਰਾਂ ਆਪਣੇ ਵਪਾਰ ਲਈ ਆਪਣੇ ਹੀ ਘਰ ਨੂੰ ਬਲਦਾ ਦੇਖਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਸਾਡੇ ਬਹੁਤੇ ਉਪੱਦਰ ਅਖਬਾਰਾਂ ਦੀ ਹੀ ਉਪਜ ਹੁੰਦੇ ਹਨ।

ਖੈਰ! ਮੈਂ ਸਮਝਣਾ ਚਾਹਿਆ ਕਿ ਇਸ ਸ਼ਾਦੀ ਸਮੇਂ ਮਰਿਆਦਾ ਦੀ ਉਲੰਘਣਾ ਕਿਵੇਂ ਹੋਈ? ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਤ ਮਰਿਆਦਾ ਪੜ੍ਹੀ, ਜਿਸ ਵਿਚ 'ਅਨੰਦ ਸੰਸਕਾਰ' ਅਧਿਆਇ ਵਿਚ ਪੰਨਾ 22 'ਤੇ ਸਾਫ ਲਿਖਿਆ ਹੈ, "ਸਿੱਖ-ਸਿੱਖਣੀ ਦਾ ਵਿਆਹ, ਬਿਨਾ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।" ਮੈਨੂੰ ਲੱਗਾ, ਸ਼ਾਇਦ ਇਨ੍ਹਾਂ ਨੇ ਵਿਆਹ ਦੇ ਮਾਮਲੇ ਵਿਚ ਜਾਤ ਗੋਤ ਦਾ ਵਿਚਾਰ ਕਰਕੇ ਰਹਿਤ ਮਰਿਆਦਾ ਦੀ ਉਲੰਘਣਾ ਕੀਤੀ ਹੋਵੇਗੀ। ਮੈਨੂੰ ਯਾਦ ਆਇਆ ਕਿ ਇਹ ਉਲੰਘਣਾ ਤਾਂ ਹਰੇਕ ਸਿੱਖ-ਸ਼ਾਦੀ ਸਮੇਂ ਹੁੰਦੀ ਹੈ। ਇਹ ਉਲੰਘਣਾ ਤਾਂ ਹੁਣ ਉਲੰਘਣਾ ਨਹੀਂ ਰਹੀ, ਸਗੋਂ 'ਮੌਡਰਨ' ਸਿੱਖ ਰਹਿਤ ਮਰਿਆਦਾ ਦਾ 'ਲਾਜ਼ਮੀ' ਅੰਗ ਬਣ ਚੁਕੀ ਹੈ।

ਫਿਰ ਵੀ ਮੈਂ ਗੂਗਲ 'ਤੇ ਸਰਚ ਕੀਤੀ। ਮੈਂ ਦੰਗ ਰਹਿ ਗਿਆ ਕਿ ਇਨ੍ਹਾਂ ਦੀ ਸ਼ਾਦੀ ਤਾਂ ਪੂਰਨ ਅਤੇ ਪੁਰਾਤਨ ਰਹਿਤ ਮਰਿਆਦਾ ਅਨੁਸਾਰ ਹੋਈ ਹੈ, ਕਿਉਂਕਿ ਇਨ੍ਹਾਂ ਨੇ ਜਾਤ ਗੋਤ ਦੀ ਵਿਚਾਰ ਬਿਲਕੁਲ ਹੀ ਨਹੀਂ ਕੀਤੀ। ਬਾਕੀ ਰਹਿਤ ਮਰਿਆਦਾ ਵਿਚ ਕੁਝ ਵੀ ਅਜਿਹਾ ਨਹੀਂ ਲਿਖਿਆ, ਜਿਸ ਦਾ ਪਾਲਣ ਇਸ ਸ਼ਾਦੀ ਸਮੇਂ ਨਾ ਹੋਇਆ ਹੋਵੇ। ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਾਹਿਬਾਨ ਤੋਂ ਰਹਿਤ ਮਰਿਆਦਾ ਦੀ ਵਧੇਰੇ ਜਾਣਕਾਰੀ ਕਿਸ ਨੂੰ ਹੋ ਸਕਦੀ ਹੈ!

ਮੇਰੇ ਖਿਆਲ ਵਿਚ ਇਹ ਇੱਕੋ ਇੱਕ ਸ਼ਾਦੀ ਅਜਿਹੀ ਹੋਈ ਹੈ, ਜਿਸ ਨੂੰ ਗੁਰ ਮਰਿਆਦਾ ਅਨੁਸਾਰ ਸਮਝਿਆ ਜਾ ਸਕਦਾ ਹੈ। ਇਸ ਬਾਬਤ ਨਘੋਚਾਂ ਕੱਢਣੀਆਂ ਸਾਡੇ ਘੁਣਤਰੀ ਅਤੇ ਖੁਣਸੀ ਰਵੱਈਏ ਦੀ ਹੀ ਨੁਮਾਇਸ਼ ਹੈ। ਸਾਨੂੰ ਇਸ ਤੋਂ ਬਾਜ ਆਉਣ ਦੀ ਲੋੜ ਹੈ। ਨਹੀਂ ਤਾਂ ਸਿੱਖੀ ਦਾ ਵਿਸ਼ਾਲ ਰੁੱਖ ਰੁੰਡ ਮਰੁੰਡ ਹੋ ਜਾਵੇਗਾ। ਛਾਂਗੇ ਹੋਏ ਰੁੱਖ 'ਤੇ ਕੋਈ ਪੰਛੀ ਆਲ੍ਹਣਾ ਨਹੀਂ ਬਣਾਉਂਦਾ।



ਮੈਂ ਕਈ ਦੋਸਤਾਂ ਨੂੰ ਪੁੱਛਿਆ ਕਿ ਆਖਰ ਇਸ ਸ਼ਾਦੀ 'ਚ ਕੀ ਗਲਤ ਹੋ ਗਿਆ? ਇੱਕ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੋਟਲ 'ਚ ਨਹੀਂ ਜਾਣਾ ਚਾਹੀਦਾ। ਅਖੇ 'ਮਾਹਰਾਜ ਦੀ ਬੇਅਦਬੀ ਹੁੰਦੀ ਹੈ।' ਪੁੱਛਿਆ ਕਿ ਅਜਿਹਾ ਕੌਣ ਕਹਿੰਦਾ ਹੈ? ਅਖੇ, ਜਥੇਦਾਰ। ਮੈਨੂੰ ਚੇਤੇ ਆਇਆ ਕਿ ਜਥੇਦਾਰ ਦਾ ਬਿਆਨ ਆਇਆ ਸੀ ਕਿ ਮਾਹਰਾਜ ਦਾ ਸਰੂਪ ਮੈਰਿਜ ਪੈਲਸਾਂ 'ਚ ਨਾ ਲੈਜਾਇਆ ਜਾਵੇ।

ਜਥੇਦਾਰ ਦਾ ਫਰਜ਼ ਹੈ, ਪੁਰਾਤਨ ਮਰਿਆਦਾ ਦਾ ਪਾਲਣ ਕਰਨਾ ਤੇ ਕਰਾਉਣਾ। ਜਥੇਦਾਰ ਨਵੀਂ ਮਰਿਆਦਾ ਨਹੀਂ ਬਣਾ ਸਕਦਾ। ਮਰਿਆਦਾ ਪੰਥ ਬਣਾਉਂਦਾ ਹੈ। ਸਿਰਫ ਪੰਥ ਹੀ ਗੁਰੂ ਦਾ ਹਮਰੁਤਬਾ ਹੈ, ਜਥੇਦਾਰ ਨਹੀਂ। ਜਥੇਦਾਰ ਤਾਂ ਪੰਥ ਵਲੋਂ ਬਣਾਏ ਗਏ ਨੇਮਾਂ ਦੀ ਦੇਖ-ਰੇਖ ਕਰਦਾ ਹੈ। ਜਥੇਦਾਰ ਤਾਨਾਸ਼ਾਹ ਨਹੀਂ, ਸਗੋਂ ਪੰਥ ਦਾ ਸੇਵਕ ਹੈ। ਸਮੂਹ ਪੰਥ ਹੀ ਸਮਰੱਥ ਹੈ, ਮਰਿਆਦਾ ਵਿਚ ਸੋਧ ਕਰਨ ਲਈ। ਜਥੇਦਾਰ ਉਸ ਦਾ ਐਲਾਨ ਕਰਦਾ ਹੈ।

ਜਥੇਦਾਰ ਦੇ ਐਲਾਨ ਦੀ ਕੋਈ ਸਮਾਂ ਸੀਮਾ ਹੋਣੀ ਲਾਜ਼ਮੀ ਹੈ। ਜਾਂ ਤੇ ਉਹ ਛੇ ਮਹੀਨੇ ਜਾਂ ਸਾਲ ਬਾਅਦ ਖਾਰਜ ਹੋ ਜਾਵੇ ਜਾਂ ਰਹਿਤ ਮਰਿਆਦਾ ਵਿਚ ਜੋੜ ਦਿੱਤੀ ਜਾਵੇ। ਅਸੀਂ ਜਾਣਦੇ ਹਾਂ ਕਿ ਸਾਡੀ ਰਹਿਤ ਮਰਿਆਦਾ ਵਿਚ ਕਦੀ ਕੋਈ ਸੋਧ ਨਹੀਂ ਹੋਈ; ਨਾ ਕਦੀ ਕੁਝ ਕੱਢਿਆ ਗਿਆ ਹੈ ਤੇ ਨਾ ਕੁਝ ਪਾਇਆ ਗਿਆ ਹੈ।

ਹੱਡ ਮਾਸ ਵਿਚ ਵਿਚਰਦੇ ਗੁਰੂ ਸਾਹਿਬਾਨ ਕਾਮਰੂਪ ਦੇ ਚਲੇ ਗਏ, ਕੌਡੇ ਰਾਕਸ਼ ਦੇ ਗਏ, ਸੱਜਣ ਠੱਗ ਦੇ ਗਏ, ਕੋਹੜੀ ਦੀ ਝੁੱਗੀ 'ਚ ਚਲੇ ਗਏ, ਸ਼ਾਹੀ ਮਹਿਲਾਂ 'ਚ ਵੀ ਗਏ; ਉਨ੍ਹਾਂ ਦੀ ਕਿਤੇ ਬੇਅਦਬੀ ਨਹੀਂ ਹੋਈ। ਲੇਕਿਨ ਕਾਗਜ਼ 'ਤੇ ਉਤਰੇ ਉਸੇ ਗੁਰੂ ਦੀ ਹੋਟਲ 'ਚ ਜਾਣ 'ਤੇ ਵੀ ਬੇਅਦਬੀ ਹੋ ਜਾਂਦੀ ਹੈ! ਇਹ ਕੇਹੀ ਦਲੀਲ ਹੈ?

ਜਿਸ ਗੁਰੂ ਨੇ ਆਪਣੀ ਛੋਹ ਨਾਲ ਹੀ ਗੂੰਗਿਆਂ ਤੋਂ ਗੀਤਾ ਦੇ ਅਰਥ ਕਰਵਾ ਦਿੱਤੇ ਸਨ, ਅਸੀਂ ਉਸੇ ਗੁਰੂ ਦੇ ਪਾਵਨ ਸਰੂਪ ਨੂੰ ਰੁਮਾਲਿਆਂ 'ਚ ਲਪੇਟ ਲਪੇਟ ਕੇ ਗੂੰਗਾ ਬਣਾਉਣ ਦੇ ਰਾਹ ਪੈ ਗਏ ਹਾਂ। ਕਿਤੇ ਤਾਂ ਬੱਸ ਕਰੀਏ!

ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਈ ਕਾਪੀ ਰਾਈਟ ਨਹੀਂ ਹੈ। ਇਸ ਨੂੰ ਕੋਈ ਵੀ ਸ਼ਰਧਾਵਾਨ ਲਿਖ ਅਤੇ ਪੜ੍ਹ ਸਕਦਾ ਹੈ। ਇਸ ਨੂੰ ਲਿਖਣ ਅਤੇ ਛਾਪਣ ਦੀ ਮਰਿਆਦਾ ਪਰੰਪਰਾ 'ਚ ਪਈ ਹੈ, ਜਿਸ ਦਾ ਕੋਈ ਡਿਕਟੇਟਰ ਨਹੀਂ ਹੈ। ਇਸ ਦਾ ਕਾਪੀ ਰਾਈਟ ਬਣਾਉਣ ਜਾਂ ਲੈਣ ਨਾਲ ਇਹ 'ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਆਸਣ ਤੋਂ ਹੇਠਾਂ ਸਰਕ ਕੇ ਇੱਕ ਸਾਧਾਰਣ ਕਿਤਾਬ ਰਹਿ ਜਾਵੇਗਾ। ਇਸ ਗੱਲੋਂ ਬੇਹੱਦ ਖਬਰਦਾਰ ਰਹਿਣ ਦੀ ਸਖਤ ਲੋੜ ਹੈ।

ਬਾਣੀ ਵਿਚ ਆਇਆ ਹੈ, "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥" ਗੁਰੂ ਦੀ ਛੋਹ ਤਾਂ ਪਤਿਤ ਨੂੰ ਪਾਵਨ ਕਰਨ ਦੇ ਸਮਰੱਥ ਹੈ। ਇਹ ਕੌਣ ਹੈ, ਜੋ ਸਾਨੂੰ ਦੱਸਦਾ ਹੈ ਕਿ ਹੁਣ ਪਤਿਤ ਇੰਨਾ ਤਾਕਤਵਰ ਹੋ ਗਿਆ ਹੈ ਕਿ ਉਸ ਦੀ ਭਿੱਟ ਗੁਰੂ ਨੂੰ ਵੀ ਚੜ੍ਹ ਜਾਂਦੀ ਹੈ। ਇਹ ਕਿਹੜੀ ਮਰਿਆਦਾ ਹੈ! ਮਾਹਰਾਜ ਦੀ ਬਾਣੀ ਤੋਂ ਉਤੇ ਵੀ ਕੋਈ ਰਹਿਤ ਮਰਿਆਦਾ ਹੈ? ਗੁਰਬਾਣੀ ਵਿਚ ਪਤਿਤ ਨੂੰ ਪੁਨੀਤ ਕਰਨ ਦੀ ਦੱਸ ਪਾਉਂਦੀਆਂ ਸੈਂਕੜੇ ਪੰਗਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਕਿਸੇ ਦੀ ਸ਼ਾਦੀ ਦਾ ਚਾਅ ਕਿਰਕਰਾ ਕਰਨਾ ਮਹਾਂ ਪਾਪ ਹੈ। ਅਜਿਹੇ ਉਪੱਦਰ ਨਾ ਬਖਸ਼ਣਯੋਗ ਹਨ। ਸਾਨੂੰ ਬਾਜ ਆਉਣਾ ਚਾਹੀਦਾ ਹੈ। ਗੁਰੂ ਦੇ ਓਟ ਆਸਰੇ ਜਾਂ ਸ਼ਰਣ ਵਿਚ ਆਏ ਕਿਸੇ ਵੀ ਪ੍ਰਾਣੀ ਦਾ ਸਤਿਕਾਰ ਕਰਨਾ ਸਾਡਾ ਫਰਜ਼ ਹੈ। ਅਜਿਹੇ ਕਿਸੇ ਪ੍ਰਾਣੀ ਦਾ ਤ੍ਰਿਸਕਾਰ ਕਰਕੇ ਅਸੀਂ ਆਪਣਾ ਮੁੱਖ ਗੁਰੂ ਅੱਗੇ ਨਹੀਂ ਲਿਜਾ ਸਕਦੇ।

ਗੁਰੂ ਦੇ ਸਰਸਬਜ਼ ਅਤੇ ਲਹਿਲਹਾਉਂਦੇ ਵਿਸ਼ਾਲ ਰੁੱਖ 'ਤੇ ਚਹਿਚਹਾਉਂਦੇ ਪੰਖੇਰੂਆਂ ਨੂੰ ਨਫਰਤ ਦੇ ਗੁਲੇਲੇ ਮਾਰਨ ਵਾਲੇ ਗੁਰੂ ਨਿੰਦਕਾਂ ਅਤੇ ਗੁਰੂ ਦੋਖੀਆਂ ਤੋਂ ਸਾਨੂੰ ਖਬਰਦਾਰ ਰਹਿਣਾ ਚਾਹੀਦਾ ਹੈ। ਅੱਗੇ ਹੀ ਨੁਕਸਾਨ ਬਹੁਤ ਹੋ ਚੁਕਾ ਹੈ। "ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।"

ਪ੍ਰਕਾਸ਼ ਪੁਰਬ 'ਤੇ

# ਧਨ ਜਨਨੀ ਜਿਨਿ ਜਾਇਆ ਤੈਨੂੰ

ਡਾ. ਅੰਮ੍ਰਿਤ ਕੌਰ ਰੈਣਾ

ਮਾਤਾ ਤ੍ਰਿਪਤਾ ਉਦਾਸ ਹਨ। ਨਾਨਕ ਦੀ ਯਾਦ ਵਿਚ ਵਿਆਕੁਲ ਹਨ। ਪੁੱਤਰ ਵਿਯੋਗ ਵਿਚ ਅਤ੍ਰਿਪਤ ਮਾਤਾ ਤ੍ਰਿਪਤਾ ਭਾਵੇਂ ਜਗਤ ਨੂੰ ਤ੍ਰਿਪਤ ਕਰਨ ਵਾਲੇ ਨਾਨਕ ਦੀ ਮਾਤਾ ਹੈ ਪਰ ਪੁੱਤਰ ਵਿਯੋਗ ਵਿਚ ਉਸ ਨੂੰ ਨਾ ਦਿਨੇ ਚੈਨ ਤੇ ਨਾ ਰਾਤ ਨੂੰ ਨੀਂਦ। ਪੁੱਤਰ ਮੋਹ ਵਿਚ ਵਿਆਕੁਲ ਉਸ ਦੇ ਨੈਣਾਂ ਵਿਚੋਂ ਛਮਛਮ ਹੰਝੂ ਵਰ੍ਹਦੇ ਹਨ। ਉਹ ਦਿਨ ਪ੍ਰਤੀ ਦਿਨ ਬਿਰਧ ਹੋ ਰਹੇ ਹਨ। ਕੀ ਪਤਾ ਕਦੋਂ ਸੱਦਾ ਆ ਜਾਵੇ। ਪੁੱਤਰ ਨੂੰ ਮਿਲਣ ਦੀ ਸਿੱਕ ਤੇ ਤਾਂਘ ਦਿਲ ਵਿਚ ਹੀ ਰਹਿ ਜਾਵੇ। ਕਦੇ ਕਹਿੰਦੀ ਹੈ, "ਬੀਬੀ ਤੇਰਾ ਵੀਰ ਨਹੀਂ ਆਇਆ, ਘਰ ਸੁੰਨਾ-ਸੁੰਨਾ ਲਗਦਾ ਹੈ। ਵੀਰ ਨੂੰ ਸੱਦ ਮਾਰ ਖਾਂ, ਤੈਨੂੰ ਤਾਂ ਕਹਿ ਗਿਆ ਸੀ, ਭੈਣ ਜਦੋਂ ਯਾਦ ਕਰੇਂਗੀ ਭੱਜਿਆ ਤੁਰਿਆ ਆਵਾਂਗਾ।"

ਇਕਲੌਤੇ ਪੁੱਤਰ ਦੀ ਮਾਂ ਬਸ ਅੰਨ੍ਹੀ ਹੀ ਹੁੰਦੀ ਹੈ। ਕਈ ਸਿਆਲ ਆਏ ਤੇ ਗਏ ਪਰ ਨਾਨਕ ਦਾ ਪਤਾ ਨਹੀਂ। ਕੋਈ ਸੁੱਖ ਸੁਨੇਹਾ ਨਹੀਂ, ਕਿਸੇ ਟਿਕਾਣੇ ਦਾ ਪਤਾ ਨਹੀਂ ਕਿ ਉਸ ਨੂੰ ਜਾ ਕੇ ਮਿਲ ਆਈਏ। ਹਾਂ, ਨਾਨਕ ਦੀ ਮਹਿਮਾ ਸੋਭਾ ਦੀ ਸੋਅ ਉਨ੍ਹਾਂ ਤਕ ਆਏ-ਗਏ ਸੰਨਿਆਸੀਆਂ, ਜੋਗੀਆਂ, ਦਰਵੇਸ਼ਾਂ ਰਾਹੀਂ ਪਹੁੰਚਦੀ ਰਹਿੰਦੀ ਹੈ ਕਿ ਨਾਨਕ ਦੁਖੀ ਲੋਕਾਂ ਨੂੰ ਤਾਰ ਰਿਹਾ ਹੈ; ਅਸ਼ਾਂਤ ਲੋਕਾਂ ਨੂੰ ਅੰਮ੍ਰਿਤ ਨਾਮ ਦਾ ਪਿਆਲਾ ਪਿਲਾ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਠਾਰ ਰਿਹਾ ਹੈ; ਅਗਿਆਨ ਦਾ ਹਨੇਰਾ ਦੂਰ ਕਰ ਗਿਆਨ ਦਾ ਪ੍ਰਕਾਸ਼ ਕਰ ਰਿਹਾ ਹੈ; ਵੈਰ ਭਾਵ ਦੂਰ ਕਰ ਪਿਆਰ ਦੀ ਵਰਖਾ ਕਰ ਰਿਹਾ ਹੈ। ਪਰ ਉਨ੍ਹਾਂ ਦਾ ਆਪਣਾ ਵਿਹੜਾ ਤਾਂ ਇਕੋ ਇਕ ਪੁੱਤਰ ਬਾਝੋਂ ਸੱਖਣਾ ਹੈ। ਇਥੇ ਰਹਿੰਦਾ ਸੀ ਭਾਵੇਂ ਨਾਮ ਖੁਮਾਰੀ ਵਿਚ ਮਸਤ ਸੀ ਕਈ ਕਈ ਦਿਨ ਸਮਾਧੀ ਵਿਚ ਡੁੱਬਾ ਰਹਿੰਦਾ ਸੀ ਪਰ ਸਾਡੀਆਂ ਅੱਖਾਂ ਦੇ ਸਾਹਮਣੇ ਤਾਂ ਸੀ। ਸਾਡਾ ਕਲੇਜਾ ਉਸ ਨੂੰ ਦੇਖ ਦੇਖ ਕੇ ਠਰਦਾ ਸੀ। ਭਰ ਜਵਾਨ ਨੂੰਹ ਸੁਲੱਖਣੀ, ਸਾਰੀ ਉਮਰ ਇਸ ਦੀ ਵਿਯੋਗਣ ਵਾਂਗ ਬੀਤ ਗਈ। ਨਿੱਕੇ ਨਿੱਕੇ ਬਾਲ ਸ੍ਰੀਚੰਦ ਤੇ ਲੱਖਮੀ ਚੰਦ ਦਾ ਬਚਪਨ ਪਿਤਾ ਦੇ ਪਿਆਰ ਲਈ ਸਹਿਕਦਾ ਲੰਘ ਗਿਆ। ਪਤਾ ਨਹੀਂ ਕਿੰਨੇ ਵਰ੍ਹੇ ਤਾਂ ਬੀਤ ਗਏ ਲਗਦੇ ਹਨ। ਕੀ ਪਤਾ ਘਰ-ਬਾਰ ਤਿਆਗ ਕੇ ਸੰਨਿਆਸੀ ਹੀ ਨਾ ਬਣ ਗਿਆ ਹੋਵੇ ਪਰ ਸੰਨਿਆਸ ਦੀ ਤਾਂ ਉਹ ਸਿੱਖਿਆ ਹੀ ਨਹੀਂ ਦਿੰਦਾ।

ਕਹਿੰਦਾ ਹੈ, ਗ੍ਰਹਿਸਥੀ ਰਹਿ ਕੇ ਦੁਨੀਆਂ ਦੇ ਸਭ ਕੰਮ-ਕਾਜ ਕਰਦਿਆਂ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਫਿਰ ਏਨੇ ਵਰ੍ਹੇ ਹੋ ਗਏ ਹਨ ਆਇਆ ਕਿਉਂ ਨਹੀਂ? ਹੁਣ ਤਾਂ ਉਸ ਨੂੰ ਮਿਲਣ ਲਈ ਮਨ ਬੇਕਰਾਰ ਹੈ। ਜ਼ਰਾ ਜਿਹਾ ਖੜਕਾ ਹੁੰਦਾ ਤਾਂ ਲਗਦਾ ਹੈ, ਨਾਨਕ ਮੇਰਾ ਪਿਆਰਾ ਨਾਨਕ ਆਇਆ ਹੈ। ਕੀ ਮੈਂ ਕਦੇ ਰੱਜ ਕੇ ਉਸ ਦੇ ਚੰਨ ਮੁਖੜੇ ਦੇ ਦਰਸ਼ਨ ਵੀ ਕਰਾਂਗੀ। ਉਹ ਸੁਭਾਗਾ ਦਿਨ ਕਦੋਂ ਆਵੇਗਾ, ਜਦੋਂ ਮੇਰਾ ਨਾਨਕ ਘਰ ਆਵੇਗਾ।

ਇਨ੍ਹਾਂ ਵਿਚਾਰਾਂ ਵਿਚ ਡੁੱਬੀ ਮਾਤਾ ਤ੍ਰਿਪਤਾ ਨੂੰ ਇਕ ਗੁਆਂਢਣ ਨੇ ਆ ਸੁਨੇਹਾ ਦਿੱਤਾ ਕਿ ਮਰਦਾਨਾ ਆਇਆ ਹੈ। ਮਾਂ ਭੱਜੀ ਮਰਦਾਨੇ ਨੂੰ ਮਿਲਣ ਵਾਸਤੇ। ਨਾਨਕ ਨਹੀਂ ਆਇਆ, ਉਸ ਦਾ ਯਾਰ ਆਇਆ ਹੈ। ਉਹ ਮਰਦਾਨਾ ਜਿਸ ਨੇ ਦੀਨ ਦੁਨੀਆਂ, ਪਰਿਵਾਰ ਬੱਚੇ, ਮਾਂ-ਬਾਪ ਸਭ ਨੂੰ ਛੱਡ ਦਿੱਤਾ ਹੈ। ਆਪਣੇ ਯਾਰ ਦੀ ਯਾਰੀ ਨਿਭਾਉਣ ਖਾਤਰ ਜੋ ਬਸ ਨਾਨਕ ਦਾ ਬਣ ਕੇ ਰਹਿ ਗਿਆ ਹੈ, ਜੋ ਸਾਏ ਦੀ ਤਰ੍ਹਾਂ ਦਿਨ ਰਾਤ ਨਾਨਕ ਦੇ ਨਾਲ ਰਹਿੰਦਾ ਹੈ। ਜੋ ਨਾਨਕ ਦੇ ਸਾਹ ਨਾਲ ਸਾਹ ਲੈਂਦਾ ਹੈ। ਸਾਡੇ ਨਾਲੋਂ ਤਾਂ ਇਹ ਮਰਦਾਨਾ ਹੀ ਸੁਭਾਗਾ ਹੈ, ਜੋ ਨਾਨਕ ਦੇ ਸਦੀਵੀ ਸਾਥ ਦਾ ਅਨੰਦ ਮਾਣ ਰਿਹਾ ਹੈ, ਪਰ ਇਹ ਇਕੱਲਾ ਕਿਉਂ ਆਇਆ ਹੈ? ਨਾਨਕ ਕਿਥੇ ਹੈ? ਸਾਡਾ ਪਿਆਰਾ ਨਾਨਕ, ਅੱਖੀਆਂ ਦਾ ਤਾਰਾ ਨਾਨਕ ਕਿੱਥੇ ਰਹਿ ਗਿਆ ਹੈ। ਇਨ੍ਹਾਂ ਖਿਆਲਾਂ ਵਿਚ ਡੁੱਬੀ ਤ੍ਰਿਪਤਾ ਮਾਂ ਨੇ ਗਲਵਕੜੀ ਵਿਚ ਘੁੱਟ ਲਿਆ ਮਰਦਾਨੇ ਨੂੰ। ਭਾਵ ਬਿਹਬਲ ਉਸ ਨੂੰ ਕਿੰਨਾ ਚਿਰ ਸੁੱਧ ਹੀ ਨਾ ਰਹੀ। ਮਰਦਾਨੇ ਨੂੰ ਗਲ ਨਾਲ ਲਾਈ ਉਸ ਨੂੰ ਨਾਨਕ ਦੀ ਛੋਹ ਦਾ ਅਨੰਦ ਆ ਰਿਹਾ ਸੀ। ਕਾਫੀ ਚਿਰ ਬਾਅਦ ਇਸ ਪਿਆਰ ਦੀ ਵਿਸਮਾਦੀ ਅਵਸਥਾ ਦਾ ਅਨੰਦ ਰਸ ਮਾਣਨ ਬਾਅਦ ਮਾਤਾ ਨੇ ਪੁੱਛਿਆ, "ਮਰਦਾਨਿਆਂ ਤੂੰ ਇਕੱਲਾ ਆਇਐਂ? ਤੇਰਾ ਯਾਰ ਕਿੱਥੇ ਹੈ? ਮੇਰਾ ਨਾਨਕ ਕਿੱਥੇ ਹੈ?"

ਗਲਾ ਭਰ ਆਇਆ, ਬੋਲਿਆ ਨਾ ਗਿਆ, ਮਰਦਾਨਾ ਖਾਮੋਸ਼ ਰਹਿੰਦਾ ਹੈ। ਕੋਈ ਜਵਾਬ ਨਹੀਂ ਦਿੰਦਾ। ਉਸ ਨੂੰ ਗੁਰੂ ਜੀ ਦਾ ਹੁਕਮ ਸੀ। ਇਸ ਪ੍ਰਸ਼ਨ ਬਾਰੇ ਚੁੱਪ ਧਾਰੀ ਰੱਖੇ। ਗੁਰੂ ਜੀ ਦੀ ਆਗਿਆ ਸੀ, ਉਨ੍ਹਾਂ ਬਾਰੇ ਕੁਝ ਨਹੀਂ ਦੱਸਣਾ। ਉਹ ਡਰਦਾ ਹੈ, ਕੁਝ ਦੱਸ ਹੀ ਨਾ ਬੈਠੇ। ਇਧਰ ਪ੍ਰੇਮ ਦਾ ਵੇਗ ਦੇਖਦਾ ਹੈ, ਸਿਕਦੇ ਨੇਤਰਾਂ ਵਿਚੋਂ ਨਿਕਲਦੇ ਹੰਝੂ ਉਸ ਕੋਲੋਂ ਦੇਖੇ ਨਹੀਂ ਜਾਂਦੇ। ਉਸ ਕੋਲੋਂ ਬੈਠਿਆ ਨਾ ਗਿਆ। ਪ੍ਰੇਮ ਦਾ ਆਵੇਗ ਉਸ ਦੇ ਕਲੇਜੇ ਨੂੰ ਧੂਹ ਰਿਹਾ ਸੀ। ਮਾਤਾ ਦੇ ਵਾਰ ਵਾਰ ਇਸ ਪ੍ਰਸ਼ਨ ਦਾ 'ਮਰਦਾਨਿਆਂ ਦੱਸ ਮੇਰਾ ਨਾਨਕ ਕਿੱਥੇ ਹੈ", ਦਾ ਉਹ ਕੀ ਜਵਾਬ ਦੇਵੇ। ਉਸ ਨੂੰ ਸਮਝ ਨਹੀਂ ਸੀ ਆ ਰਹੀ। ਉਸ ਕੋਲੋਂ ਬੈਠਿਆ ਨਾ ਗਿਆ। ਉਹ ਤੁਰ ਚੱਲਿਆ, ਮਾਤਾ ਜੀ ਉਦਾਸ ਪ੍ਰੇਸ਼ਾਨ। ਮਾਤਾ ਜੀ ਦੇ ਕਲੇਜੇ ਤੀਰ ਵੱਜਿਆ, ਰੁੱਗ ਭਰ ਆਇਆ, ਉਦਾਸੀ ਵਿਚ ਇਕ ਆਸ ਦੀ ਕਿਰਨ ਚਮਕੀ। ਕੀ ਪਤਾ ਪੁੱਤਰ ਸਾਧੂ ਹੈ, ਸ਼ਹਿਰ ਦੇ ਬਾਹਰ ਹੀ ਨਾ ਬੈਠਾ ਹੋਵੇ। ਇਹ ਵੀ ਉਸ ਚੋਜੀ ਦਾ ਕੋਈ ਚੋਜ ਹੋਵੇ।

ਮਾਤਾ ਤ੍ਰਿਪਤਾ ਨੇ ਸੁਲੱਖਣੀ ਨੂੰ ਨਾਲ ਲਿਆ, ਸ੍ਰੀਚੰਦ-ਲੱਖਮੀ ਚੰਦ ਨਾਲ ਤੁਰ ਪਏ। ਮਾਤਾ ਜੀ ਪ੍ਰੇਮ ਵਿਚ ਅਤਿ ਅਕੁਲਾਏ, ਪ੍ਰਸ਼ਾਦਾ ਮਿਠਾਈਆਂ ਲਈ, ਨਵੇਂ ਬਸਤਰ ਲਈ ਤੁਰ ਪਏ। ਮਰਦਾਨੇ ਦੇ ਪਿੱਛੇ ਪਿੱਛੇ ਉਨ੍ਹਾਂ ਦੇ ਨਾਲ ਆਂਢੀ-ਗੁਆਂਢੀ ਵੀ ਤੁਰ ਪਏ। ਪ੍ਰੇਮ ਦੀ ਤਾਰ ਉਨ੍ਹਾਂ ਨੂੰ ਨਾਨਕ ਵੱਲ ਧੂਹੀ ਲਿਜਾ ਰਹੀ ਹੈ।

ਸ਼ਹਿਰ ਤੋਂ ਬਾਹਰ ਪਹੁੰਚੇ ਤਾਂ ਕੀ ਦੇਖਦੇ ਹਨ-ਨਾਨਕ ਦਰਖਤ ਦੇ ਥੱਲੇ ਸਤਿ ਕਰਤਾਰ ਦੀ ਧੁਨਿ ਰਮਾ ਕੇ ਬੈਠਿਆ ਹੈ। ਧਾਹ ਕੇ ਪੁੱਤਰ ਨੂੰ ਗਲਵੱਕੜੀ ਵਿਚ ਲਿਆ। ਪੁੱਤਰ ਨੂੰ ਚੁੰਮਦੀ ਵੀ ਜਾਵੇ, ਪਿਆਰ ਵੀ ਕਰਦੀ ਜਾਵੇ, ਅੱਜ ਮੁੱਦਤਾਂ ਬਾਅਦ ਨਾਨਕ ਦੇ ਚੰਨ ਮੁਖੜੇ ਦੇ ਉਸ ਨੂੰ ਦਰਸ਼ਨ ਹੋਏ ਸਨ। ਪੁੱਤ ਨੂੰ ਕਲੇਜੇ ਨਾਲ ਲਾ ਕੇ ਘੁੱਟ ਲਿਆ, ਪਿਆਰ ਦੀ ਖੁਮਾਰੀ ਵਿਚ ਬੇਸੁਧ ਹੋ ਗਈ, "ਵੇ ਪੁੱਤ, ਮੈਂ ਵਾਰੀ ਮੈਂ ਸਦਕੇ-ਮੈਂ ਸਦਕੇ ਉਨ੍ਹਾਂ ਰਾਹਾਂ ਤੋਂ ਜਿਨ੍ਹਾਂ ਤੋਂ ਤੂੰ ਚੱਲ ਕੇ ਆਇਆਂ ਹੈ।"

ਨਾਨਕ ਦੀਆਂ ਅੱਖਾਂ ਮਾਤਾ ਦਾ ਵੈਰਾਗ ਦੇਖ ਕੇ ਭਰ ਆਈਆਂ। ਸੁਲੱਖਣੀ ਗੁਰੂ ਚਰਨਾਂ ਵਿਚ ਢਹਿ ਪਈ। ਮੱਥਾ ਟੇਕਿਆ ਉਸ ਦਾ ਪਿਆਰ ਮੂਕ ਪਿਆਰ ਬਣ ਕੇ ਰਹਿ ਗਿਆ। ਤ੍ਰਿਪ-ਤ੍ਰਿਪ ਹੰਝੂਆਂ ਦੇ ਸਿਵਾ ਉਹ ਕੁੱਝ ਵੀ ਨਾ ਬੋਲ ਸਕੀ। ਸ੍ਰੀਚੰਦ-ਲੱਖਮੀ ਚੰਦ ਲੱਤਾਂ ਨੂੰ ਚਿੰਬੜ ਗਏ।



ਏਨੇ ਵਿਚ ਸਾਰੀ ਤਲਵੰਡੀ ਵਿਚ ਖਬਰ ਫੈਲ ਗਈ, ਬਾਬਾ ਨਾਨਕ ਆਇਆ ਹੈ, ਬਾਬਾ ਕਾਲੂ ਬ੍ਰਿਧ ਜਿਸ ਨੇ ਸੱਚੇ ਸੌਦੇ ਸਮੇਂ ਵੀਹ ਰੁਪਏ ਪਿੱਛੇ ਨਾਨਕ ਨੂੰ ਚਪੇੜਾਂ ਮਾਰੀਆਂ ਸਨ, ਅੱਜ ਪੁੱਤਰ ਪਿਆਰ ਵਿਚ ਹੰਝੂ ਵਹਾ ਰਿਹਾ ਸੀ। ਲੰਮੇ ਵਿਛੋੜੇ ਨੇ ਉਸ ਦੇ ਦਿਲ ਨੂੰ ਮੋਮ ਬਣਾ ਦਿੱਤਾ ਸੀ। ਉਹ ਪੁੱਤਰ ਪਿਆਰ ਨੂੰ ਤਰਸ ਰਿਹਾ ਸੀ। ਧਾਅ ਕੇ ਨਾਨਕ ਨੂੰ ਗਲਵੱਕੜੀ ਵਿਚ ਲੈਂਦਾ ਹੈ, ਮੱਥਾ ਚੁੰਮਦਾ ਹੈ। ਨਾਨਕ ਉਸ ਲਈ ਇਕ ਛੋਟਾ ਬੱਚਾ ਬਣ ਗਿਆ ਹੈ, ਜਿਸ ਨੂੰ ਪਿਆਰ ਕਰਦਾ ਜਾਂਦਾ ਹੈ ਪਰ ਉਸ ਦਾ ਦਿਲ ਭਰਦਾ ਨਹੀਂ।

ਮਾਤਾ ਤ੍ਰਿਪਤਾ ਨਾਨਕ ਨੂੰ ਪੁਛਦੀ ਹੈ, "ਵੇ ਨਾਨਕਾ! ਤੂੰ ਸਾਲਾਂ-ਬੱਧੀ ਘਰ ਨਹੀਂ ਆਉਂਦਾ। ਕੀ ਤੈਨੂੰ ਸਾਡੀ ਯਾਦ ਬਿਲਕੁਲ ਨਹੀਂ ਆਉਂਦੀ? ਇਸ ਸੁਲੱਖਣੀ ਦੀ ਵੀ ਨਹੀਂ, ਜਿਹੜੀ ਤੇਰੇ ਰਾਹ ਵਿਚ ਪਲਕਾਂ ਵਿਛਾਈ ਬੈਠੀ ਰਹਿੰਦੀ ਹੈ। ਨਿੱਕੇ ਨਿੱਕੇ ਬਾਲ ਜੋ ਤੇਰੇ ਪਿਆਰ ਲਈ ਸਹਿਕਦੇ ਰਹਿੰਦੇ ਹਨ।"

ਨਾਨਕ ਹੱਸ ਛੱਡਦਾ ਹੈ, "ਮਾਂ ਇਹ ਸਾਰਾ ਸੰਸਾਰ ਮੇਰਾ ਘਰ ਹੈ, ਇਸ ਸੰਸਾਰ ਵਿਚ ਬਹੁਤ ਦੁੱਖ ਹੈ, ਸੰਤਾਪ ਹੈ। ਮੈਂ ਘਰ ਦੀ ਚਾਰਦੀਵਾਰੀ ਵਿਚ ਡੱਕਿਆ ਨਹੀਂ ਰਹਿ ਸਕਦਾ। ਮੈਂ ਪਰਮਾਤਮਾ ਦੇ ਹੁਕਮ ਦਾ ਬੱਝਾ ਹਾਂ, ਉਸ ਦੇ ਪਿਆਰ ਦਾ ਸੁਨੇਹਾ ਸਾਰੀ ਲੋਕਾਈ ਤਕ ਪਹੁੰਚਾਉਣਾ ਹੈ।"

ਮਰਦਾਨਾ ਕਹਿੰਦਾ ਹੈ, "ਨਹੀਂ ਮਾਂ ਨਾਨਕ ਯਾਦ ਕਰੇ ਨਾ ਕਰੇ, ਮੈਂ ਜ਼ਰੂਰ ਯਾਦ ਕਰਦਾ ਹਾਂ। ਨਾਨਕ ਜਦੋਂ ਕਿਸੇ ਮੁਰਦਾ ਰੂਹ ਅੰਦਰ ਰੂਹ ਫੂਕਦਾ ਹੈ, ਦੁਖੀ ਆਤਮਾ ਨੂੰ ਜਿਵਾਲਦਾ ਹੈ, ਠੰਢ ਪਹੁੰਚਾਉਂਦਾ ਹੈ, ਤਾਂ ਦੁਖੀ ਰੂਹ ਪੁਕਾਰ ਉਠਦੀ ਹੈ, 'ਧੰਨ ਜਨਨੀ ਜਿਨਿ ਜਾਇਆ ਤੈਨੂੰ, ਧੰਨ ਪਿਤਾ ਵਡਭਾਗੀ।' ਜਗਤ ਜਲੰਦਾ ਤਾਰਨ ਖਾਤਰ ਨਾਨਕ ਨੇ ਮੋਹ ਮਮਤਾ ਦਾ ਤਿਆਗ ਕੀਤਾ ਹੈ। ਮਾਤਾ ਤੂੰ ਸਚਮੁੱਚ ਧੰਨ ਹੈਂ, ਜਿਸ ਨੇ ਅਜਿਹਾ ਅਣਮੋਲ ਹੀਰਾ ਪੈਦਾ ਕੀਤਾ ਹੈ ਤੇ ਉਸ ਸਮੇਂ ਉਸ ਦੇ ਮੂੰਹੋਂ ਆਪ ਮੁਹਾਰਾ ਨਿਕਲਦਾ ਹੈ, ਧੰਨ ਜਨਨੀ-ਧੰਨ ਜਨਨੀ ਅੰਮੀ ਤੈਨੂੰ ਕਹਿੰਦਾ ਹੈ ਹਰ ਕੋਈ। ਮਾਂ ਤੂੰ ਤਾਂ ਸਾਡੇ ਰੋਮ-ਰੋਮ ਵਿਚ ਵਸਦੀ ਹੈਂ। ਤੈਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ।

ਬਾਬਾ ਨਾਨਕ ਬੋਲਿਆ, "ਨਹੀਂ ਮਾਂ, ਨਹੀਂ ਮੇਰੀ ਪਿਆਰੀ ਅੰਮੀ, ਮੈਂ ਹਰ ਪਲ, ਹਰ ਘੜੀ ਯਾਦ ਕਰਦਾ ਹਾਂ। ਇਹ ਪਿਆਰ ਲਫਜ਼ਾਂ ਦਾ ਮੁਹਤਾਜ ਨਹੀਂ। ਤੂੰ ਸਮਰੱਥ ਮਾਤਾ ਹੈਂ, ਮੈਨੂੰ ਪਤਾ ਹੈ ਤੇਰੇ ਪਿਆਰ ਦੀ ਛੱਤਰ ਛਾਇਆ ਹੇਠ ਸੁਲੱਖਣੀ ਨੂੰ ਕੋਈ ਔਖ ਨਹੀਂ ਹੋਵੇਗੀ। ਆਪਣੀ ਬੱਚੀ ਦੀ ਤਰ੍ਹਾਂ ਘੁੱਟ ਕਲੇਜੇ ਨਾਲ ਲਾਈ ਤੂੰ, ਇਸ ਨੂੰ ਬੈਠੀ ਹੈਂ। ਸੁਲੱਖਣੀ ਦੇ ਸਿਰ 'ਤੇ ਤੇਰਾ ਪਿਆਰ ਭਰਿਆ ਹੱਥ ਹੈ। ਸ੍ਰੀਚੰਦ-ਲੱਖਮੀ ਚੰਦ ਤੁਹਾਡੀਆਂ ਅੱਖਾਂ ਦੇ ਤਾਰੇ ਹਨ, ਭੈਣ ਨਾਨਕੀ, ਆਪ ਜੀ ਸੁਲੱਖਣੀ ਤੁਸਾਂ ਤਿੰਨਾਂ ਨੇ ਮੈਨੂੰ ਰੱਜਵਾਂ ਪਿਆਰ ਦਿੱਤਾ ਹੈ। ਮਾਂ ਸ਼ਬਦ ਕਿੰਨਾ ਮਿੱਠਾ ਤੇ ਪਿਆਰਾ ਸ਼ਬਦ ਹੈ। ਤੇਰੇ ਪਿਆਰ ਦੀ ਗਹਿਰਾਈ ਨੂੰ ਮਾਪਿਆ ਨਹੀਂ ਜਾ ਸਕਦਾ। ਤੇਰੀਆਂ ਸ਼ੁਭ ਕਾਮਨਾਵਾਂ, ਪ੍ਰਾਰਥਨਾਵਾਂ ਮੇਰਾ ਰਾਹ ਸੁਖਾਲਾ ਕਰਦੀਆਂ ਹਨ। ਮੇਰਾ ਦਿਲ ਕਰਦਾ ਹੈ ਜੋ ਅਰਸ਼ੀ ਪਿਆਰ ਮੈਂ ਤੁਹਾਡੇ ਤੋਂ ਪ੍ਰਾਪਤ ਕੀਤਾ ਹੈ, ਇਸ ਨੂੰ ਸਾਰੀ ਲੋਕਾਈ ਵਿਚ ਵੰਡ ਦਿਆਂ-ਮਾਂ ਦੀ ਮਮਤਾ ਦਾ ਪਿਆਰ ਦਾ ਸੁਨੇਹਾ ਘਰ-ਘਰ ਪਹੁੰਚਾ ਦਿਆਂ।"

# ਗੁਰੂ ਨਾਨਕ ਦੇਵ ਜੀ ਦਾ ਇਤਿਹਾਸਕ ਸਰੂਪ ਅਤੇ ਅਸੀਂ

ਡਾ. ਗੁਰਚਰਨ ਸਿੰਘ ਔਲਖ

ਗੁਰੂ ਨਾਨਕ ਦੇਵ ਜੀ ਦਾ ਸਰੂਪ ਤੇ ਸ਼ਖਸੀਅਤ ਅਜਿਹੇ ਹਨ, ਜਿਸ ਨੂੰ ਅੱਜ ਵੀ ਲੋਕਾਂ ਲਈ ਸਮਝਣਾ ਔਖਾ ਹੈ। ਉਨ੍ਹਾਂ ਨੇ 15ਵੀਂ ਸਦੀ ਵਿਚ ਫੈਲੇ ਅਨਿਆਂ, ਅੰਧਕਾਰ, ਕਰਮ-ਕਾਂਡ, ਅਸਹਿਣਸ਼ੀਲਤਾ ਤੇ ਵਰਨ-ਭੇਦ ਉਪਰ ਅਜਿਹੀ ਚੋਟ ਮਾਰੀ ਕਿ ਸਭ ਨੂੰ ਰੌਸ਼ਨੀ ਤੇ ਪ੍ਰਕਾਸ਼ ਦਾ ਅਹਿਸਾਸ ਹੋਇਆ। ਕਿਸੇ ਨੂੰ ਉਹ ਹਿੰਦੂ ਧਰਮ ਦਾ ਸੁਧਾਰਕ ਜਾਪਿਆ, ਕਿਸੇ ਨੂੰ ਉਹ ਕ੍ਰਾਂਤੀਕਾਰੀ। ਕਿਸੇ ਲਈ ਉਹ ਨਿਰੰਕਾਰ ਸੀ ਤੇ ਕਿਸੇ ਲਈ ਅਕਾਲ ਰੂਪ। ਕੋਈ ਉਸ ਨੂੰ ਦੀਵਾਨਾ ਆਖਦਾ, ਕੋਈ ਭੂਤਨਾ। ਉਹ ਵਿਰਾਟ ਰੂਪ ਸ਼ਖਸੀਅਤ ਸਨ। ਜਨਮ ਸਾਖੀਆਂ ਵਾਲਾ ਨਾਨਕ ਕੋਈ ਹੋਰ ਜਾਪਦਾ ਹੈ, ਬਾਣੀ ਵਿਚਲਾ ਨਾਨਕ ਕੋਈ ਵੱਖਰਾ ਹੈ।

ਕਥਾ-ਕਹਾਣੀਆਂ ਦਾ ਨਾਨਕ ਇਕ ਗੈਬੀ-ਸ਼ਖਸੀਅਤ ਹੈ ਤੇ ਭਾਗੋਆਂ, ਕੌਡੇ ਰਾਖਸ਼ਾਂ, ਲੋਧੀਆਂ ਤੇ ਬਾਬਰ ਨਾਲ ਕੌਤਕ ਕਰਦਾ ਉਹ ਇਕ ਇਨਕਲਾਬੀ ਤੋਂ ਘੱਟ ਨਹੀਂ ਜਾਪਦਾ। ਜੋਗੀਆਂ, ਸੰਨਿਆਸੀਆਂ, ਮੁਲਾਣਿਆਂ, ਪੰਡਿਤਾਂ ਲਈ ਉਹ ਤਰਕ ਦਾ ਤੂਫਾਨ ਸੀ, ਜਿਸ ਦੇ ਸਾਹਮਣੇ ਕਿਸੇ ਦਾ ਕੋਈ ਜਾਦੂ ਨਾ ਚੱਲਿਆ। ਉਹ ਬਹੁ-ਪਰਤਾਂ ਵਾਲੀ ਸ਼ਖਸੀਅਤ ਸਨ। ਉਨ੍ਹਾਂ ਦੇ ਬੌਧਿਕ ਤੇ ਅਧਿਆਤਮਕ ਮੰਡਲਾਂ ਦੀ ਕੋਈ ਸੀਮਾ ਜਾਂ ਹੱਦ ਨਹੀਂ ਸੀ।

ਜਦੋਂ 10-20 ਕੋਹ ਜਾਣਾ ਹੀ ਦੁਰਗਮ ਸੀ, ਉਸ ਸਮੇਂ ਹਿਮਾਲਾ ਪਰਬਤ ਗਾਹ ਮਾਰਨੇ, ਮੱਕੇ ਮਦੀਨੇ ਤਕ ਚਲੇ ਜਾਣਾ, ਜਿੱਥੇ ਗੈਰ-ਮੁਸਲਿਮ ਲਈ ਜਾਣਾ ਹੀ ਵਰਜਿਤ ਸੀ, ਲੰਕਾ, ਅਸਾਮ, ਸਿੱਕਮ-ਸਭ ਉਹਦੇ ਪੈਰਾਂ ਨੇ ਗਾਹੇ। ਉਨ੍ਹਾਂ ਦਾ ਜੀਵਨ ਇਕ ਮੁਅਜ਼ਜ਼ਾ ਸੀ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਤੇ ਸਰੂਪ ਨੂੰ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਵੇਖਿਆ ਗਿਆ ਹੈ।

ਆਰਚਰ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਉਹ ਵੀ ਸੀ ਜੈਸੀ ਭਾਰਤ ਤੇ ਸੰਸਾਰ ਦੇ ਲੋਕਾਂ ਦੀ ਉਸ ਬਾਰੇ ਧਾਰਨਾ ਸੀ ਪ੍ਰੰਤੂ ਉਹ ਐਸਾ ਵੀ ਸੀ ਜੈਸਾ ਉਸ ਨੂੰ ਸਿੱਖ ਸਮਝਦੇ ਸਨ। ਉਹ ਸਿੱਖਾਂ ਲਈ ਅਧਿਆਤਮਕ, ਇਤਿਹਾਸਕ ਸ਼ਖਸੀਅਤ ਸੀ, ਵਾਸਤਵਿਕ ਵਿਅਕਤੀ ਤੇ ਧਰਮ-ਕਲਪਨਾ ਦੀ ਰਚਨਾ। ਗੁਰੂ ਨਾਨਕ ਦੇਵ ਦੀ ਸ਼ਖਸੀਅਤ ਦੇ ਆਸਾਰ-ਪਾਸਾਰ ਇਤਨੇ ਹਨ ਕਿ ਉਹ ਆਪਣੇ ਸਮੇਂ ਅੰਦਰ ਹੀ ਦੈਵੀ ਹਸਤੀ ਬਣ ਗਏ ਸਨ। ਸ਼ਰਧਾ ਦੀ ਕੋਈ ਸੀਮਾ ਨਹੀਂ ਹੁੰਦੀ। ਗੁਰੂ ਨਾਨਕ ਦੇਵ ਦੀ ਅਲੌਕਿਕ ਸ਼ਖਸੀਅਤ ਬਾਰੇ ਤੇ ਯੁੱਗ-ਪਲਟਾਊ ਕਾਰਜਾਂ ਬਾਰੇ ਸੁਣ ਕੇ, ਜਾਣ ਕੇ ਨਵੀਂ ਰੌਸ਼ਨੀ ਫੈਲਦੀ ਸੀ, ਜੋ ਵੀ ਦੋ ਪਲ ਸੰਗਤ ਕਰ ਲੈਂਦਾ ਜਾਂ ਸ਼ਬਦ ਸੁਣ ਲੈਂਦਾ, ਉਹ ਪਾਰਸ ਹੋ ਜਾਂਦਾ। ਇਹੋ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਭੱਟਾਂ ਨੇ ਸ਼ਰਧਾ ਨਾਲ ਮਾਣਿਆ ਤੇ ਕਿਹਾ ਕਿ ਉਹ 'ਘਟਿ ਘਟਿ ਸਹਿਜ' ਸਮਾਇਆ ਹੋਇਆ ਸੀ:

ਦੂਰਬਾ ਪਰੂਰਉ ਅੰਗਰੈ
ਗੁਰ ਨਾਨਕ ਜਸ ਗਾਇਓ॥
ਕਬਿ ਕਲ ਸੁਜਸਮ ਨਾਨਕ
ਗੁਰ ਘਟਿ ਘਟਿ ਸਹਿਜ ਸਮਾਇਓ॥

ਤੇ ਪੰਜਵੇਂ ਨਾਨਕ, ਗੁਰੂ ਅਰਜਨ ਦੇਵ ਨੇ ਕਿਹਾ ਕਿ ਗੁਰੂ ਨਾਨਕ ਦੀ ਵਡਿਆਈ ਸੰਸਾਰ ਵਿਚ ਫੈਲ ਗਈ ਤੇ ਜਿਸ ਨੇ ਵੀ ਉਨ੍ਹਾਂ ਨੂੰ ਸੁਣਿਆ ਜਾਂ ਵੇਖਿਆ ਉਹ ਫਿਰ ਸੰਸਾਰ ਵਿਚ ਨਾ ਆਇਆ, ਉਸ ਨੂੰ ਮੁਕਤੀ ਪ੍ਰਾਪਤ ਹੋ ਗਈ:

ਸੁਣਿ ਅਰਦਾਸਿ ਸੁਆਮੀ ਮੇਰੇ
ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜਗੁ ਅੰਤਰਿ
ਗੁਰ ਨਾਨਕ ਦੀ ਵਡਿਆਈ॥

ਮੈਂ ਮੂਰਖ ਕੀ ਕੇਤਕ ਬਾਤ ਹੈ
ਕੋਟਿ ਅਪਰਾਧੀ ਤਰਿਆ ਰੇ॥
ਗੁਰ ਨਾਨਕ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰੇ॥

ਭਾਈ ਨੰਦ ਲਾਲ ਨੇ ਤਾਂ ਉਨ੍ਹਾਂ ਨੂੰ ਨਾਰਾਇਣ ਰੂਪ ਕਿਹਾ:

ਗੁਰੂ ਨਾਨਕ ਆਮਦ ਨਾਰਾਇਣ ਰੂਪ॥
ਹਮਾਨਾ ਨਿਰੰਜਨ ਨਿਰੰਕਾਰ ਰੂਪ॥

ਪ੍ਰੰਤੂ ਗੁਰੂ ਨਾਨਕ ਦੇਵ ਨੇ ਆਪਣੇ ਬਾਰੇ ਜੋ ਕਿਹਾ ਹੈ, ਉਹ ਵੀ ਕਮਾਲ ਹੈ:

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕ ਵੇਚਾਰਾ॥
ਭਇਆ ਦਿਵਾਨਾ ਸਾਹ ਕਾ
ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁਨ ਜਾਨਾ॥

ਉਹ ਇਨਸਾਨੀ ਰੂਪ ਵਿਚ ਪੈਗੰਬਰ ਸਨ, ਜੋ ਮਨੁੱਖ ਨੂੰ ਸਿੱਧੇ ਰਸਤੇ ਪਾਉਣ ਆਏ ਸਨ। ਉਨ੍ਹਾਂ ਨੇ ਜੋ ਕੁਝ ਕਿਹਾ, ਉਹ ਇਲਾਹੀ ਹੁਕਮ ਸੀ ਤੇ ਉਸੇ 'ਹੁਕਮਿ' ਨੂੰ ਉਨ੍ਹਾਂ ਅੰਕਿਤ ਕੀਤਾ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ॥

ਉਹ ਇਕ ਪੈਗੰਬਰ ਸਨ, ਜਿਨ੍ਹਾਂ ਦੀ ਅਕਾਲ ਪੁਰਖ ਨਾਲ ਸੁਰਤ ਜੁੜੀ ਹੋਈ ਸੀ। ਉਹ ਰੱਬੀ ਹੁਕਮ ਨੂੰ ਅਮਲ ਵਿਚ ਲਿਆਉਣ ਵਾਲਾ ਸਾਧਨ ਸਨ। ਜੋ ਕੁਝ ਉਨ੍ਹਾਂ ਕਿਹਾ, ਉਹ ਆਪ-ਮੁਹਾਰੇਪਣ ਦਾ ਜਲਵਾ ਸੀ। ਉਨ੍ਹਾਂ ਦਾ ਹਰ ਕਾਰਜ ਨਿਰਸੁਆਰਥ ਸੀ। ਮਨੁੱਖਤਾ ਦੀ ਭਲਾਈ ਹੀ ਉਨ੍ਹਾਂ ਦਾ ਮਨੋਰਥ ਸੀ। ਦੁਨੀਆਂ ਦੀ ਦਸ਼ਾ ਵੇਖ ਕੇ ਉਹ ਕੂਕ ਉਠੇ:

ਨਾਨਕ ਦੁਨੀਆ ਕੈਸੀ ਹੋਈ॥
ਸਾਲਕੁ ਮਿਤੁ ਨ ਰਹਿਓ ਕੋਈ॥
ਭਾਈ ਬੰਧੀ ਹੇਤੁ ਚੁਕਾਇਆ॥
ਦੁਨੀਆ ਕਾਰਣਿ ਦੀਨੁ ਗਵਾਇਆ॥

ਜੋ ਦੁਨੀਆਂ ਦੇ ਝੂਠੇ ਪਸਾਰੇ ਵਿਚ ਪੈ ਗਏ, ਉਹ ਰੱਬ ਨੂੰ ਭੁੱਲ ਗਏ, ਸੱਚ ਨੂੰ ਭੁੱਲ ਗਏ, ਹੱਕ-ਹਲਾਲ ਭੁੱਲ ਗਏ। ਗੁਰੂ ਨਾਨਕ ਦੇਵ ਦੀ ਆਵਾਜ਼ ਹੱਕ-ਸੱਚ 'ਤੇ ਪਹਿਰਾ ਦੇ ਰਹੀ ਸੀ। ਜਿਨ੍ਹਾਂ ਪਛਾਣ ਲਿਆ, ਉਹ ਸੱਚੇ ਮਾਰਗ ਦੇ ਪਾਂਧੀ ਬਣ ਗਏ।

ਇਹ ਵਿਡੰਬਨਾ ਹੀ ਕਹੋ ਕਿ ਅਸੀਂ ਇਤਿਹਾਸਕ ਗੁਰੂ ਨਾਨਕ ਤੋਂ ਬਹੁਤ ਦੂਰ ਜਾ ਚੁੱਕੇ ਹਾਂ। ਅਸੀਂ ਜਨਮ ਸਾਖੀਆਂ ਸੁਣਾ ਸੁਣਾ ਦੇ ਬੁੱਧੂਆਂ ਨੂੰ ਹੋਰ ਬੁੱਧੂ ਬਣਾ ਰਹੇ ਹਾਂ ਤੇ ਗੁਰੂ ਨਾਨਕ ਦੇ ਬਾਣੀ ਸਰੂਪ ਨੂੰ ਭੁੱਲ ਗਏ ਹਾਂ ਤੇ ਉਸ ਦੇ ਥਾਂ ਥਾਂ ਗਲਤ ਅਰਥ ਕਰਕੇ, ਉਸ ਨੂੰ ਚੋਰੀ ਛੁਪੇ ਜਲਾ ਕੇ ਇਕ ਮੁਆਫ ਨਾ ਕੀਤੇ ਜਾਣ ਵਾਲਾ ਅਪਰਾਧ ਕਰ ਰਹੇ ਹਾਂ। ਅਜਿਹੇ ਮੂਰਖਾਂ ਦੀ ਰਾਖੀ ਕਰ ਰਹੇ ਹਾਂ। ਸਾਡਾ ਇਸ਼ਾਰਾ ਉਨ੍ਹਾਂ ਲੋਕਾਂ ਵੱਲ ਹੈ ਜੋ ਅਖੌਤੀ ਬਾਬੇ ਦੀਆਂ ਗੱਡੀਆਂ ਚਲਾ ਰਹੇ ਹਨ ਤੇ ਉਹਦੀਆਂ ਕਾਲੀਆਂ ਕਰਤੂਤਾਂ ਅੱਗੇ ਸਿਰ ਨਿਵਾਉਣ ਲਈ ਮੰਤਰੀ, ਪੁਲਿਸ ਅਧਿਕਾਰੀ ਤੇ ਜੱਜ ਵੀ ਆਦਮੀਅਤ ਨੂੰ ਕਲੰਕਿਤ ਕਰ ਰਹੇ ਹਨ। ਸ਼ਾਇਦ ਦੁਨਿਆਵੀ ਵਸਤੂਆਂ ਦੀ ਖਿੱਚ ਸਾਨੂੰ 'ਅਸਲ' ਤੋਂ ਦੂਰ ਲੈ ਗਈ ਹੈ। ਅੱਜ ਇਤਿਹਾਸ ਦੇ ਚਮਕਦੇ ਸੂਰਜ ਨੂੰ ਵੇਖਣ ਦੀ ਲੋੜ ਹੈ। ਉਲੂ ਬਣ ਕੇ ਵਿਚਰਨਾ ਸਮੇਂ ਨਾਲ ਅਨਿਆਂ ਹੈ। ਜੇ ਉਲੂ ਨੇ ਅੱਖਾਂ ਮੀਟ ਲੈਣੀਆਂ ਹਨ ਤਾਂ ਸੂਰਜ ਦੀ ਰੌਸ਼ਨੀ ਖਤਮ ਤਾਂ ਨਹੀਂ ਹੋ ਜਾਏਗੀ। ਉਸ ਰੌਸ਼ਨੀ ਨੂੰ ਵੇਖਣ ਵਾਲੀ ਅੱਖ ਬਣੋ ਤੇ ਫਿਰ ਹੱਕ, ਹਲਾਲ, ਕਿਰਤ ਕਮਾਈ, ਸੱਚ, ਨਿਆਂ ਦਾ ਪਹਿਰਾ ਹੋਵੇਗਾ। ਐਸਾ ਰਾਜ ਜਿਸ ਦਾ ਗੁਰੂ ਨਾਨਕ ਨੇ ਸੰਕਲਪ ਕੀਤਾ ਸੀ:


ਕੂੜਾ ਲਾਲਚੁ ਛਡੀਐ
ਹੋਇ ਇਕ ਮਨਿ ਅਲਖੁ ਧਿਆਇਐ॥
ਫਲੁ ਤੇ ਵੇਹੋ ਪਾਈਐ
ਜੇਵੇਹੀ ਕਾਰ ਕਮਾਈਐ॥

ਗਲਤ ਰਾਹਾਂ ਦਾ ਤਿਆਗ ਜ਼ਰੂਰੀ ਹੈ ਕਿਉਂਕਿ ਇਹ ਸਭ ਕੂੜਾ ਹੈ:

ਕੂੜੁ ਰਾਜਾ ਕੂੜਾ ਪਰਜਾ ਕੂੜੁ ਸਭੁ ਸੰਸਾਰ॥
---
ਕਿਸੁ ਨਾਲਿ ਕੀਚੈ ਦੋਸਤੀ
ਸਭੁ ਜਗੁ ਚਲਣਹਾਰ॥

# ਪਹਿਲੀ ਸੰਸਾਰ ਜੰਗ ਅਤੇ ਪੰਜਾਬ

***ਪਹਿਲੀ ਸੰਸਾਰ ਜੰਗ ਵਿਚ ਪੰਜਾਬੀਆਂ ਦੇ ਯੋਗਦਾਨ ਦੇ ਕਈ ਪੱਖ ਹਨ। ਇਕ ਪਾਸੇ ਫੌਜ ਵਿਚ ਭਰਤੀ ਹੋਏ ਪੰਜਾਬੀਆਂ ਨੇ ਅੰਗਰੇਜ਼ਾਂ ਲਈ ਜਾਨਾਂ ਹੂਲ ਕੇ ਇਸ ਸਾਮਰਾਜ ਨੂੰ ਮਜ਼ਬੂਤ ਕੀਤਾ, ਦੂਜੇ ਪਾਸੇ ਅਮਰੀਕਾ ਵਿਚ ਪੜ੍ਹਨ ਅਤੇ ਰੋਜ਼ੀ-ਰੋਟੀ ਲਈ ਗਏ ਪੰਜਾਬੀਆਂ ਨੂੰ ਲੱਗਾ ਕਿ ਜੰਗ 'ਚ ਫਸੇ ਅੰਗਰੇਜ਼ਾਂ ਦੀ ਕੰਗਰੋੜ ਤੋੜਨ ਦਾ ਸਹੀ ਮੌਕਾ ਆਣ ਢੁੱਕਾ ਹੈ ਤੇ ਉਨ੍ਹਾਂ ਅੰਗਰੇਜ਼ਾਂ ਖਿਲਾਫ ਜੰਗ ਦਾ ਬਿਗਲ ਵਜਾ ਦਿੱਤਾ। ਇਨ੍ਹਾਂ ਨੌਜਵਾਨਾਂ, ਜੋ ਮਗਰੋਂ ਗਦਰੀਆਂ ਵਜੋਂ ਮਸ਼ਹੂਰ ਹੋਏ, ਨੇ ਮੌਕੇ ਦੀ ਨਜ਼ਾਕਤ ਦੇਖਦਿਆਂ ਪੜਾਅਵਾਰ ਗਦਰ ਕਰਨ ਦੀ ਆਪਣੀ ਮੁਢਲੀ ਯੋਜਨਾ ਵਿਚ ਵੱਡੀ ਤਬਦੀਲੀ ਕਰਕੇ ਤੁਰੰਤ ਗਦਰ ਮਚਾਉਣ ਦਾ ਫੈਸਲਾ ਕੀਤਾ। ਉਸ ਸਮੇਂ ਨਾਲ ਜੁੜੇ ਅਜਿਹੇ ਤੱਥਾਂ ਬਾਰੇ ਚਰਚਾ ਅਖਬਾਰ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***



ਚਿੱਤਰਕਾਰ ਪ੍ਰਾਣ ਨਾਥ ਮਾਗੋ ਦਾ ਬਣਾਇਆ ਚਿੱਤਰ ਵਿਦਾਇਗੀ। ਇਸ ਚਿੱਤਰ ਵਿਚ ਲਾਮ 'ਤੇ ਜਾ ਰਿਹਾ ਫੌਜੀ ਆਪਣੇ ਪਰਿਵਾਰ ਦੇ ਜੀਆਂ ਨੂੰ ਮਿਲ ਰਿਹਾ ਹੈ

ਰਾਬਿੰਦਰ ਨਾਥ ਟੈਗੋਰ ਨੇ ਗੀਤਾਂਜਲੀ ਵਿਚ ਲਿਖਿਆ ਹੈ, "ਜਦੋਂ ਮੈਂ ਇਥੋਂ ਜਾਵਾਂਗਾ ਤਾਂ ਇਨ੍ਹਾਂ ਸ਼ਬਦਾਂ ਨੂੰ ਮੇਰੇ ਵਿਦਾਈ ਸ਼ਬਦ ਸਮਝਣਾ ਕਿਉਂਕਿ ਜੋ ਮੈਂ ਦੇਖਿਆ ਹੈ, ਉਹ ਅਦਭੁੱਤ ਸੀ ਤੇ ਕੋਈ ਵੀ ਉਸ ਤੋਂ ਅਗਾਂਹ ਨਹੀਂ ਜਾ ਸਕਦਾ।"

ਟੈਗੋਰ ਨੇ ਇਹ ਸ਼ਬਦ ਉਦੋਂ ਲਿਖੇ, ਜਦੋਂ ਉਸ ਦਾ ਮਨ ਕੁਦਰਤ ਦੀ ਵਿਸ਼ਾਲਤਾ ਵੇਖਦਿਆਂ ਅਚੰਭੇ ਨਾਲ ਭਰ ਗਿਆ, ਵਿਸਮਾਦ ਦੀ ਅਵਸਥਾ ਵਿਚ। ਇਹੀ ਸ਼ਬਦ ਇੰਗਲੈਂਡ ਦੇ ਪ੍ਰਸਿਧ ਸ਼ਾਇਰ ਵਿਲਫਰੈਡ ਓਵਨ ਨੇ ਪਹਿਲੀ ਸੰਸਾਰ ਜੰਗ ਵਿਚ ਲੜਦਿਆਂ ਆਪਣੀ ਮਾਂ ਨੂੰ ਭੇਜੇ ਆਖਰੀ ਖਤ ਵਿਚ

**ਸਵਰਾਜਬੀਰ**

ਲਿਖੇ। ਉਹ ਪਹਿਲੀ ਸੰਸਾਰ ਜੰਗ ਦੀ ਉਸ ਭਿਆਨਕਤਾ ਨੂੰ ਵੇਖ ਰਿਹਾ ਸੀ, ਜੋ ਹੁਣ ਤਕ ਦੀਆਂ ਜੰਗਾਂ ਵਿਚੋਂ ਸਭ ਤੋਂ ਵੱਧ ਅਮਾਨਵੀ ਸੀ, ਜਿਸ ਵਿਚ ਲੱਖਾਂ ਲੋਕ ਮਾਰੇ ਗਏ ਤੇ ਅਪਾਹਜ ਹੋਏ। ਵਿਲਫਰੈਡ ਓਵਨ ਖੁਦ ਮਾਰਿਆ ਗਿਆ।

1992-93 ਵਿਚ ਇਸ ਜੰਗ ਬਾਰੇ 'ਬਰਡ ਸਾਂਗ' (ਇਹ ਨਾਵਲ 1993 ਵਿਚ ਛਪਿਆ ਸੀ) ਨਾਂ ਦਾ ਨਾਵਲ ਲਿਖਦਿਆਂ ਸਬੈਸਟੀਅਨ ਫਾਕਸ ਨੇ ਫਿਰ ਇਹੀ ਸ਼ਬਦ ਵਰਤੇ, ਇਹ ਦੱਸਣ ਲਈ ਕਿ ਮਨੁੱਖਤਾ ਨੇ ਦੂਜੀ ਸੰਸਾਰ ਜੰਗ ਦੌਰਾਨ ਜਿਹੋ ਜਿਹੇ ਅਮਾਨਵੀ ਦਿਸਹੱਦੇ ਵੇਖੇ, ਪਹਿਲੀ ਸੰਸਾਰ ਜੰਗ ਦਾ ਕਹਿਰ ਤੇ ਭਿਅੰਕਰਤਾ ਵੀ ਓਨੀ ਹੀ ਅਮਾਨਵੀ ਪਰਵੇਸ਼ ਵਾਲੀ ਸੀ।

ਇਸ ਜੰਗ ਵਿਚ ਇਕ ਪਾਸੇ ਜਰਮਨੀ, ਆਸਟਰੀਆ-ਹੰਗਰੀ ਤੇ ਇਟਲੀ ਦੀ ਤਿਕੜੀ ਸੀ ਅਤੇ ਦੂਜੇ ਪਾਸੇ ਫਰਾਂਸ, ਰੂਸ ਤੇ ਇੰਗਲੈਂਡ ਦੀ। ਜਾਪਾਨ ਤੇ ਰੋਮਾਨੀਆ ਨੇ ਫਰਾਂਸ, ਰੂਸ ਤੇ ਇੰਗਲੈਂਡ ਦਾ ਸਾਥ ਦਿੱਤਾ ਜਦੋਂਕਿ ਆਟੋਮਨ ਬਾਦਸ਼ਾਹਤ ਨੇ ਆਸਟਰੀਆ-ਹੰਗਰੀ ਤੇ ਜਰਮਨੀ ਦਾ। ਅਮਰੀਕਾ ਨੇ ਪਹਿਲਾਂ ਨਿਰਪੱਖਤਾ ਵਿਖਾਈ ਪਰ 1917 ਵਿਚ ਉਸ ਨੇ ਜਰਮਨੀ ਵਿਰੁਧ ਜੰਗ ਦਾ ਐਲਾਨ ਕੀਤਾ ਅੰਤਲੇ ਵਰ੍ਹਿਆਂ ਵਿਚ ਇਟਲੀ ਦੂਜੀ ਧਿਰ ਨਾਲ ਰਲ ਗਿਆ। ਇਸ ਜੰਗ ਦਾ ਮੁੱਖ ਕਾਰਨ ਸੀ ਕਿ ਇਹ ਤਾਕਤਾਂ ਏਸ਼ੀਆ ਤੇ ਅਫਰੀਕਾ ਦੇ ਵੱਧ ਤੋਂ ਵੱਧ ਦੇਸ਼ਾਂ 'ਤੇ ਕਾਬਜ਼ ਹੋਣਾ ਚਾਹੁੰਦੀਆਂ ਸਨ ਤੇ ਉਥੋਂ ਦੇ ਕੁਦਰਤੀ ਖਜ਼ਾਨੇ ਲੁੱਟਣ ਦੇ ਨਾਲ ਉਥੇ ਆਪਣੀਆਂ ਮੰਡੀਆਂ ਸਥਾਪਤ ਕਰਨਾ ਚਾਹੁੰਦੀਆਂ ਸਨ। ਜਰਮਨੀ ਵੱਧ ਰਫਤਾਰ ਨਾਲ ਤਰੱਕੀ ਕਰਕੇ ਤਾਕਤਵਰ ਬਣ ਰਿਹਾ ਸੀ ਤੇ ਇੰਗਲੈਂਡ ਤੇ ਫਰਾਂਸ ਰੂਸ ਨਾਲ ਮਿਲ ਕੇ ਉਸ ਦੇ ਵਧਦੇ ਪਸਾਰ ਨੂੰ ਰੋਕਣਾ ਚਾਹੁੰਦੇ ਸਨ।

ਇਸ ਜੰਗ ਨੇ ਦੁਨੀਆਂ ਦੇ ਇਤਿਹਾਸ ਵਿਚ ਇਤਿਹਾਸਕ ਤਬਦੀਲੀਆਂ ਲਿਆਂਦੀਆਂ। ਰੂਸੀ, ਜਰਮਨ, ਆਸਟਰੋ-ਹੰਗਰੀਅਨ ਤੇ ਇਟਾਲੀਅਨ ਬਾਦਸ਼ਾਹਤਾਂ ਤਬਾਹ ਹੋ ਗਈਆਂ ਤੇ ਇਨ੍ਹਾਂ ਦੀ ਥਾਂ ਕੌਮੀਅਤ 'ਤੇ ਆਧਾਰਤ ਦੇਸ਼ ਹੋਂਦ ਵਿਚ ਆਏ। ਰੂਸ ਵਿਚ ਸੋਵੀਅਤ ਇਨਕਲਾਬ ਆਇਆ। 1918 ਵਿਚ ਜੰਗਬੰਦੀ ਹੋ ਗਈ ਅਤੇ ਵਰਸੇਲਜ਼ ਦੀ ਸੰਧੀ ਰਾਹੀਂ ਜਰਮਨੀ ਉਤੇ ਬਹੁਤ ਸਖਤ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ। ਸਿੱਟੇ ਵਜੋਂ ਨਾਜ਼ੀ ਪਾਰਟੀ ਦਾ ਉਦੈ ਸ਼ੁਰੂ ਹੋਇਆ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਯਹੂਦੀਆਂ ਦੇ ਘਾਣ ਤੇ ਦੂਜੀ ਸੰਸਾਰ ਜੰਗ ਦੀ ਬੁਨਿਆਦ ਪਹਿਲੀ ਸੰਸਾਰ ਜੰਗ ਦੇ ਖਤਮ ਹੋਣ ਦੇ ਨਾਲ ਹੀ ਰੱਖੀ ਗਈ।

ਜੰਗ ਵਿਚ ਲਗਭਗ ਸੱਤ ਕਰੋੜ ਲੋਕਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ ਛੇ ਕਰੋੜ ਯੂਰਪੀ ਸਨ। ਲਗਭਗ 90 ਲੱਖ ਫੌਜੀ ਅਤੇ 7 ਲੱਖ ਆਮ ਲੋਕ ਮਾਰੇ ਗਏ। ਭੁੱਖਮਰੀ, ਪਲੇਗ ਅਤੇ ਇਨਫਲੂਇੰਜ਼ਾ ਦੀਆਂ ਬਿਮਾਰੀਆਂ ਨੇ ਲੱਖਾਂ ਜਾਨਾਂ ਲਈਆਂ। ਇਸ ਦੌਰਾਨ ਹੋਈ ਨਸਲਕੁਸ਼ੀ ਵਿਚ 15 ਲੱਖ ਅਰਮੀਨੀਅਨ, 2.5 ਲੱਖ ਅਸੀਰਅਨ (ਇਰਾਕ, ਟਰਕੀ ਆਦਿ ਵਿਚ ਰਹਿਣ ਵਾਲੇ) ਈਸਾਈ ਤੇ 3.5 ਲੱਖ ਤੋਂ ਵੱਧ ਅਨਤੋਲੀਅਨ ਤੇ ਪੋਂਟਿਕ



*ਇੰਗਲੈਂਡ ਦਾ ਪ੍ਰਸਿਧ ਸ਼ਾਇਰ ਵਿਲਫਰੈਡ ਓਵਨ, ਜੋ ਪਹਿਲੀ ਸੰਸਾਰ ਜੰਗ ਵਿਚ ਮਾਰਿਆ ਗਿਆ*

ਗਰੀਕ ਮਾਰੇ ਗਏ।

ਇਸ ਜੰਗ ਵਿਚ ਹਿੰਦੋਸਤਾਨ ਦੇ ਦਸ ਲੱਖ ਸਿਪਾਹੀ ਵੀ ਸ਼ਾਮਲ ਹੋਏ ਜਿਨ੍ਹਾਂ ਵਿਚੋਂ ਲਗਭਗ 74 ਹਜ਼ਾਰ ਮਾਰੇ ਗਏ ਅਤੇ 70 ਹਜ਼ਾਰ ਜ਼ਖਮੀ ਹੋਏ। ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਤੋਂ ਗਈਆਂ ਫੌਜਾਂ ਅਫਰੀਕਾ, ਯੂਰਪ, ਮੈਸੋਪੋਟਾਮੀਆ (ਦਜ਼ਲਾ ਤੇ ਫਰਾਤ ਦਰਿਆਵਾਂ ਵਿਚਲਾ ਖੇਤਰ, ਜਿਸ ਵਿਚ ਇਰਾਕ, ਕੁਵੈਤ ਤੇ ਸਾਊਦੀ ਅਰਬ, ਸੀਰੀਆ ਤੇ ਟਰਕੀ ਦੇ ਕੁਝ ਹਿੱਸੇ ਸ਼ਾਮਲ ਹਨ), ਗੈਲੀਪੋਲੀ ਅਤੇ ਦੁਨੀਆਂ ਦੇ ਹੋਰ ਭਾਗਾਂ ਵਿਚ ਲੜੀਆਂ। ਮੈਸੋਪੋਟਾਮੀਆ ਵਿਚ ਲੜੀਆਂ ਫੌਜਾਂ ਵਿਚ ਪੰਜਾਬ ਦੇ ਬਹੁਤ ਸਾਰੇ ਸਿਪਾਹੀਆਂ ਨੇ ਹਿੱਸਾ ਲਿਆ ਤੇ ਇਸ ਕਰਕੇ ਪੰਜਾਬੀ ਇਸ ਨੂੰ 'ਬਸਰੇ ਦੀ ਲਾਮ' ਕਹਿ ਕੇ ਵੀ ਯਾਦ ਕਰਦੇ ਹਨ।

ਜੰਗ ਸ਼ੁਰੂ ਹੋਣ ਵੇਲੇ ਹਿੰਦੋਸਤਾਨ ਤੋਂ ਗਈਆਂ ਫੌਜਾਂ ਵਿਚ ਇਕ ਲੱਖ ਪੰਜਾਬੀ ਸ਼ਾਮਿਲ ਸਨ ਜਿਨ੍ਹਾਂ ਦੀ ਗਿਣਤੀ 1918 ਤਕ ਚਾਰ ਲੱਖ ਸੱਤਰ ਹਜ਼ਾਰ ਤਕ ਪਹੁੰਚ ਗਈ। ਇਸ ਤਰ੍ਹਾਂ ਪੰਜਾਬੀ ਹਿੰਦੋਸਤਾਨ ਤੋਂ ਗਈ ਫੌਜ ਦਾ 40 ਫੀਸਦੀ ਹਿੱਸਾ ਹੋ ਗਏ ਜਦੋਂਕਿ ਪੰਜਾਬ ਦੀ ਆਬਾਦੀ ਹਿੰਦੋਸਤਾਨ ਦੀ ਆਬਾਦੀ ਦਾ 7.5 ਫੀਸਦ ਸੀ। ਲਗਭਗ 13 ਹਜ਼ਾਰ ਪੰਜਾਬੀ ਸਿਪਾਹੀ ਮਾਰੇ ਗਏ ਅਤੇ ਏਨੀ ਹੀ ਗਿਣਤੀ ਵਿਚ ਜ਼ਖ਼ਮੀ ਹੋਏ। ਇਸ ਭਰਤੀ ਵਿਚ ਕੁਝ ਲੋਕ ਤਾਂ ਮਰਜ਼ੀ ਨਾਲ ਭਰਤੀ ਹੋਏ ਪਰ ਬਹੁਤ ਸਾਰੀ ਭਰਤੀ ਜ਼ਬਰਦਸਤੀ ਕਰਵਾਈ ਗਈ ਅਤੇ ਜ਼ਬਰਦਸਤੀ ਭਰਤੀ ਕਰਾਉਣ ਵਾਲਿਆਂ ਨੂੰ ਵੱਡੇ ਵੱਡੇ ਸਰਕਾਰੀ ਖਿਤਾਬਾਂ ਤੇ ਜਗੀਰਾਂ ਨਾਲ ਨਿਵਾਜਿਆ ਗਿਆ।

***ਜੰਗ ਸ਼ੁਰੂ ਹੋਣ ਵੇਲੇ ਹਿੰਦੋਸਤਾਨ ਤੋਂ ਗਈਆਂ ਫੌਜਾਂ ਵਿਚ ਇਕ ਲੱਖ ਪੰਜਾਬੀ ਸ਼ਾਮਿਲ ਸਨ ਜਿਨ੍ਹਾਂ ਦੀ ਗਿਣਤੀ 1918 ਤਕ ਚਾਰ ਲੱਖ ਸੱਤਰ ਹਜ਼ਾਰ ਤਕ ਪਹੁੰਚ ਗਈ। ਇਸ ਤਰ੍ਹਾਂ ਪੰਜਾਬੀ ਹਿੰਦੋਸਤਾਨ ਤੋਂ ਗਈ ਫੌਜ ਦਾ 40% ਹਿੱਸਾ ਹੋ ਗਏ ਜਦੋਂਕਿ ਪੰਜਾਬ ਦੀ ਆਬਾਦੀ ਹਿੰਦੋਸਤਾਨ ਦੀ ਆਬਾਦੀ ਦਾ 7.5 ਫੀਸਦ ਸੀ। ਲਗਭਗ 13 ਹਜ਼ਾਰ ਪੰਜਾਬੀ ਸਿਪਾਹੀ ਮਾਰੇ ਗਏ ਅਤੇ ਏਨੀ ਹੀ ਗਿਣਤੀ ਵਿਚ ਜ਼ਖ਼ਮੀ ਹੋਏ।***

ਬਸਤੀਵਾਦੀ ਨਿਜ਼ਾਮ ਹੇਠ ਰਹਿ ਚੁਕੇ ਲੋਕਾਂ ਅਤੇ ਉਨ੍ਹਾਂ ਦੇ ਵਾਰਸਾਂ ਦੀ ਮਾਨਸਿਕਤਾ ਬਹੁਤ ਜਟਿਲ ਤੇ ਗੁੰਝਲਦਾਰ ਹੁੰਦੀ ਹੈ। ਪੰਜਾਬੀਆਂ ਨੂੰ ਵੀ ਇਹ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਕਿ ਪਹਿਲੀ ਸੰਸਾਰ ਜੰਗ ਵਿਚ ਮਾਰੇ ਜਾਣ ਵਾਲੇ ਪੰਜਾਬੀਆਂ ਨੂੰ ਉਨ੍ਹਾਂ ਦੀ ਬਹਾਦਰੀ ਦੀ ਦਾਸਤਾਨ ਵਜੋਂ ਪੇਸ਼ ਕੀਤਾ ਜਾਏ ਜਾਂ ਮਜਬੂਰੀ ਕਾਰਨ ਜਾਂ ਮਰਜ਼ੀ ਨਾਲ ਭਰਤੀ ਹੋਏ ਲੋਕਾਂ ਦੀ ਉਸ ਹੋਣੀ ਵਜੋਂ, ਜਿਸ ਕਰਕੇ ਉਨ੍ਹਾਂ ਨੂੰ ਬਸਤੀਵਾਦੀ ਹਿੱਤਾਂ ਲਈ ਲੜਨਾ ਪਿਆ। ਪੰਜਾਬੀ ਲੋਕ-ਮਾਨਸ ਵਿਚ ਇਹ ਯਾਦਾਂ ਬਹੁਤ ਵਿਰੋਧਾਭਾਸ ਵਾਲੀਆਂ ਹਨ। ਜੰਗ ਦੇ ਸ਼ੁਰੂ ਵਿਚ ਭਾਈ ਛਲੀਆ ਪਟਿਆਲੇ ਵਾਲੇ ਨੇ ਅੰਗਰੇਜ਼ਾਂ ਦੇ ਕਹਿਣ 'ਤੇ ਇਹ ਤਵਾ ਬਣਾਇਆ:

ਭਰਤੀ ਹੋ ਜਾ ਵੇ,
ਬਾਹਰ ਖੜ੍ਹੇ ਰੰਗਰੂਟ।
ਏਥੇ ਖਾਵੇਂ ਸੁੱਕੀ ਹੋਈ ਰੋਟੀ,
ਉਥੇ ਖਾਵੇਂ ਫਰੂਟ।
ਏਥੇ ਪਾਵੇਂ ਫਟੇ ਹੋਏ ਲੀੜੇ,
ਉਥੇ ਪਾਵੇਂ ਸੂਟ।
ਏਥੇ ਪਾਵੇਂ ਟੁੱਟੀ ਹੋਈ ਜੁੱਤੀ,
ਉਥੇ ਪਾਵੇਂ ਬੂਟ।

ਜਦ ਲੜਾਈ ਬਹੁਤ ਲੰਬੀ ਹੋ ਗਈ ਅਤੇ ਪੰਜਾਬੀਆਂ ਦੇ ਵੱਡੀ ਗਿਣਤੀ ਵਿਚ ਮਰਨ ਅਤੇ ਜੰਗ ਦੌਰਾਨ ਅਣਮਨੁੱਖੀ ਤੇ ਅਮਾਨਵੀ ਹਾਲਾਤ ਦੀਆਂ ਖਬਰਾਂ ਪੰਜਾਬ ਪਹੁੰਚੀਆਂ ਤਾਂ ਪੰਜਾਬੀ ਲੋਕ-ਮਾਨਸ ਹਲੂਣਿਆ ਗਿਆ ਜਿਸ ਦੀਆਂ ਯਾਦਾਂ ਇਹੋ ਜਿਹੇ ਗੀਤਾਂ ਵਿਚ ਸਮੋਈਆਂ ਹੋਈਆਂ ਹਨ:

ਸੜਕਾਂ ਵਿਚ ਟੋਏ ਨੀ
ਬੱਚੜੇ ਗਰੀਬਾਂ ਦੇ
ਬਸਰੇ ਵਿਚ ਮੋਏ ਨੀ।

ਸੜਕਾਂ 'ਤੇ ਜੰਡੀਆਂ ਨੀ
ਬਸ ਕਰ ਜਰਮਨ ਭੈੜਿਆ
ਘਰ ਘਰ ਰੰਡੀਆਂ ਨੀ।

ਤੱਤੀ ਰੇਤ ਕੜਾਹੀਆਂ ਦੀ
ਬਸ ਕਰ ਜਰਮਨੀਆ
ਨਈਂ ਲੋੜ ਲੜਾਈਆਂ ਦੀ।

ਮਰ ਗਏ ਪੰਛੀ, ਮਰ ਗਏ ਹਾਸੇ,
ਸੱਭੇ ਬੇੜੀਆਂ ਡੁੱਬੀਆਂ।
ਖਾ ਖਾ ਮਾਸ ਲਹੂ ਵੀ ਪੀਣੇ,
ਕਬਰ ਦੀਆਂ ਨੇ ਰਮਜ਼ਾਂ ਗੁੱਝੀਆਂ।

ਦਿਲ ਨੂੰ ਧੂਹ ਪਾਉਣ ਵਾਲੀਆਂ ਇਹ ਸਤਰਾਂ ਵੀ ਉਨ੍ਹਾਂ ਵੇਲਿਆਂ ਦੀ ਯਾਦ ਹਨ:

ਬਸਰੇ ਦੀ ਲਾਮ ਟੁੱਟ ਜੇ
ਨੀ ਮੈਂ ਰੰਡੀਓਂ ਸੁਹਾਗਣ ਹੋਵਾਂ।

ਤੇ ਫੇਰ ਜਦੋਂ ਪੰਜਾਬੀ ਘਰਾਂ ਨੂੰ ਮੁੜੇ ਤਾਂ ਪੰਜਾਬੀ ਮਾਂਵਾਂ ਨੇ ਕਿਹਾ:


ਮਾਂਵਾਂ ਦੇ ਸਭ ਬੱਚੜੇ ਪਰਦੇਸ
ਮੈਂਡੇ ਬੱਚੜਿਓ ਵੇ, ਮੌਲਾ ਲਾਮ ਤ੍ਰੋੜੇ ਨੇ
ਪੰਜ ਤਨ ਰਾਖਾ ਨੇ, ਅੱਲਾ ਖੈਰੀਂ ਮੋੜੇ ਨੇ।

ਪਰ ਗੱਲ ਇਥੇ ਹੀ ਖਤਮ ਨਹੀਂ ਹੁੰਦੀ। ਜੰਗ ਦੇ ਸ਼ੁਰੂ ਵਿਚ ਹੀ ਕੈਨੇਡਾ ਤੇ ਅਮਰੀਕਾ ਨੂੰ ਪਰਵਾਸ ਕਰ ਗਏ ਪੰਜਾਬੀਆਂ ਨੇ ਗਦਰ ਪਾਰਟੀ ਬਣਾਈ ਅਤੇ ਉਹ ਅੰਗਰੇਜ਼ੀ ਰਾਜ ਦਾ ਤਖਤਾ ਪਲਟਾਉਣ ਲਈ ਪੰਜਾਬ ਪਰਤੇ। ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਹੋਰਨਾਂ ਦੀ ਅਗਵਾਈ ਹੇਠ ਕਰਵਾਈ ਜਾਣ ਵਾਲੀ ਫੌਜੀ ਬਗਾਵਤ ਕਾਮਯਾਬ ਨਾ ਹੋਈ ਅਤੇ ਬਹੁਤ ਸਾਰੇ ਗਦਰੀ ਫਾਂਸੀ 'ਤੇ ਟੰਗੇ ਗਏ ਤੇ ਬਾਕੀਆਂ ਨੇ ਕਾਲੇ ਪਾਣੀ ਵਿਚ ਲੰਬੀਆਂ ਸਜ਼ਾਵਾਂ ਭੋਗੀਆਂ।

ਇਸੇ ਤਰ੍ਹਾਂ ਗਦਰੀਆਂ ਦੇ ਪ੍ਰਭਾਵ ਹੇਠਾਂ ਆਈ ਸਿੰਗਾਪੁਰ 'ਚ ਸਥਿਤ ਪੰਜਵੀਂ ਲਾਈਟ ਇਨਫੈਂਟਰੀ, ਜਿਸ ਵਿਚ ਬਹੁਤੇ ਪੰਜਾਬੀ, ਮੁਸਲਮਾਨ ਤੇ ਪਠਾਣ ਸਨ, ਨੇ ਬਗਾਵਤ ਕਰ ਦਿੱਤੀ। ਇਸ ਰਜਮੈਂਟ ਦੇ ਬਹੁਤ ਸਾਰੇ ਵਿਦਰੋਹੀਆਂ ਨੂੰ ਉਮਰ ਕੈਦ ਤੇ ਹੋਰ ਲੰਬੀਆਂ ਸਜ਼ਾਵਾਂ ਦਿੱਤੀਆਂ ਗਈਆਂ। ਇਸ ਤਰ੍ਹਾਂ ਇਸ ਜੰਗ ਵਿਚ ਜਿੱਥੇ ਲੱਖਾਂ ਪੰਜਾਬੀ ਅੰਗਰੇਜ਼ਾਂ ਦੇ ਹਿੱਤਾਂ ਲਈ ਲੜੇ, ਉਥੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਅੰਗਰੇਜ਼ੀ ਸਾਮਰਾਜ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ।

ਅੰਗਰੇਜ਼ੀ ਸਾਮਰਾਜ ਨੇ ਹਿੰਦੋਸਤਾਨੀ ਸਿਪਾਹੀਆਂ ਦੀ ਦੇਣ ਨੂੰ ਵਡਿਆਇਆ ਤੇ ਯਾਦਗਾਰ ਵਜੋਂ ਦਿੱਲੀ ਵਿਚ 'ਇੰਡੀਆ ਗੇਟ' ਬਣਾਇਆ ਪਰ ਇਸ ਵਿਚ ਹਕੂਮਤ ਨੇ ਸਾਮਰਾਜੀ ਜ਼ਹਿਨੀਅਤ ਦਾ ਭਰਪੂਰ ਪ੍ਰਗਟਾਵਾ ਕੀਤਾ। ਜਿਥੇ ਮਜਬੂਰੀ ਵਿਚ ਦਿਖਾਈ ਗਈ ਬਹਾਦਰੀ ਨੂੰ ਅੰਗਰੇਜ਼ੀ ਬਾਦਸ਼ਾਹਤ ਵਿਚ ਵਿਸ਼ਵਾਸ ਤੇ ਵਫਾਦਾਰੀ ਦਾ ਪ੍ਰਤੀਕ ਮੰਨਿਆ, ਉਥੇ ਉਨ੍ਹਾਂ ਨੇ ਲੋਕਾਂ ਦੀ ਜਗੀਰਦਾਰੀ ਬਿਰਤੀ ਨੂੰ ਹਉਮੈ ਦੇ ਪੱਠੇ ਪਾਉਣ ਵਿਚ ਕੋਈ ਕਸਰ ਨਾ ਛੱਡੀ। ਅੰਗਰੇਜ਼ਾਂ ਨੇ ਇਸ ਬਹਾਦਰੀ ਨੂੰ ਰਾਜਪੂਤਾਂ, ਗੋਰਖਿਆਂ, ਸਿੱਖਾਂ, ਮਰਾਠਿਆਂ ਤੇ ਕਈ ਜਾਤਾਂ 'ਤੇ ਆਧਾਰਤ ਬਣਾਈਆਂ ਗਈਆਂ ਰਜਮੈਂਟਾਂ ਤੇ ਉਨ੍ਹਾਂ ਜਾਤਾਂ ਜਾਂ ਨਸਲਾਂ ਦੀ ਅੰਗਰੇਜ਼ਾਂ ਪ੍ਰਤੀ ਵਫਾਦਾਰੀ ਦੇ ਸਬੂਤ ਵਜੋਂ ਪੇਸ਼ ਕੀਤਾ। ਇਹ ਜ਼ਹਿਨੀਅਤ ਅੱਜ ਵੀ ਆਪਣਾ ਕੰਮ ਕਰਦੀ ਦਿਖਾਈ ਦਿੰਦੀ ਹੈ ਅਤੇ ਪੱਛਮੀ ਤਾਕਤਾਂ ਮੌਕਾ ਪੈਣ 'ਤੇ ਇਸ ਲੜਾਈ ਵਿਚ ਗੈਰ-ਯੂਰਪੀ ਲੋਕਾਂ ਦੁਆਰਾ ਪਾਏ ਗਏ ਹਿੱਸੇ ਨੂੰ ਵੱਖ-ਵੱਖ ਨਸਲਾਂ ਤੇ ਧਰਮਾਂ ਦੀ ਉਨ੍ਹਾਂ ਪ੍ਰਤੀ ਵਫਾਦਾਰੀ ਦੀ ਯਾਦ ਵਜੋਂ ਵਡਿਆ ਕੇ ਆਪਣੇ ਦੇਸ਼ਾਂ ਵਿਚਲੇ ਸਿਆਸੀ ਸਮੀਕਰਨਾਂ ਲਈ ਵਰਤਦੀਆਂ ਹਨ। ਨਿਸ਼ਚੇ ਹੀ ਪੰਜਾਬੀ ਬਹੁਤ ਬਹਾਦਰ ਹਨ ਤੇ ਇਸ ਬਹਾਦਰੀ ਨੂੰ ਵਡਿਆਇਆ ਜਾਣਾ ਬਣਦਾ ਹੈ ਪਰ ਇਸ ਵਡਿਆਈ ਨੂੰ ਇਤਿਹਾਸਕ ਪਰਿਪੇਖ 'ਚ ਵੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਅਸਲੀ ਵਡਿਆਈ ਦੇ ਹੱਕਦਾਰ ਉਹ ਲੋਕ ਹਨ ਜਿਨ੍ਹਾਂ ਨੇ ਗੁਲਾਮੀ ਵਿਰੁਧ ਲੜਦਿਆਂ ਅੰਗਰੇਜ਼ਾਂ ਨਾਲ ਆਢਾ ਲਿਆ।


ਇਸ ਜੰਗ ਦੀਆਂ ਯਾਦਾਂ ਮਨੁੱਖੀ ਲਾਲਚ ਕਾਰਨ ਹੋਈ ਭਿਆਨਕ ਬੇਰਹਿਮੀ, ਕਰੂਰਤਾ ਤੇ ਬਰਬਰਤਾ ਵਾਲੀਆਂ ਹਨ ਅਤੇ ਮਨੁੱਖਤਾ ਨੂੰ ਉਨ੍ਹਾਂ ਤੋਂ ਸਬਕ ਲੈਣਾ ਚਾਹੀਦਾ ਹੈ। ਇਹੋ ਜਿਹੇ ਹਾਲਾਤ ਵਿਚ ਦਿਖਾਈ ਗਈ ਨਿੱਜੀ ਬਹਾਦਰੀ ਕਿਸੇ ਇਨਸਾਨ ਜਾਂ ਪਰਿਵਾਰ ਲਈ ਨਿੱਜੀ ਸਨਮਾਨ ਦੀ ਹੱਕਦਾਰ ਹੈ ਅਤੇ ਉਸ ਨੂੰ ਇਸੇ ਤਰ੍ਹਾਂ ਹੀ ਯਾਦ ਕੀਤਾ ਜਾਣਾ ਚਾਹੀਦਾ ਹੈ, ਸਮੂਹਕ ਜਸ਼ਨ ਵਜੋਂ ਨਹੀਂ।




ਦੂਜੀ ਸੰਸਾਰ ਜੰਗ ਬਾਰੇ ਅੰਗਰੇਜ਼ ਲਿਖਾਰੀ ਸਬੈਸਟੀਅਨ ਫਾਕਸ ਦਾ ਲਿਖਿਆ ਨਾਵਲ 'ਬਰਡ ਸਾਂਗ'

# ਅਧਿਆਪਕ ਦੀ ਅਧੋਗਤੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਪੁਰਾਣੇ ਸਮੇਂ ਤੋਂ ਭਾਰਤ ਵਰਸ਼ ਵਿਚ ਪੜ੍ਹਨ ਪੜ੍ਹਾਉਣ ਦਾ ਕੰਮ ਮੁੱਖ ਤੌਰ 'ਤੇ ਇੱਕ ਧਾਰਮਕ ਕਾਰਜ ਹੀ ਹੋਇਆ ਕਰਦਾ ਸੀ। ਸਮਝਿਆ ਜਾਂਦਾ ਸੀ ਕਿ ਸਾਰਾ ਗਿਆਨ ਵੇਦਾਂ, ਸ਼ਾਸਤਰਾਂ, ਪੁਰਾਣਾਂ ਆਦਿ ਵਿਚ ਹੀ ਹੈ, ਇਸ ਲਈ ਇਨ੍ਹਾਂ ਦਾ ਹੀ ਅਧਿਐਨ ਕਰਾਇਆ ਜਾਂਦਾ ਸੀ। ਪੜ੍ਹਨ-ਪੜ੍ਹਾਉਣ ਦਾ ਕਿੱਤਾ ਵੀ ਬ੍ਰਾਹਮਣਾਂ ਲਈ ਹੀ ਰਾਖਵਾਂ ਸੀ। ਵਿਦਿਆ ਪੜ੍ਹਾਉਣ ਵਾਲੇ ਨੂੰ ਆਚਾਰੀਆ, ਉਪਾਧਿਆਏ, ਅਧਿਆਪਕ ਜਾਂ ਗੁਰੂ ਕਿਹਾ ਜਾਂਦਾ ਸੀ। ਇਸ ਪਿਛੋਂ ਮੁਸਲਮਾਨੀ ਦੌਰ ਵਿਚ ਵੀ ਮਸੀਤ ਜਾਂ ਮਦਰੱਸੇ ਵਿਚ ਧਾਰਮਕ ਸਿਖਿਆ ਦਿੱਤੀ ਜਾਂਦੀ ਰਹੀ। ਇਥੇ ਮੌਲਵੀ ਜਾਂ ਮੁਣਸ਼ੀ ਕੁਰਾਨ ਦਾ ਰਟਨ ਕਰਾਉਂਦੇ ਸਨ। ਸਿੱਖਾਂ ਨੂੰ ਗੁਰਮੁਖੀ ਦਾ ਅੱਖਰ ਗਿਆਨ ਦੇਣ ਦਾ ਕੰਮ ਧਰਮਸਾਲਾ ਜਾਂ ਗੁਰਦਵਾਰੇ ਵਿਚ ਹੁੰਦਾ ਸੀ, ਜੋ ਕੰਮ ਭਾਈ ਆਦਿ ਹੀ ਸਾਰਦੇ ਸਨ। ਅੰਗਰੇਜ਼ੀ ਕਾਲ ਵਿਚ ਧਰਮ ਤੋਂ ਬਿਨਾ ਅਸੰਪਰਦਾਇਕ, ਸੰਸਾਰਕ ਤੇ ਵਿਗਿਆਨਕ ਵਿਸ਼ਿਆਂ ਦੀ ਵੀ ਪੜ੍ਹਾਈ ਹੋਣ ਲੱਗੀ। ਭਾਰਤ ਵਿਚ ਸੈਕੂਲਰ ਵਿਦਿਆ ਅੰਗਰੇਜ਼ਾਂ ਨੇ ਹੀ ਸ਼ੁਰੂ ਕੀਤੀ, ਇਸ ਲਈ ਵਿਦਿਆ ਨਾਲ ਸਬੰਧਤ ਬਹੁਤ ਸਾਰੀ ਸ਼ਬਦਾਵਲੀ ਅੰਗਰੇਜ਼ੀ ਵਾਲੀ ਹੀ ਚੱਲ ਪਈ ਜਿਵੇਂ ਪਾਠਸ਼ਾਲਾ ਸਕੂਲ ਬਣ ਗਿਆ, ਪੜ੍ਹਾਉਣ ਵਾਲਾ ਟੀਚਰ ਜਾਂ ਮਾਸਟਰ ਅਤੇ ਵਿਦਿਆਰਥੀ ਸਟੂਡੈਂਟ।



ਅੰਗਰੇਜ਼ਾਂ ਦੇ ਜਾਣ ਪਿਛੋਂ ਭਾਵੇਂ ਸੰਸਕ੍ਰਿਤ ਪਿਛੋਕੜ ਵਾਲੀ ਸ਼ਬਦਾਵਲੀ 'ਤੇ ਹੀ ਜ਼ੋਰ ਦਿੱਤਾ ਜਾਣ ਲੱਗਾ ਪਰ ਅੰਗਰੇਜ਼ੀ ਦਾ ਬੋਲਬਾਲਾ ਨਾ ਸਿਰਫ ਬਰਕਰਾਰ ਰਿਹਾ ਸਗੋਂ ਹੋਰ ਵੀ ਵਿਆਪਕ ਹੋ ਗਿਆ। ਇਸ ਦੌਰ ਵਿਚ ਵਿਦਿਆ ਦੇਣ ਵਾਲੇ ਨੂੰ ਟੀਚਰ ਦੀ ਥਾਂ ਅਧਿਆਪਕ ਕਹਿਣ 'ਤੇ ਜ਼ੋਰ ਦਿੱਤਾ ਗਿਆ, ਪਰ ਘੱਟੋ ਘੱਟ ਪੰਜਾਬੀ ਵਿਚ ਆਮ ਬੋਲਚਾਲ ਲਈ ਪੜ੍ਹਾਉਣ ਵਾਲੇ ਲਈ ਮਾਸਟਰ ਜਾਂ ਟੀਚਰ ਸ਼ਬਦ ਹੀ ਪ੍ਰਚਲਤ ਹਨ। ਅਧਿਆਪਕ ਲਈ ਸੰਬੋਧਨੀ ਸ਼ਬਦ ਮਾਸਟਰ ਜੀ ਵਰਤਿਆ ਜਾਂਦਾ ਹੈ, ਭਲਾ ਕੌਣ ਅਧਿਆਪਕ ਜੀ ਕਹਿੰਦਾ ਹੈ। ਮਾਸਟਰ ਸ਼ਬਦ ਲਈ ਮੁੱਖ-ਸੁੱਖ ਵਾਲਾ ਬਾਲਕਾਨਾ ਉਚਾਰਨ ਮਾਹਟਰ ਜੀ, ਮਾਸ਼ਟਰ ਜੀ ਜਾਂ ਮਾੜ੍ਹਜੀ ਆਦਿ ਚੱਲ ਪਏ। ਅਧਿਆਪਕ ਤੇ ਅਧਿਆਪਨ ਸ਼ਬਦ ਆਮ ਤੌਰ 'ਤੇ ਕਾਗਜ਼ਾਂ ਵਿਚ ਹੀ ਹਨ।

ਜ਼ਰਾ ਅਧਿਆਪਕ ਦਾ ਹੁਲੀਆ ਪੜਤਾਲੀਏ। ਇਹ ਸ਼ਬਦ ਬੜਾ ਟੇਢਾ ਜਿਹਾ ਹੈ। ਇਸ ਦੇ ਅੰਸ਼ਾਂ ਦੀ ਥਾਹ ਪਾਈਏ ਤਾਂ ਪ੍ਰਤੀਤ ਹੋਵੇਗਾ ਕਿ ਇਨ੍ਹਾਂ ਵਿਚੋਂ ਪੜ੍ਹਨ-ਪੜ੍ਹਾਉਣ ਵਾਲੀ ਗੱਲ ਬੜਾ ਖਿੱਚ ਕੇ ਕੱਢੀ ਗਈ ਹੈ। ਸੰਸਕ੍ਰਿਤ ਦਾ ਇਕ ਬਹੁਤ ਵਰਤਿਆ ਜਾਂਦਾ ਅਗੇਤਰ ਹੈ, 'ਅਧਿ' ਜਿਸ ਵਿਚ ਉਚਾਈ, ਉਪਰ ਉਠਣ, ਜ਼ਿਆਦਾ, ਵਾਧੂ ਦੇ ਭਾਵ ਹਨ। ਇਸ ਤੋਂ ਬਣਿਆ ਬਹੁਤ ਜਾਣਿਆ ਜਾਂਦਾ ਸ਼ਬਦ ਹੈ, ਅਧਿਕ। ਇਸ ਤੋਂ ਇਲਾਵਾ ਕੁਝ ਹੋਰ ਸ਼ਬਦ ਹਨ: ਅਧਿਰਾਜ, ਜਿਸ ਦਾ ਸ਼ਾਬਦਿਕ ਅਰਥ ਵੱਡਾ ਰਾਜਾ ਜਾਂ ਰਾਜਿਆਂ ਦੇ ਉਪਰ ਦਾ ਰਾਜਾ; ਅਧਿਅਕਸ਼ ਯਾਨਿ ਉਪਰੋਂ ਦੇਖਣ ਵਾਲਾ ਅਰਥਾਤ ਉਪਰ ਦਾ ਬੰਦਾ; ਅਧਿਕਾਰ ਅਰਥਾਤ ਉਪਰ ਦਾ ਕਾਰ (ਅਧਿਕਾਰੀ ਹੇਠਲਿਆਂ ਦੇ ਉਪਰ ਕੰਮ ਕਰਦਾ ਹੈ)। ਫਿਰ ਅਧਿ ਅਗੇਤਰ ਦੇ ਨਾਲ ਲਗਦਾ ਹੈ, 'ਇ' ਧਾਤੂ ਜਿਸ ਵਿਚ ਜਾਣ, ਆਉਣ ਦੇ ਭਾਵ ਹਨ। ਇਹ ਧਾਤੂ ਕਈ ਭੇਸ ਬਦਲਦਾ ਹੈ। ਬਹੁਤ ਸਾਰੇ ਸ਼ਬਦਾਂ ਵਿਚ ਇਹ ਧਾਤੂ ਕਾਰਜਸ਼ੀਲ ਹੈ। ਆਮ ਜਾਣਿਆ ਜਾਂਦਾ ਸ਼ਬਦ 'ਆਉਣਾ' ਇਸੇ ਦੀ ਦੇਣ ਹੈ। ਇਸ ਤੋਂ ਬਣੇ ਅਯਨਮ ਦਾ ਮਤਲਬ ਹੁੰਦਾ ਹੈ, ਜਾਣਾ, ਆਵਾਗਮਨ, ਰਾਹ ਅਤੇ ਸੂਰਜ ਦਾ ਮਾਰਗ ਜਾਂ ਗਤੀ ਜਿਵੇਂ ਉਤਰਾਇਣ (ਸੂਰਜ ਦੀ ਮਕਰ ਰਾਸ਼ੀ ਤੋਂ ਕਰਕ ਰਾਸ਼ੀ ਵੱਲ ਰਵਾਨਗੀ, ਮੂਲ ਅਰਥ ਸੂਰਜ ਦੀ ਉਤਰ ਵੱਲ ਨੂੰ ਗਤੀ)। ਦੱਖਣਾਇਣ ਇਸ ਤੋਂ ਉਲਟ ਹੁੰਦਾ ਹੈ। 'ਇ' ਦੇ ਟਾਕਰੇ 'ਤੇ ਭਾਰੋਪੀ ਮੂਲ ਹੈ, 'ei' ਜਿਸ ਵਿਚ ਵੀ ਜਾਣ ਦੇ ਭਾਵ ਹਨ।

ਇਸ ਤੋਂ ਭਾਰੋਪੀ ਭਾਸ਼ਾਵਾਂ ਵਿਚ ਬਣੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਅਸੀਂ ਇਸ ਮੂਲ ਦਾ ਚਰਚਾ ਇੱਕ ਹੋਰ ਲੇਖ ਵਿਚ ਕਰ ਆਏ ਹਾਂ। ਇਥੇ ਇੱਕ ਅੰਗਰੇਜ਼ੀ ਸ਼ਬਦ Exit ਦਾ ਜ਼ਿਕਰ ਕਰ ਲੈਂਦੇ ਹਾਂ। ਇਹ ਮੁਢਲੇ ਤੌਰ 'ਤੇ ਲਾਤੀਨੀ ਦਾ ਸ਼ਬਦ ਹੈ, ਜਿਸ ਵਿਚ ਬਾਹਰ ਜਾਣ ਦੇ ਭਾਵ ਹਨ। ਇਹ ਸ਼ਬਦ Ex (ਬਾਹਰ ਵੱਲ ਨੂੰ) ਅਗੇਤਰ ਅੱਗੇ ire ਲੱਗ ਕੇ ਬਣਦਾ ਹੈ। ire ਸ਼ਬਦ 'ei' ਧਾਤੂ ਤੋਂ ਹੀ ਬਣਿਆ ਹੈ। ਐਗਜ਼ਿਟ ਸ਼ਬਦ ਵਿਚੋਂ ਕੁਲ ਮਿਲਾ ਕੇ ਬਾਹਰ ਵੱਲ ਜਾਣ ਦਾ ਭਾਵ ਨਿਕਲਦਾ ਹੈ। ਇਸ ਦੇ ਬਰਾਬਰ ਸਾਡੀਆਂ ਭਾਸ਼ਾਵਾਂ ਵਿਚ 'ਨਿਗਮਨ' ਸ਼ਬਦ ਹੈ।

ਅਗੇਤਰ ਅਧਿ ਦੇ ਨਾਲ 'ਇ' ਲੱਗ ਕੇ ਸੰਸਕ੍ਰਿਤ ਵਿਚ ਅਧਯ ਜਿਹੇ ਸ਼ਬਦ ਦੀ ਰਚਨਾ ਹੁੰਦੀ ਹੈ ਜਿਸ ਵਿਚ ਵੱਲ ਨੂੰ ਮੁੜਨ, ਧਿਆਨ ਦੇਣ, ਪੜ੍ਹਨ ਦੇ ਭਾਵ ਉਤਪੰਨ ਹੁੰਦੇ ਹਨ। ਇਸ ਅਧਯ ਦੇ ਹੋਰ ਨਾਲ ਜੁੜਦਾ ਹੈ, 'ਆਪ' ਜੋ 'ਵੱਲ ਲਿਜਾਣ' ਦੇ ਭਾਵ ਜੋੜਦਾ ਹੈ। ਹੋਰ ਅੱਗੇ ਕਾਰਜਸੂਚਕ ਪਿਛੇਤਰ 'ਕ' ਲੱਗ ਕੇ ਪੂਰਾ ਅਧਿਆਪਕ ਸਾਹਵੇਂ ਆਉਂਦਾ ਹੈ। ਅਸਲ ਵਿਚ ਅਧਯ ਤੋਂ ਹੀ ਅਧਿਆਇ ਸ਼ਬਦ ਬਣਦਾ ਹੈ, ਜਿਸ ਦਾ ਪੰਜਾਬੀ ਵਿਚ ਅਰਥ ਤਾਂ ਕੇਵਲ ਕਿਸੇ ਲਿਖਤ ਦਾ ਕਾਂਡ ਹੀ ਰਹਿ ਗਿਆ ਹੈ ਪਰ ਸੰਸਕ੍ਰਿਤ ਵਿਚ ਇਸ ਦੇ ਅਰਥ ਇਸ ਪ੍ਰਕਾਰ ਹਨ: ਪਾਠ, ਸਬਕ, ਪਾਠਨ, ਵਿਖਿਆਨ, ਉਪਦੇਸ਼, ਪੜ੍ਹਨ ਜਾਂ ਸਬਕ ਲੈਣ ਦਾ ਨਿਰਧਾਰਤ ਸਮਾਂ, ਕਾਂਡ। ਇਸ ਤਰ੍ਹਾਂ ਕਾਂਡ ਦਾ ਅਰਥ ਸਮਝੋ ਕੁੱਲ ਪੜ੍ਹਾਈ ਜਾਂ ਲਿਖਤ ਦਾ ਇਕ ਹਿੱਸਾ ਹੈ, ਜਿਸ ਦਾ ਸਬਕ ਲੈਣਾ ਹੈ। ਇਸੇ ਤੋਂ ਹੋਰ ਸ਼ਬਦ ਬਣਿਆ ਹੈ, ਅਧਿਐਨ ਜਿਸ ਦਾ ਅਰਥ ਪੜ੍ਹਾਈ ਮੂਲ ਅਰਥ 'ਵੱਲ ਨੂੰ ਜਾਣ', ਮਨ ਨੂੰ ਭੁਆਉਣ, ਧਿਆਨ ਦੇਣ ਤੋਂ ਹੀ ਵਿਕਸਿਤ ਹੋਇਆ। ਅਧਿਐਨ ਤੋਂ ਮੁਰਾਦ ਆਪਣਾ 'ਧਿਆਨ ਪਠਨ-ਪਾਠਨ ਵੱਲ ਮੋੜਨ' ਤੋਂ ਹੈ।

ਅਧਿਆਪਕ ਲਈ ਇੱਕ ਹੋਰ ਸ਼ਬਦ ਉਪਾਧਯਾਯ (ਪੰਜਾਬੀ ਉਪਾਧਿਆਇ) ਵੀ ਵਰਤਿਆ ਜਾਂਦਾ ਹੈ। ਗੁਰੂਕੁਲ ਵਿਚ ਅਧਿਆਪਨ ਦਾ ਕੰਮ ਕਰਨ ਵਾਲੇ ਬ੍ਰਾਹਮਣ ਨੂੰ ਉਪਾਧਯਾਯ ਕਿਹਾ ਜਾਂਦਾ ਹੈ। ਇਹ ਵੀ ਉਪਰੋਕਤ 'ਅਧਯ' ਦੇ ਅੱਗੇ ਉਪ ਅਗੇਤਰ ਲੱਗ ਕੇ ਹੀ ਬਣਿਆ ਹੈ। ਜੈਨੀਆਂ ਦੇ ਮੁਨੀ ਅਤੇ ਅਚਾਰੀਆ ਦੇ ਵਿਚਕਾਰਲਾ ਪਦ ਧਾਰਨ ਵਾਲੇ ਵੀ ਉਪਾਧਿਆਇ ਕਹਾਉਂਦੇ ਹਨ। ਆਰ. ਐਸ. ਐਸ. ਦੇ ਇੱਕ ਬਾਨੀ ਦਾ ਨਾਂ ਦੀਨ ਦਿਆਲ ਉਪਾਧਿਆਇ ਸੀ। 'ਮੁਗਲਸਰਾਇ' ਕਸਬੇ ਦਾ ਨਾਂ ਬਦਲ ਕੇ ਇਸੇ ਮਹਾਂਪੁਰਖ ਦੇ ਨਾਂ 'ਤੇ ਰੱਖ ਦਿੱਤਾ ਹੈ। ਕਰਨਾਟਕ, ਗੁਜਰਾਤ ਦੇ ਕਈ ਬ੍ਰਾਹਮਣਾਂ ਦੇ ਉਪ ਨਾਂ ਵੀ ਇਸੇ ਸ਼ਬਦ ਤੋਂ ਵਿਗੜ ਕੇ ਬਣੇ ਹਨ। ਤੈਲਗੂ ਬ੍ਰਾਹਮਣਾਂ ਵਿਚ ਇਹ ਨਾਂ ਬਦਲ ਕੇ ਉਪਾਧਿਆਉਲਾ ਬਣ ਜਾਂਦਾ ਹੈ।

ਪੰਜਾਬੀ ਅਤੇ ਹੋਰ ਸਕੀਆਂ ਭਾਸ਼ਾਵਾਂ ਵਿਚ ਉਪਾਧਯਾਯ ਦਾ ਦਿਲਚਸਪ ਵਿਗਾੜ ਹੋਇਆ ਹੈ। ਸੰਸਕ੍ਰਿਤ 'ਧਯ' ਧੁਨੀ ਸਮੇਂ ਦੇ ਗੇੜ ਨਾਲ ਪ੍ਰਾਕ੍ਰਿਤ ਵਿਚ ਆ ਕੇ 'ਜ' ਜਾਂ 'ਝ' ਵਿਚ ਬਦਲ ਜਾਂਦੀ ਹੈ। ਸੋ, ਉਪਾਧਯਾਯ ਹੌਲੀ ਹੌਲੀ ਓਝਾ ਵਿਚ ਵਟ ਜਾਂਦਾ ਹੈ। ਸੋ, ਓਝੇ ਵੀ ਮੁਢਲੇ ਤੌਰ 'ਤੇ ਉਪਾਧਿਆਇ ਹੀ ਸਨ। ਓਝਾ ਦਾ ਵਿਕਾਸ ਇਸ ਤਰ੍ਹਾਂ ਹੋਇਆ ਹੋਵੇਗਾ: ਉਪਾਧਯਾਯ> ਉਵਜਝਾਯ> ਉਅਝਾ> ਓਝਾ। ਸਰਜੂਪਾਰੀ, ਗੁਜਰਾਤੀ, ਮੈਥਿਲੀ ਬ੍ਰਾਹਮਣਾਂ ਦਾ ਓਝਾ ਗੋਤ ਇਹੋ ਹੈ। ਭਾਰਤ ਦੇ ਇੱਕ ਇਤਿਹਾਸਕਾਰ ਤੇ ਹਿੰਦੀ ਲੇਖਕ ਦਾ ਨਾਂ ਗੌਰੀਸ਼ੰਕਰ ਹੀਰਾਨੰਦ ਓਝਾ



(1863-1947) ਸੀ। ਉਨ੍ਹਾਂ ਨੇ ਰਾਜਸਥਾਨ ਦੀਆਂ ਵੱਖ-ਵੱਖ ਰਿਆਸਤਾਂ ਦਾ ਇਤਿਹਾਸ ਲਿਖਿਆ। ਕਾਲਅੰਤਰ ਨਾਲ ਓਝੇ ਤੇ ਬਾਅਦ ਵਿਚ ਹੋਰ ਲੋਕ ਵੀ, ਟੂਣਾ-ਟਾਮਣ ਕਰਨ ਲੱਗ ਪਏ। ਅੱਜ ਕਲ ਅਜਿਹੇ ਓਝਿਆਂ ਦੀ ਘਾਟ ਨਹੀਂ।

ਇਸ ਓਝਾ ਤੋਂ ਹੀ 'ਓ' ਉਡ ਗਿਆ ਤਾਂ ਰਹਿ ਗਿਆ ਝਾਅ। (ਟਰਨਰ ਨੇ ਇਸ ਦੀ ਵਿਉਤਪਤੀ ਆਧਿਆਪਕ ਤੋਂ ਦਰਸਾਈ ਹੈ) ਕਈ ਬ੍ਰਾਹਮਣ ਆਪਣਾ ਗੋਤ ਝਾਅ ਲਿਖਦੇ ਹਨ। ਮਨੀਸ਼ ਝਾਅ ਇਕ ਫਿਲਮ ਡਾਇਰੈਕਟਰ ਹੈ। ਗੋਆ ਅਤੇ ਮਹਾਰਾਸ਼ਟਰ ਦੇ ਬ੍ਰਾਹਮਣ ਇਸ ਗੋਤ ਦਾ ਇਕ ਰੂਪ ਪਾਧੇਯ ਵਰਤਦੇ ਹਨ। ਕੁਲ ਗੁਰੂਆਂ ਜਾਂ ਪੁਰੋਹਿਤਾਂ ਲਈ ਵਰਤਿਆ ਜਾਂਦਾ ਪਾਧਾ ਜਾਂ ਪਾਂਧਾ ਵੀ ਇਹੋ ਸ਼ਬਦ ਹੈ। ਗੁਰੂ ਨਾਨਕ ਦਾ ਅਖੌਤੀ ਪਾਂਧਾ ਗੋਪਾਲ ਦਾਸ ਇਹੋ ਸੀ, ਜਿਸ ਨੂੰ ਕਹਿੰਦੇ ਹਨ, ਗੁਰੂ ਨੇ ਵੀ ਪੜ੍ਹਨੇ ਪਾਇਆ। ਗੁਰੂ ਨਾਨਕ ਲਿਖਦੇ ਹਨ, 'ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥' ਅਰਥਾਤ ਉਹੀ ਪਾਂਧਾ ਗੁਰਮੁਖ ਕਹਾਉਣ ਦਾ ਹੱਕਦਾਰ ਹੈ ਜੋ ਆਪਣੇ ਸ਼ਿਸ਼ਾਂ ਨੂੰ ਇਹ ਸਿਖਿਆ ਦਿੰਦਾ ਹੈ। ਹੋਰ ਦੇਖੋ, 'ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ॥' (ਗੁਰੂ ਅਮਰ ਦਾਸ); 'ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ॥' (ਗੁਰੂ ਰਾਮ ਦਾਸ)। ਅੱਜ ਕਲ ਪਾਂਧਾ ਆਮ ਤੌਰ 'ਤੇ ਪੱਤਰੀਆਂ ਹੀ ਵਾਚਦਾ ਹੈ, ਜੋ ਮੀਨ ਮੇਖ ਕਰਕੇ ਆਪਣੇ ਜਜਮਾਨਾਂ ਨੂੰ ਉਲਝਾਈ ਰੱਖਦਾ ਹੈ ਤੇ ਜਾਇਜ਼-ਨਾਜਾਇਜ਼ ਚੋਖੀ ਦੱਛਣਾ ਲੈ ਲੈਂਦਾ ਹੈ। ਬੁੱਲੇ ਸ਼ਾਹ ਕਹਿੰਦੇ ਹਨ,

ਬੁੱਲ੍ਹਿਆ ਹਰ ਮੰਦਰ ਮੇਂ ਆਇਕੇ,<br>
ਕਹੋ ਲੇਖਾ ਦਿਓ ਬਤਾ।<br>
ਪੜ੍ਹੇ ਪੰਡਿਤ ਪਾਂਧੇ ਦੂਰ ਕੀਏ,<br>
ਅਹਿਮਕ ਲੀਏ ਬੁਲਾ।....<br>
ਤਾਂ ਤੇ ਪਾਂਧਾ ਨਾ ਹੀ ਪੁੱਛੀਏ!

# ਬਾਬਾ ਨਾਨਕ ਅਤੇ 'ਪਹੁ-ਫੁਟਾਲਾ'

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਸਰਬ ਸਾਂਝੀ ਧਾਰਨਾ ਅਨੁਸਾਰ ਗੁਰੂ ਨਾਨਕ ਦੇਵ ਦਾ ਪ੍ਰਗਟ ਹੋਣਾ ਧੁੰਦ ਮਿਟਾ ਕੇ ਚਾਨਣ ਵੰਡਣ ਵਾਲਾ ਹੈ। ਪੰਜਾਬ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ ਦੇ ਮਾਸਿਕ 'ਪਹੁ-ਫੁਟਾਲਾ' ਦਾ ਜੁਲਾਈ 2018 ਅੰਕ ਨਸ਼ਿਆਂ ਵਿਰੁਧ ਇੱਕ ਜੁਟ ਹੋਣ ਦਾ ਸੱਦਾ ਦਿੰਦਾ ਹੈ। ਸੰਪਾਦਕੀ ਲੇਖ 'ਬਾਬੇ ਨਾਨਕ ਦੀ ਧਰਤੀ 'ਤੇ ਨਸ਼ਿਆਂ ਦਾ ਛੇਵਾਂ ਦਰਿਆ ਕਿਉਂ?' ਹੈ। ਉਨ੍ਹਾਂ ਵਲੋਂ ਉਠਾਏ ਗਏ ਕੁਝ ਸਵਾਲ ਪ੍ਰਕਾਸ਼ ਪੁਰਬ ਦੇ ਪ੍ਰਸੰਗ ਵਿਚ ਪੇਸ਼ ਹਨ:

"ਇਕ ਪਾਸੇ ਪੰਜਾਬ ਸਰਕਾਰ ਨਸ਼ਿਆਂ ਲਈ ਮੌਤ ਦੀ ਸਜ਼ਾ ਤਜਵੀਜ਼ ਕਰਦੀ ਹੈ ਤੇ ਦੂਜੇ ਪਾਸੇ ਸ਼ਰਾਬ ਦੇ ਸਰਕਾਰੀ ਠੇਕੇ ਹਰ ਪਿੰਡ ਦੀ ਜੂਹ ਵਿਚ ਖੁੱਲ੍ਹੇ ਹੋਏ ਹਨ। ਤੰਬਾਕੂ ਦੀਆਂ ਪੁੜੀਆਂ, ਬੀੜੀਆਂ ਤੇ ਸਿਗਰਟਾਂ ਹਰ ਪਿੰਡ ਵਿਚ ਵਿਕਦੀਆਂ ਹਨ। ਕੀ ਤੰਬਾਕੂ ਤੇ ਸ਼ਰਾਬ ਨਸ਼ਾ ਨਹੀਂ ਹਨ? ਸੱਚਾਈ ਇਹ ਹੈ ਕਿ ਨਸ਼ੇ ਦੀ ਲਤ ਦੀ ਸ਼ੁਰੂਆਤ ਹੀ ਤੰਬਾਕੂ, ਸ਼ਰਾਬ, ਡੋਡਿਆਂ ਤੇ ਭੰਗ ਤੋਂ ਹੁੰਦੀ ਹੈ। ਸਰਗੋਸ਼ੀਆਂ ਹਨ ਕਿ ਪੰਜਾਬ ਸਰਕਾਰ 'ਤੇ ਕਾਬਜ਼ ਲੋਕ ਇਹ ਸਮਝਦੇ ਹਨ ਕਿ ਇਨ੍ਹਾਂ ਨਸ਼ਿਆਂ ਦੀ ਵਿਕਰੀ ਤੋਂ ਹੋਣ ਵਾਲੀ ਕਰੋੜਾਂ ਰੁਪਿਆਂ ਦੀ ਆਮਦਨ ਤੋਂ ਬਿਨਾ ਸਰਕਾਰ ਨਹੀਂ ਚੱਲ ਸਕਦੀ। ਗੁਜਰਾਤ ਦੀ ਗੱਲ ਤਾਂ ਛੱਡੋ, ਅਮੀਰ ਸੂਬਾ ਹੈ, ਪਰ ਜੇ ਬਿਹਾਰ ਜਿਹਾ ਪੱਛੜਿਆ ਸੂਬਾ ਸ਼ਰਾਬ ਦੀ ਆਮਦਨ ਬਿਨਾ ਸਰਕਾਰ ਚਲਾ ਸਕਦਾ ਹੈ ਤਾਂ ਪੰਜਾਬ ਕਿਉਂ ਨਹੀਂ?

ਉਹ ਪੰਜਾਬ ਜੋ ਬਾਬੇ ਨਾਨਕ ਦੇ ਇੱਕ ਈਸ਼ਵਰਵਾਦ ਦੇ ਪੈਗਾਮ ਲਈ ਸਾਰੀ ਦੁਨੀਆਂ ਵਿਚ ਜਾਣਿਆ ਜਾਂਦਾ ਸੀ, ਜੋ ਸਿਹਤ ਤੇ ਤੰਦਰੁਸਤੀ ਲਈ ਦੇਸ਼ ਦਾ ਮੋਹਰੀ ਸੂਬਾ ਸੀ, ਜੋ ਸਰਦਾਰਾਂ ਦਾ ਦੇਸ਼ ਸੀ, ਅੱਜ ਨਸ਼ੇ ਕਰਕੇ ਜਾਣਿਆ ਤੇ ਪ੍ਰਚਾਰਿਆ ਜਾਂਦਾ ਹੋਵੇ-ਇਹ ਸਾਡੇ ਲਈ ਮਰ ਮਿਟਣ ਵਾਲੀ ਗੱਲ ਹੈ। ਇਸਲਾਮ ਨੇ ਸ਼ਰਾਬ ਨੂੰ ਸਾਰੀਆਂ ਬੁਰਾਈਆਂ ਦੀ ਜੜ੍ਹ ਕਿਹਾ ਹੈ। ਅੱਜ ਅਸੀਂ ਨਤੀਜੇ ਵੇਖ ਰਹੇ ਹਾਂ ਕਿ ਸ਼ਰਾਬ ਤੋਂ ਸ਼ੁਰੂ ਹੋਇਆ ਨਸ਼ਾ ਕਿਥੋਂ ਤੀਕ ਜਾ ਪੁੱਜਾ ਹੈ। ਜਰੂਰਤ ਇਸ ਗੱਲ ਦੀ ਹੈ ਕਿ ਬਿਹਾਰ ਦੀ ਤਰਜ਼ 'ਤੇ ਇੱਥੇ ਵੀ 'ਸ਼ਰਾਬ ਮੁਕਤ ਪੰਜਾਬ' ਬਣਾਉਣ ਲਈ ਸਰਕਾਰ ਨੂੰ ਪਹਿਲ ਕਰਨੀ ਚਾਹੀਦੀ ਹੈ ਤਾਂ ਨਸ਼ਾ ਰਹਿਤ ਪੰਜਾਬ ਆਪਣੇ ਆਪ ਬਣ ਜਾਵੇਗਾ।"

'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਚੇਤੇ ਰੱਖੀਏ!

**ਸਾਹਿਰ ਦੇ ਪੁਰਖਿਆਂ ਦਾ ਪਿੰਡ ਮਾਈ ਦਿੱਤਾਂ:** ਪੰਜਾਬੀ ਕਹਾਣੀਕਾਰ ਸਾਂਵਲ ਧਾਮੀ




*ਸਾਹਿਰ ਲੁਧਿਆਣਵੀ*

ਪਿਛਲੇ ਕੁਝ ਸਾਲਾਂ ਤੋਂ ਯੂ ਟਿਊਬ ਚੈਨਲ 'ਸੰਤਾਲੀ ਨਾਮਾ' ਰਾਹੀਂ ਸੱਤਰ ਸਾਲ ਤੋਂ ਵਿਛੜਿਆਂ ਦੇ ਦੁਖ ਦਰਦ ਦੁਨੀਆਂ ਭਰ ਦੇ ਪੰਜਾਬੀਆਂ ਨਾਲ ਸਾਂਝੇ ਕਰ ਰਿਹਾ ਹੈ। ਉਸ ਦਾ ਪੇਸ਼ਾ ਅਧਿਆਪਨ ਹੈ ਪਰ ਸ਼ੁਗਲ ਅੰਤਾਂ ਦੇ ਮਹੱਤਵ ਵਾਲਾ। ਦੁਆਬੀਏ ਇਹ ਜਾਣ ਕੇ ਖੁਸ਼ ਹੋਣਗੇ ਕਿ ਉਰਦੂ ਦੇ ਪ੍ਰਸਿੱਧ ਸ਼ਾਇਰ ਸਾਹਿਰ ਲੁਧਿਆਣਵੀ ਦੇ ਪੁਰਖਿਆਂ ਦਾ ਪਿੰਡ ਦੁਆਬੇ ਦੇ ਵੱਡੇ ਪਿੰਡ ਔੜ ਨੇੜੇ ਮਾਈ ਦਿੱਤਾਂ ਸੀ। ਇਹ ਸੱਚ ਉਦੋਂ ਸਾਹਮਣੇ ਆਇਆ ਜਦੋਂ ਸਾਂਵਲ ਧਾਮੀ ਦੀ ਗੱਲ ਲਹਿੰਦੇ ਪੰਜਾਬ ਤੋਂ ਅਮਰੀਕਾ ਜਾ ਕੇ ਵੱਸਣ ਵਾਲੇ ਚੌਧਰੀ ਸ਼ਹਿਜ਼ਾਦ ਮੋਹਨਣ ਨਾਂ ਦੇ ਬੰਦੇ ਨਾਲ ਹੋਈ। ਉਸ ਦੇ ਪੁਰਖੇ ਵੀ ਮਾਈ ਦਿੱਤਾਂ ਤੋਂ ਉਧਰ ਗਏ ਸਨ। ਇਹ ਪਿੰਡ ਨਵਾਂ ਸ਼ਹਿਰ ਤਹਿਸੀਲ ਵਿਚ ਪੈਂਦਾ ਹੈ। ਫਿਲੌਰ-ਨਵਾਂ ਸ਼ਹਿਰ ਸੜਕ ਤੋਂ ਤਿੰਨ ਕਿਲੋਮੀਟਰ ਹਟਵਾਂ। ਇਸ ਦੀ ਅਜੋਕੀ ਵਸੋਂ ਢਾਈ ਸੌ ਤੋਂ ਘਟ ਹੈ ਤੇ ਡਾਕਘਰ ਮਹਿਮੂਦਪੁਰ। ਦੋਹੇਂ ਪਿੰਡ ਨਵਾਂ ਸ਼ਹਿਰ ਰੇਲਵੇ ਸਟੇਸ਼ਨ ਤੋਂ 9-10 ਕਿਲੋਮੀਟਰ ਹਨ। ਦੇਸ਼ ਵੰਡ ਤੋਂ ਪਹਿਲਾਂ ਇਥੇ ਮੁਸਲਮਾਨ ਗੁੱਜਰ ਰਹਿੰਦੇ ਸਨ।

ਸ਼ਹਿਜ਼ਾਦ ਮੋਹਨਣ ਦੇ ਕਥਨ ਅਨੁਸਾਰ ਸਾਹਿਰ ਤੇ ਉਸ ਦੇ ਅੱਬਾ ਦੋਸਤ ਸਨ। ਸਾਹਿਰ ਦੇ ਅੱਬਾ ਨੇ ਲੁਧਿਆਣਾ ਨੇੜੇ ਜਮੀਨ ਲੈ ਕੇ ਉਥੇ ਰਹਿਣਾ ਸ਼ੁਰੂ ਕਰ ਦਿੱਤਾ। ਉਹ ਜ਼ੈਲਦਾਰ ਦੀ ਪਦਵੀ ਤੱਕ ਪਹੁੰਚਿਆ। ਅੱਯਾਸ਼ ਏਨਾ ਕਿ ਸ਼ਹਿਜ਼ਾਦ ਦੇ ਅੱਬਾ ਨਾਲ ਇਕ ਸਫਰ 'ਤੇ ਜਾਂਦਾ ਇੱਕ ਪਿੰਡ ਦੀ ਔਰਤ ਦੇ ਪੈਰ ਵੇਖ ਕੇ ਉਸ ਉਤੇ ਮੋਹਿਤ ਹੋ ਗਿਆ। ਉਹ ਦੋਵੇਂ ਗੋਰੇ ਪੈਰਾਂ ਵਾਲੀ ਔਰਤ ਦੇ ਘਰ ਪਾਣੀ ਪੀਣ ਗਏ ਸਨ। ਸਾਹਿਰ ਦਾ ਅੱਬਾ ਕਈ ਦਿਨ ਉਥੇ ਹੀ ਟਿਕਿਆ ਰਿਹਾ। ਇਹ ਗੱਲ ਝੂਠੀ ਨਹੀਂ ਹੋ ਸਕਦੀ। ਮੇਰੇ ਬਚਪਨ ਵਿਚ ਮੇਰੀ ਮਾਂ ਨੇ ਮਠ ਵਾਲੀ ਪੱਦੀ ਦੀ ਇੱਕ ਔਰਤ ਨੂੰ ਧਰਮ ਭੈਣ ਬਣਾ ਰੱਖਿਆ ਸੀ। ਇਹ ਪਿੰਡ ਮੇਰੇ ਜੱਦੀ ਪਿੰਡ ਸੂਨੀ ਤੇ ਬੰਗਾ ਦੇ ਅੱਧ ਵਿਚ ਹੈ। ਅਸੀਂ ਤੁਰ ਕੇ ਜਾਂਦੇ। ਆਉਂਦੇ ਉਹਦੇ ਘਰੋਂ ਪਾਣੀ ਮੰਗ ਕੇ ਪੱਲੇ ਬੱਧੀ ਰੋਟੀ ਖਾ ਕੇ ਸੁਸਤਾ ਲੈਂਦੇ। ਉਹ ਸਮੇਂ ਹੀ ਏਦਾਂ ਦੇ ਸਨ।

**ਦੀਵਾਲੀ ਦੇ ਤੋਹਫੇ:** ਇਸ ਵਰ੍ਹੇ ਦੀਆਂ ਦੀਵਾਲੀ ਮੁਬਾਰਕਾਂ ਵਿਚੋਂ ਤਿੰਨ ਦਾ ਜ਼ਿਕਰ ਕਰਨਾ ਚਾਹਾਂਗਾ: 1. ਮਲੇਰਕੋਟਲਾ ਦੀ ਜਾਣੀ ਪਛਾਣੀ ਹਸਤੀ ਅਬੂਦੁਸ ਸਕੂਰ ਦੇ ਸ਼ਬਦ ਹਨ, ਦੀਪਾਵਲੀ ਐਂਡ ਬੰਦੀ ਛੋੜ ਦਿਵਸ ਮੁਬਾਰਕ। 2. ਡਾ. ਬਰਜਿੰਦਰ ਸਿੰਘ ਹਮਦਰਦ ਵਲੋਂ ਪ੍ਰਾਪਤ ਹੋਈ ਸਰਘੀ ਨਾਂ ਦੀ ਸੀ. ਡੀ. ਅਤੇ ਡੀ. ਵੀ. ਡੀ. ਦੀਆਂ ਸੁਰਾਂ ਤੇ ਧੁਨੀ। 3. ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਲਹਿਰੀਏ ਦਸਤਖਤਾਂ ਵਾਲਾ ਕਾਰਡ।

**ਮੇਰੇ ਚਾਚੇ ਦਾ ਰੁਪਈਆ:** ਮੈਥੋਂ ਚਾਰ ਸਾਲ ਵੱਡਾ ਘਰਾਂ ਵਿਚੋਂ ਮੇਰਾ ਚਾਚਾ ਮੇਰੇ ਨਾਲ ਖਾਲਸਾ ਕਾਲਜ ਮਾਹਿਲਪੁਰ ਪੜ੍ਹਦਾ ਸੀ। ਉਸ ਦਾ ਨਾਂ ਚਰਨਜੀਤ ਸਿੰਘ ਸੀ। ਅਸੀਂ ਉਸ ਨੂੰ ਚਾਚਾ ਚਰਨਾ ਕਹਿੰਦੇ। ਪਿਛਲੇ ਦਿਨੀਂ ਆਸਟ੍ਰੇਲੀਆਂ ਤੋਂ ਖਬਰ ਆਈ ਕਿ ਉਹ ਤੁਰ ਗਿਆ ਹੈ। ਉਹ ਆਪਣੇ ਬੇਟੇ ਜਸਵਿੰਦਰ ਸਿੰਘ ਕੋਲ ਜਾ ਕੇ ਉਥੋਂ ਦਾ ਵਸਨੀਕ ਹੋ ਚੁਕਾ ਸੀ। ਇਨ੍ਹੀਂ ਦਿਨੀਂ ਭਾਰਤ ਵਿਚ ਨੋਟਬੰਦੀ ਕਾਰਨ ਆਰਥਿਕ ਵਿਕਾਸ ਵਿਚ ਆਈ ਰੁਕਾਵਟ ਵੀ ਖਬਰਾਂ ਵਿਚ ਸੀ। ਮੈਨੂੰ ਚੇਤੇ ਆਇਆ ਕਿ ਸਾਡੀ ਵਿਦਿਆ ਪ੍ਰਾਪਤੀ ਦੇ ਦਿਨਾਂ ਵਿਚ ਇੱਕ ਰੁਪਏ ਦਾ ਨੋਟ ਨਵਾਂ ਨਵਾਂ ਚੱਲਿਆ ਸੀ। ਚਾਚਾ ਚਰਨਾ ਇਹ ਨੋਟ ਲੋਕਾਂ ਨੂੰ ਵਿਖਾਉਣ ਲਈ ਮਲਮਲ ਦੀ ਕਮੀਜ਼ ਦੀ ਅਗਲੀ ਜੇਬ ਵਿਚ ਪਾ ਕੇ ਪੜ੍ਹਨ ਜਾਂਦਾ ਸੀ। ਜੇ ਉਸ ਦਾ ਸਸਕਾਰ ਸਾਡੇ ਪਿੰਡ ਹੁੰਦਾ ਤਾਂ ਮੈਂ ਉਸ ਦੀ ਚਿਖਾ ਨੂੰ ਅਗਨੀ ਵਿਖਾਉਣ ਵੇਲੇ ਉਸ ਦੀ ਜੇਬ ਵਿਚ ਦੋ ਹਜ਼ਾਰ ਦਾ ਨੋਟ ਪਾਉਂਦਾ। ਨਵੇਂ ਨੋਟਾਂ ਦੀ ਕੀਮਤ ਮੁਰਦਾਬਾਦ!




**ਅੰਤਿਕਾ:** ਕਰਮ ਸਿੰਘ 'ਸੋਹਣੀ' ਵਾਲਾ<br>
ਹੰਸਾਂ, ਮੋਰਾਂ, ਕਬੂਤਰਾਂ ਵਾਂਗ ਜੀਵੋ<br>
ਦੁਸ਼ਮਣ ਸਮਝਣਾ ਛੱਡ ਦਿਓ ਭਾਈਆਂ ਨੂੰ।

# ਕਿਆਮਤ

## ਲੜੀਵਾਰ ਨਾਵਲ

### ਕਿਸ਼ਤ ਚੌਥੀ

***ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ, ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਛਪੀ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜੋ ਅੱਜ ਵੀ ਉਨ੍ਹਾਂ ਦੇ ਚੇਤਿਆਂ ਵਿਚ ਖੁਣੀ ਹੋਈ ਹੈ। ਉਹ ਲਿਖਤ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

### ਤੁਸੀਂ ਪੜ੍ਹ ਚੁੱਕੇ ਹੋ...

ਇਰਾਕ ਦੇ ਇਕ ਹਿੱਸੇ ਉਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਤੋਂ ਬਾਅਦ ਜਾਜ਼ੀਦੀ ਕਬੀਲੇ ਨਾਲ ਸਬੰਧਤ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਵੱਖ-ਵੱਖ ਥਾਂਈਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਆਪਣੇ ਪਿੰਡ ਜਾ ਵੜਦੀ ਹੈ। ਉਸ ਦਾ ਪਿੰਡ ਲਗਾਸ਼ ਭਾਵੇਂ ਇਕ ਪਛੜਿਆ ਪਿੰਡ ਸੀ, ਪਰ ਲੋਕ ਸੁਖੀ ਵਸਦੇ ਸਨ। ਫਿਰ ਹਾਲਾਤ ਬਦਲੇ ਤੇ ਸਭ ਕੁਝ ਖਿੰਡ-ਪੁੰਡ ਗਿਆ। ਉਹਦੇ ਪਿੰਡ ਦੀ ਸ਼ਾਮੀ ਅੰਮਾ ਉਸ ਨੂੰ ਜਾਜ਼ੀਦੀਆਂ ਦੇ ਧਰਮ ਅਤੇ ਕਬੀਲੇ ਬਾਰੇ ਵਿਸਥਾਰ ਨਾਲ ਦੱਸਦੀ ਹੈ। ਹੌਲੀ ਹੌਲੀ ਪਿੰਡ ਦਾ ਵਿਕਾਸ ਹੋਣ ਲੱਗਾ। ਪਰਿਵਾਰ ਦੇ ਬੱਚੇ ਵੀ ਪੜ੍ਹ-ਲਿਖ ਗਏ। ਉਦੋਂ ਹੀ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਅਤੇ ਫਿਰ ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ ਉਤੇ ਕਹਿਰ ਕਮਾਉਣ ਲੱਗੇ। ਉਦੋਂ ਹੀ ਆਈ. ਐਸ. ਆਈ. ਐਸ. ਹੋਂਦ ਵਿਚ ਆ ਗਈ ਤੇ ਜਾਜ਼ੀਦੀਆਂ 'ਤੇ ਕਹਿਰ ਢਹਿਣ ਲੱਗੇ। ਹੁਣ ਪੜ੍ਹੋ ਇਸ ਤੋਂ ਅੱਗੇ...

*(5)*

ਉਹ 2014 ਦੀਆਂ ਗਰਮੀਆਂ ਦੇ ਦਿਨ ਸਨ। ਜਾਲੋ ਦਾ ਫੋਨ ਆਇਆ ਕਿ ਉਹ ਹਫਤੇ ਦੇ ਅਖੀਰ 'ਤੇ ਪਿੰਡ ਆਵੇਗਾ। ਉਸ ਨੇ ਦੂਸਰੇ ਭਾਈਆਂ ਨੂੰ ਫੋਨ ਕੀਤਾ, ਪਰ ਸਿਰਫ ਸਈਅਦ ਨੂੰ ਹੀ ਛੁੱਟੀ ਮਿਲ ਸਕੀ। ਸਨਿਚਰਵਾਰ ਦੀ ਸ਼ਾਮ ਅਸੀਂ ਉਡੀਕ ਹੀ ਰਹੇ ਸਾਂ, ਜਦੋਂ ਜਾਲੋ ਅਤੇ ਸਈਅਦ ਮੋਟਰ ਸਾਈਕਲ 'ਤੇ ਵਿਹੜੇ 'ਚ ਆ ਖੜੋਤੇ। ਮਾਂ ਨੇ ਭੱਜ ਕੇ ਉਨ੍ਹਾਂ ਨੂੰ ਗਲ ਨਾਲ ਲਾਇਆ। ਅਸੀਂ ਸਾਰੇ ਵੀ ਉਨ੍ਹਾਂ ਨੂੰ ਚੰਬੜ ਗਏ। ਕੋਈ ਮਹੀਨੇ ਪਿਛੋਂ ਭਾਈ ਛੁੱਟੀ ਆਏ ਸਨ। ਉਹ ਥੱਕੇ ਹੋਏ ਸਨ ਤੇ



**ਹਰਮਹਿੰਦਰ ਚਹਿਲ**
**ਫੋਨ: 703-362-3239**
**chahals57@yahoo.com**

ਨਹਾਉਣ ਧੋਣ ਲੱਗ ਪਏ। ਇੰਨੇ ਨੂੰ ਖੈਰੀ ਵੀ ਖੇਤੋਂ ਆ ਗਿਆ। ਉਸ ਨੇ ਵੱਡਾ ਸਾਰਾ ਟੋਕਰਾ ਸਿਰ 'ਤੇ ਚੁੱਕਿਆ ਹੋਇਆ ਸੀ। ਹੱਥ ਲਵਾ ਕੇ ਟੋਕਰਾ ਹੇਠਾਂ ਰਖਵਾਉਂਦਿਆਂ ਮਾਂ ਨੇ ਪੁੱਛਿਆ, "ਖੈਰੀ ਪੁੱਤਰ, ਕੀ ਕੁਝ ਲੈ ਆਇਆ ਐਂ?"

"ਮਾਂ, ਇਹ ਮੀਟ ਐ। ਮੈਂ ਤਾਂ ਤਿਆਰੀ ਕੀਤੀ ਸੀ ਕਿ ਦੁੰਬਾ ਵੱਢੂੰਗਾ। ਪਰ ਜਦੋਂ ਮੈਂ ਸੁਣਿਆ ਕਿ ਸਿਰਫ ਜਾਲੋ ਤੇ ਸਈਅਦ ਈ ਨੇ ਤਾਂ ਮੈਂ ਇਕ ਦਰਮਿਆਨਾ ਜਿਹਾ ਬੱਕਰਾ ਈ ਬਣਾ ਲਿਆ।"

"ਚੰਗਾ ਕੀਤਾ ਪੁੱਤਰ। ਮੈਂ ਆਸਮਾ ਨੂੰ ਭੇਜਦੀ ਆਂ, ਹੱਟੀ ਤੋਂ ਮਸਾਲੇ ਲੈ ਆਵੇ।" ਇੰਨਾ ਆਖ ਮਾਂ ਨੇ ਮੈਨੂੰ ਆਵਾਜ਼ ਮਾਰੀ ਤੇ ਮੈਂ ਹੈਜ਼ੀ ਵਲ ਨੂੰ ਚੱਲ ਪਈ। ਮਸਾਲੇ ਲੈ ਕੇ ਜਦੋਂ ਵਾਪਸ ਆਈ ਤਾਂ ਮਾਂ ਭੁੰਨਣ ਲਈ ਮੀਟ ਤਿਆਰ ਕਰੀ ਬੈਠੀ ਸੀ। ਮੈਂ ਮਸਾਲੇ ਰੱਖ ਦਿੱਤੇ ਤੇ ਭਾਈ ਹੁਰਾਂ ਕੋਲੋਂ ਸ਼ਹਿਰੋਂ ਲਿਆਂਦੀਆਂ ਵਸਤਾਂ ਸਾਂਭਣ ਲੱਗੀ। ਭਾਈ ਸਾਡੇ ਲਈ ਕੈਂਡੀਆਂ, ਚਾਕਲੇਟ ਤੇ ਕਈ ਕੁਝ ਲਿਆਏ ਸਨ। ਅਸੀਂ ਸਾਰੇ ਭੈਣ ਭਰਾ ਚੀਜ਼ਾਂ ਲੈਣ ਲਈ ਖਿੱਚਾ ਧੂਹੀ ਕਰ ਰਹੇ ਸਾਂ। ਇੰਨੇ ਨੂੰ ਮੀਟ ਸੜਨ ਦੀ ਖੁਸ਼ਬੋਈ ਨੱਕ ਨੂੰ ਚੜ੍ਹੀ ਤਾਂ ਮੂੰਹ ਵਿਚ ਪਾਣੀ ਆ ਗਿਆ। ਮਾਂ ਨੇ ਸੀਖਾਂ 'ਤੇ ਟੰਗ ਕੇ ਮੀਟ ਪਕਾਉਣਾ ਸ਼ੁਰੂ ਕਰ ਦਿੱਤਾ। ਅਸੀਂ ਸਾਰੇ ਹੇਠਾਂ ਗੋਲ ਘੇਰੇ 'ਚ ਬੈਠ ਗਏ। ਮਾਂ ਨੇ ਪਰਾਤ 'ਚ ਪਾ ਕੇ ਮੀਟ ਸਾਡੇ ਵਿਚਾਲੇ ਲਿਆ ਰੱਖਿਆ। ਨਾਲ ਹੀ ਉਸ ਨੇ ਤੰਦੂਰ 'ਤੇ ਪਕਾਈਆਂ ਰੋਟੀਆਂ ਅਤੇ ਸਬਜ਼ੀਆਂ ਦਾ ਸੂਪ ਲਿਆ ਧਰਿਆ। ਗਰਮ ਗਰਮ ਮੀਟ ਦਾ ਮਜ਼ਾ ਲੈਂਦੇ ਸਾਰੇ ਖਾਣਾ ਖਾਣ ਲੱਗੇ। ਹੈਜ਼ੀ ਵੀ ਦੁਕਾਨ ਬੰਦ ਕਰਕੇ ਆ ਗਿਆ। ਖਾਉ-ਪੀਉ ਤੋਂ ਵਿਹਲੇ ਹੋ ਅਸੀਂ ਦਰੀ ਵਿਛਾ ਕੇ ਹੇਠਾਂ ਹੀ ਬਹਿ ਗਏ। ਮਾਂ ਵੀ ਕੋਲ ਆ ਬੈਠੀ। ਜਾਲੋ ਵਲ ਵੇਖ ਮਾਂ ਨੇ ਗੱਲ ਤੋਰੀ, "ਜਾਲੋ ਪੁੱਤਰ, ਤੇਰਾ ਕੰਮ ਕਿਵੇਂ ਚੱਲਦਾ ਐ?"

ਜਾਲੋ ਨੇ ਸਭ ਵਲ ਨਜ਼ਰ ਘੁਮਾਈ। ਉਸ ਦੇ ਮੱਥੇ 'ਤੇ ਸ਼ਿਕਨ ਸੀ। ਉਹ ਕੁਝ ਫਿਕਰਮੰਦ ਜਿਹਾ ਬੋਲਿਆ, "ਮਾਂ, ਕੰਮ ਤਾਂ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹੋ ਗਿਆ ਐ। ਪਰ ਇਹ ਕਿਸੇ ਮਾੜੇ ਵਕਤ ਦਾ ਸੰਕੇਤ ਐ।"

ਜਾਲੋ ਦੀ ਗੱਲ ਸੁਣ ਮਾਂ ਦੇ ਚਿਹਰੇ 'ਤੇ ਹੈਰਾਨੀ 'ਚ ਤਿਉੜੀਆਂ ਉਭਰ ਆਈਆਂ ਤੇ ਉਸ ਨੇ ਫਿਕਰ ਜਿਹੇ ਨਾਲ ਪੁੱਛਿਆ, "ਉਹ ਕਿਉਂ ਪੁੱਤਰ?"

"ਮਾਂ, ਅੱਜ ਕੱਲ ਬਹੁਤ ਸਾਰੀਆਂ ਫੌਜੀ ਗੱਡੀਆਂ ਮੁਰੰਮਤ ਲਈ ਆਉਂਦੀਆਂ ਨੇ। ਇਹ ਸਭ ਇਸਲਾਮਕ ਸਟੇਟ ਵਾਲਿਆਂ ਦੀਆਂ ਨੇ। ਇਨ੍ਹਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਐ। ਮਤਲਬ, ਉਹ ਸਿੰਜਾਰ ਵਲ ਵਧਦੇ ਆ ਰਹੇ ਨੇ।"

ਗੱਲ ਸੁਣ ਕੇ ਇਕਦਮ ਖਾਮੋਸ਼ੀ ਛਾ ਗਈ। ਸਭ ਦੇ ਚਿਹਰਿਆਂ 'ਤੇ ਤਣਾਅ ਜਿਹਾ ਆ ਗਿਆ। ਫਿਰ ਖੈਰੀ ਦੀ ਆਵਾਜ਼ ਆਈ, "ਮੈਂ ਖੇਤ ਆਪਣੀਆਂ ਭੇਡਾਂ ਕੋਲ ਹੁੰਨਾਂ। ਰਾਤਾਂ ਨੂੰ ਦੂਰ ਦੁਰਾਡੇ ਬੰਬ ਚੱਲਦੇ ਦਿੱਸਦੇ ਨੇ। ਖੜਾਕ ਸੁਣਦੈ ਤੇ ਚੰਗਿਆੜੇ ਛੱਡਦੀਆਂ ਰੋਸ਼ਨੀਆਂ ਅਸਮਾਨ ਚੜ੍ਹਦੀਆਂ ਨੇ। ਕੁਝ ਦਿਨ ਪਹਿਲਾਂ ਮੈਂ ਮਾਊਂਟ ਸਿੰਜਾਰ ਵਲ ਨਿਕਲ ਗਿਆ ਸਾਂ। ਉਧਰ ਦੇ ਲੋਕ ਵੀ ਮਿਲੇ ਸਨ। ਉਹ ਵੀ ਕਈ ਕੁਝ ਦੱਸਦੇ ਸਨ।"

ਗੱਲ ਬੰਦ ਕਰਦਿਆਂ ਉਸ ਨੇ ਸਭ ਦੇ ਚਿਹਰਿਆਂ ਵਲ ਨਜ਼ਰ ਮਾਰੀ। ਸਾਰੇ ਸਾਹ ਰੋਕੀ ਗੱਲ ਸੁਣ ਰਹੇ ਸਨ। ਕੋਈ ਵੀ ਜੁਆਬ 'ਚ ਕੁਝ ਨਾ ਬੋਲਿਆ ਤਾਂ ਉਹ ਦੱਸਣ ਲੱਗਾ, "ਉਧਰ ਸਿੰਜਾਰ ਪਹਾੜ 'ਤੇ ਆਪਣੇ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਐ। ਦੂਰ ਨੇੜੇ ਦੇ ਉਜੜੇ ਉਖੜੇ ਲੋਕੀਂ ਸਿੰਜਾਰ ਪਹਾੜ 'ਤੇ ਸ਼ਰਨ ਲੈ ਰਹੇ ਨੇ।"

ਗੱਲ ਸੁਣ ਮਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਕਿਹਾ, "ਮਾਊਂਟ ਸਿੰਜਾਰ ਤਾਂ ਆਪਣੀ ਮਾਂ ਐਂ। ਜਦੋਂ ਕਦੇ ਵੀ ਆਪਣੇ ਲੋਕਾਂ 'ਤੇ ਬਿਪਤਾ ਬਣਦੀ ਐ ਤਾਂ ਉਹ ਸਿੰਜਾਰ ਪਹਾੜਾਂ 'ਤੇ ਈ ਸਰਨ ਲੈਂਦੇ ਨੇ। ਪਰ ਖੈਰੀ ਪੁੱਤਰ ਉਨ੍ਹਾਂ ਦੇ ਖਾਣ ਪੀਣ ਦਾ ਕੀ ਬਣੇਗਾ ਤੇ ਉਤੋਂ ਇੰਨੀ ਗਰਮੀ?"

"ਮਾਂ ਇਸ ਗੱਲੋਂ ਤਾਂ ਹਾਲ ਮਾੜਾ ਈ ਐ। ਜਾਨਾਂ ਜ਼ਰੂਰ ਬਚ ਗਈਆਂ ਪਰ ਖਾਣ ਪੀਣ ਵਲੋਂ ਉਨ੍ਹਾਂ ਦਾ ਬਹੁਤ ਬੁਰਾ ਹਾਲ ਐ।"

"ਭਾਈ, ਜੇ ਇਸਲਾਮਕ ਸਟੇਟ ਵਾਲੇ ਇੱਧਰ ਨੂੰ ਆ ਗਏ ਤਾਂ ਆਪਣਾ ਕੀ ਬਣੂੰ?" ਕਾਫੀ ਚਿਰ ਤੋਂ ਗੱਲਾਂ ਸੁਣਦੀ ਨੇ ਮੈਂ ਡਰ ਵੱਸ ਪੁੱਛਿਆ।

"ਅਜੇ ਤਾਂ ਉਹ ਮੋਸਲ ਵਲ ਈ ਨੇ। ਆਪਣੇ ਵਲ ਤਾਂ ਸ਼ਾਇਦ ਨਾ ਈ ਆਉਣ।" ਹੈਜ਼ੀ ਨੇ ਸਭ ਦਾ ਦਿਲ ਧਰਵਾਉਣ ਪੱਖੋਂ ਕਿਹਾ।

"ਕੀ ਕਹਿ ਸਕਦੇ ਆਂ।" ਖੈਰੀ ਨੇ ਉਸ ਦਾ ਜੁਆਬ ਦਿੱਤਾ ਤਾਂ ਹੈਜ਼ੀ ਅੱਗੇ ਦੱਸਣ ਲੱਗਾ, "ਕੱਲ੍ਹ ਮੋਸਲ ਤੋਂ ਵਣਜਾਰਾ ਆਇਆ ਸੀ ਮੇਰੀ ਦੁਕਾਨ ਵਿਚ ਸਾਮਾਨ ਵੇਚਣ। ਉਹ ਦੱਸਦਾ ਸੀ ਕਿ ਅਜੇ ਤਾਂ ਉਹ ਉਥੇ ਈ ਆਪਣੀਆਂ ਜੜ੍ਹਾਂ ਜਮਾਉਣ ਲੱਗੇ ਹੋਏ ਨੇ। ਨਾਲ ਈ ਉਸ ਕਿਹਾ ਕਿ ਅਮਰੀਕਨਾਂ ਨੇ ਧਮਕੀ ਦਿੱਤੀ ਐ, ਜੇ ਉਹ ਅਗਾਂਹ ਵਧੇ ਤਾਂ ਅਮਰੀਕਾ ਫੌਜ ਭੇਜੇਗਾ।"

"ਧਮਕੀ ਤਾਂ ਖੈਰ ਉਹ ਕਿਸੇ ਦੀ ਨੀਂ ਮੰਨਦੇ। ਸਾਡੀ ਯੂਨਿਟ ਵਿਚ ਵੀ ਬੜਾ ਭੈਅ ਫੈਲਿਆ ਹੋਇਆ ਐ। ਮੇਰੇ ਕਈ ਸਾਥੀ ਆਪਣੇ ਪਿੰਡਾਂ ਤੋਂ ਨੇ। ਹਰ ਕੋਈ ਫਿਕਰਮੰਦ ਐ। ਪਰ ਸਾਡਾ ਕਮਾਂਡਰ, ਜੋ ਕੁਰਦਸਤਾਨ ਤੋਂ ਐ, ਕਹਿੰਦਾ ਸੀ, ਇਸ ਇਲਾਕੇ ਵਿਚ ਕੁਰਦ ਪੇਸ਼ਮਰਗਾ ਬਹੁਤ ਮਜ਼ਬੂਤ ਐ। ਇਸ ਕਰਕੇ ਇੱਧਰ ਉਹ ਆਉਣ ਦੀ ਜੁਰਅਤ ਨੀਂ ਕਰਨਗੇ।" ਸਈਅਦ ਨੇ ਆਪਣੀ ਗੱਲ ਕਹੀ।

"ਪੁੱਤਰੋ ਰੱਬ 'ਤੇ ਭਰੋਸਾ ਰੱਖੋ। ਉਹ ਆਪਣੀ ਮਦਦ ਕਰੂਗਾ। ਆਪਣੇ 'ਤੇ ਪਹਿਲਾਂ ਬਥੇਰੀਆਂ ਬਿਪਤਾਵਾਂ ਪਈਆਂ ਨੇ। ਤਾਉਸੀ ਮਲਕ ਈ ਆਪਣਾ ਆਸਰਾ ਬਣਦੈ।"

"ਮਾਂ, ਜਿੰਜ਼ਾਲ ਦਾ ਫੋਨ ਨੀਂ ਆਇਆ?" ਖੈਰੀ ਨੇ ਗੱਲ ਦਾ ਰੁਖ ਬਦਲਿਆ।

"ਉਸ ਦਾ ਫੋਨ ਆਉਂਦਾ ਈ ਰਹਿੰਦਾ ਐ। ਕਹਿੰਦੈ, ਛੇਤੀ ਈ ਉਹ ਇੱਥੇ ਆਪਣਾ ਘਰ ਖਰੀਦੂ। ਸ਼ਾਇਦ ਆਪਣੇ ਬੱਚੇ ਦੇ ਜਨਮ ਤੋਂ ਪਹਿਲਾਂ ਈ ਘਰ ਲੈ ਲਵੇ।"

ਸਭ ਨੂੰ ਪਤਾ ਸੀ ਕਿ ਜਿੰਜ਼ਾਲ ਦੀ ਬੀਵੀ ਜਿਨਾਲ ਗਰਭਵਤੀ ਹੈ। ਛੇਤੀ ਹੀ ਬੱਚੇ ਦਾ ਜਨਮ ਹੋਣ ਵਾਲਾ ਹੈ। ਹੁਣ ਗੱਲ ਛਿੜੀ ਤਾਂ ਸਭ ਦੇ ਚਿਹਰਿਆਂ 'ਤੇ ਰੌਣਕ ਆ ਗਈ। ਸਈਅਦ ਖੁਸ਼ੀ 'ਚ ਚਹਿਕਦਾ ਬੋਲਿਆ, "ਓਹ! ਮਤਲਬ ਮੈਂ ਚਾਚਾ ਬਣਨ ਵਾਲਾਂ।"

"ਤੇ ਮੈਂ ਭੂਆ ਬਣਨ ਵਾਲੀ ਆਂ। ਜਿੰਜ਼ਾਲ ਦੇ ਬੱਚੇ ਦੀ ਭੂਆ।" ਮੈਂ ਵੀ ਹੱਸਦਿਆਂ ਜੁਆਬ ਦਿੱਤਾ। ਇਸ ਨਾਲ ਗੱਲ ਦਾ ਰੁਖ ਬਦਲ ਗਿਆ। ਬੜਾ ਚਿਰ ਹੋਰ ਘਰੇਲੂ ਗੱਲਾਂ ਹੁੰਦੀਆਂ ਰਹੀਆਂ। ਦੇਰ ਰਾਤ ਖੈਰੀ ਖੇਤ ਨੂੰ ਮੁੜ ਗਿਆ। ਪਿੱਛੇ ਉਸ ਦਾ ਨੌਕਰ ਇਕੱਲਾ ਸੀ। ਬਾਕੀ ਸਾਰੇ ਜਣੇ ਕੋਠੇ 'ਤੇ ਜਾ ਸੁੱਤੇ।

ਅਗਲੇ ਦਿਨ ਅਜੇ ਮੂੰਹ ਹਨੇਰਾ ਹੀ ਸੀ ਕਿ ਕੋਈ ਬਾਹਰੋਂ ਜ਼ੋਰ ਜ਼ੋਰ ਦੀ ਦਰਵਾਜ਼ਾ ਖੜਕਾਉਣ ਲੱਗਾ। ਅਸੀਂ ਅਭੜਵਾਹੇ ਉਠੇ। ਸਈਅਦ ਨੇ ਹੇਠਾਂ ਜਾ ਕੇ ਬੂਹਾ ਖੋਲ੍ਹਿਆ। ਸਾਹਮਣੇ ਨੌਕਰ ਖੜ੍ਹਾ ਸੀ। ਉਸ ਦਾ ਬੁਰਾ ਹਾਲ ਸੀ, ਕੰਬ ਰਿਹਾ ਸੀ, ਬੋਲਿਆ ਨਹੀਂ ਸੀ ਜਾ ਰਿਹਾ। ਉਦੋਂ ਨੂੰ ਸਾਰੇ ਹੇਠਾਂ ਆ ਚੁੱਕੇ ਸਨ। ਸਈਅਦ ਨੇ ਨੌਕਰ ਨੂੰ ਪਾਣੀ ਪਿਆਇਆ ਤੇ ਉਸ ਦੇ ਮੋਢੇ 'ਤੇ ਹੱਥ ਧਰ ਗੱਲ ਦੱਸਣ ਨੂੰ ਕਿਹਾ। ਨੌਕਰ ਕੰਬਦਿਆਂ ਬੋਲਿਆ, "ਖੈਰੀ ਨੂੰ ਉਹ ਚੁੱਕ ਕੇ ਲੈ ਗਏ ਨੇ।"

"ਕੌਣ?" ਮਾਂ ਨੇ ਇਕਦਮ ਅਗਾਂਹ ਹੁੰਦਿਆਂ ਉਸ ਦੀ ਬਾਂਹ ਝੰਜੋੜੀ।

"ਪਤਾ ਨੀਂ ਕੌਣ ਸਨ ਉਹ। ਉਨ੍ਹਾਂ ਦੇ ਮੂੰਹ ਢਕੇ ਹੋਏ ਸੀ ਤੇ ਗਲੀਂ ਰਾਈਫਲਾਂ ਲਟਕਦੀਆਂ ਸਨ।"

ਸਭ ਦੇ ਹੋਸ਼ ਮਾਰੇ ਗਏ। ਸਭ ਨੂੰ ਲੱਗਾ ਕਿ ਹੋ ਨਾ ਹੋ ਇਹ ਇਸਲਾਮਕ ਸਟੇਟ ਵਾਲਿਆਂ ਦਾ ਹੀ ਕੰਮ ਹੈ। ਜਾਲੋ ਨੂੰ ਕੁਝ ਅਹੁੜਿਆ ਤੇ ਉਸ ਨੇ ਨੌਕਰ ਨੂੰ ਪੁੱਛਿਆ, "ਕੁਛ ਹੋਰ ਵੀ ਲੈ ਗਏ ਜਾਂ ਸਿਰਫ ਖੈਰੀ ਨੂੰ ਚੁੱਕਿਐ?"

"ਉਹ ਦਸ ਭੇਡਾਂ ਵੀ ਟਰੱਕ 'ਚ ਸੁੱਟ ਕੇ ਲੈ ਗਏ ਨੇ।"

ਗੱਲ ਸੁਣ ਸਈਅਦ ਦੇ ਚਿਹਰੇ ਤੋਂ ਫਿਕਰ ਕੁਝ ਘੱਟ ਗਿਆ ਤੇ ਉਹ ਸਭ ਵਲ ਵੇਖਦਾ ਕਹਿਣ ਲੱਗਾ, "ਬਹੁਤਾ ਘਬਰਾਉਣ ਦੀ ਗੱਲ ਨੀਂ ਲੱਗਦੀ। ਇਹ ਇਸਲਾਮਕ ਸਟੇਟ ਵਾਲੇ ਨੀਂ ਜਾਪਦੇ। ਇਹ ਤਾਂ ਲੁਟੇਰੇ ਲੱਗਦੇ ਨੇ। ਮੈਂ ਮੁਖਤਾਰ ਵਲ ਨੂੰ ਜਾਨਾਂ। ਪਤਾ ਕਰਵਾਉਨੇ ਆਂ।"

ਉਹ ਤੁਰਨ ਲੱਗਾ ਤਾਂ ਰੋਂਦੀ ਹੋਈ ਮਾਂ ਬੋਲੀ, "ਪੁੱਤਰ ਸਈਅਦ ਕੁਝ ਖਾ ਪੀ ਜਾਹ। ਇਵੇਂ ਭੁੱਖੇ ਪੇਟ ਜਾਣਾ ਠੀਕ ਨੀਂ।"

ਮਾਂ ਨੇ ਦੁੱਧ ਦਾ ਗਲਾਸ ਸਈਅਦ ਨੂੰ ਫੜ੍ਹਾ ਦਿੱਤਾ। ਉਸ ਨੇ ਕੁਝ ਹੀ ਘੁੱਟਾਂ 'ਚ ਗਲਾਸ ਖਾਲੀ ਕਰ ਦਿੱਤਾ। ਮੂੰਹ ਧੋਂਦਾ ਉਹ ਤੁਰਨ ਲੱਗਾ ਹੀ ਸੀ ਕਿ ਮੁਖਤਾਰ ਅਹਿਮਦ ਜਾਸੋ ਬੂਹਿਉਂ ਅੰਦਰ ਆਉਂਦਾ ਦਿਸਿਆ। ਸਈਅਦ ਨੇ ਅਗਾਂਹ ਹੁੰਦਿਆਂ ਉਸ ਦਾ ਸੁਆਗਤ ਕੀਤਾ ਤੇ ਉਸ ਲਈ ਕੁਰਸੀ ਡਾਹ ਦਿੱਤੀ। ਉਹ ਗੰਭੀਰ ਜਿਹਾ ਸੀ ਤੇ ਬਹਿੰਦਿਆਂ ਹੀ ਬੋਲਿਆ, "ਮੈਨੂੰ ਜਾਪਦਾ ਐ ਤੁਸੀਂ ਜਾਣ ਈ ਗਏ ਹੋਵੋਂਗੇ ਕਿ ਰਾਤੀਂ ਕੀ ਹੋਇਆ?"

"ਹਾਂ ਜੀ ਹੁਣੇ ਈ ਨੌਕਰ ਨੇ ਦੱਸਿਐ ਖੈਰੀ ਬਾਰੇ। ਪਰ ਕੁਛ ਪਤਾ ਲੱਗਾ ਕਿ ਕੌਣ ਲੋਕ ਨੇ ਜਿਨ੍ਹਾਂ ਇਹ ਕਾਰਾ ਕੀਤਾ?" ਸਈਅਦ ਨੇ ਪੁੱਛਿਆ।

ਖੰਘੂਰਾ ਜਿਹਾ ਮਾਰ ਮੁਖਤਾਰ ਕਹਿਣ ਲੱਗਾ, "ਮੈਨੂੰ ਪਤਾ ਲੱਗ ਚੁੱਕੈ। ਘਬਰਾਉਣ ਦੀ ਗੱਲ ਨੀਂ। ਇਹ ਕੋਈ ਬਾਹਰਲਾ ਨੀਂ ਐ। ਕਿਰਕੀ ਪਿੰਡ ਦੇ ਮੁਖਤਾਰ ਨੇ ਮੈਨੂੰ ਫੋਨ ਕਰਕੇ ਦੱਸਿਐ ਕਿ ਇਹ ਲੋਕ ਉਸ ਦੇ ਪਿੰਡ ਦੇ ਲੁਟੇਰੇ ਨੇ। ਪੈਸਾ ਮੰਗਦੇ ਨੇ।"

"ਕਿੰਨੇ ਪੈਸੇ ਜੀ?"

"ਬਹੁਤਾ ਤਾਂ ਪਤਾ ਨੀਂ ਲੱਗਾ। ਉਂਜ ਮੰਗਦੇ ਤਾਂ ਇਹ ਬਹੁਤ ਹੁੰਦੇ ਨੇ ਪਰ ਆਖਰ ਪੰਜ-ਸੱਤ ਹਜ਼ਾਰ 'ਤੇ ਮੰਨ ਜਾਂਦੇ ਨੇ।"

ਉਸ ਦੀ ਗੱਲ ਸੁਣ ਸਈਅਦ ਹੈਜ਼ੀ ਅਤੇ ਜਾਲੋ ਦੀਆਂ ਨਜ਼ਰਾਂ ਮਿਲੀਆਂ। ਉਨ੍ਹਾਂ ਦੇ ਚਿਹਰਿਆਂ 'ਤੇ ਕੁਝ ਤਸੱਲੀ ਜਿਹੀ ਝਲਕਦੀ ਸੀ। ਸ਼ਾਇਦ ਇਹ ਰਕਮ ਉਨ੍ਹਾਂ ਨੂੰ ਕੋਈ ਬਹੁਤੀ ਵੱਡੀ ਨਾ ਲੱਗੀ। ਫਿਰ ਸਈਅਦ ਨੇ ਮੁਖਤਾਰ ਨੂੰ ਕਿਹਾ, "ਤੁਸੀਂ ਗੱਲ ਅਗਾਂਹ ਵਧਾਉ ਜੀ। ਅਸੀਂ ਪੈਸੇ ਦਾ ਇੰਤਜ਼ਾਮ ਕਰਦੇ ਆਂ।"

"ਮੈਂ ਵੀ ਇਹੀ ਸੋਚਦਾ ਸੀ। ਆਪਾਂ ਕਿਰਕੀ ਪਿੰਡ ਦੇ ਮੁਖਤਾਰ ਨੂੰ ਅੱਜ ਈ ਇੱਥੇ ਸੱਦ ਲੈਨੇ ਆਂ। ਦੁਪਹਿਰ ਦੇ ਖਾਣੇ ਦਾ ਨਿਉਤਾ ਦੇ ਦਿੰਦੇ ਆਂ। ਕਿਵੇਂ ਰਹੂ?"

"ਬਿਲਕੁਲ ਠੀਕ ਐ ਜੀ। ਤੁਸੀਂ ਕਰੋ ਜੋ ਕਰਨਾ ਐਂ। ਸਾਨੂੰ ਵੀ ਦੱਸ ਦਿਉ ਕਿ ਸਾਨੂੰ ਕੀ ਹੁਕਮ ਐ?"

"ਤੁਸੀਂ ਇਕ ਬੱਕਰਾ ਵੱਢ ਕੇ ਭਿਜਵਾ ਦਿਉ। ਇਕ ਜਣਾ ਦੁਪਹਿਰ ਵੇਲੇ ਮੇਰੇ ਨਾਲ ਰਿਹੋ।"

"ਹਾਂ ਜੀ ਮੈਂ ਤੁਹਾਡੇ ਨਾਲ ਰਹੂੰ।" ਹੈਜ਼ੀ ਨੇ ਕਿਹਾ।

"ਠੀਕ ਐ। ਦੁਪਹਿਰ ਵੇਲੇ ਆ ਜਾਵੀਂ।" ਇੰਨਾ ਕਹਿ ਕੇ ਮੁਖਤਾਰ ਘਰ ਨੂੰ ਮੁੜ ਗਿਆ ਤੇ ਹੈਜ਼ੀ ਨੌਕਰ ਨੂੰ ਲੈ ਕੇ ਖੇਤ ਨੂੰ ਤੁਰ ਪਿਆ। ਉਸ ਨੇ ਖਾਣ ਪੀਣ ਦਾ ਪ੍ਰਬੰਧ ਕੀਤਾ। ਦੁਪਹਿਰ ਵੇਲੇ ਅਸੀਂ ਵੇਖਿਆ ਕਿ ਕਿਰਕੀ ਦਾ ਮੁਖਤਾਰ ਆਪਣੇ ਬੰਦਿਆਂ ਨਾਲ ਟਰੱਕ 'ਚ ਅਹਿਮਦ ਜਾਸੋ ਦੇ ਘਰ ਜਾ ਰਿਹਾ ਸੀ। ਹੈਜ਼ੀ ਵੀ ਉਧਰੇ ਚਲਾ ਗਿਆ।

ਦੁਪਹਿਰ ਪਿਛੋਂ ਹੈਜ਼ੀ ਨੇ ਆ ਕੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੇ ਖੈਰੀ ਨੂੰ ਅਗਵਾ ਕੀਤਾ ਹੈ ਉਹ ਕਿਰਕੀ ਦੇ ਹੀ ਹਨ। ਉਹ ਸੱਤ ਹਜ਼ਾਰ ਦਿਨਾਰ 'ਚ ਖੈਰੀ ਨੂੰ ਮੋੜਨਾ ਮੰਨ ਗਏ ਨੇ। ਨਾਲ ਹੀ ਉਨ੍ਹਾਂ ਕਿਹਾ ਕਿ ਉਹ ਚੁੱਕੀਆਂ ਭੇਡਾਂ ਵੀ ਰੱਖਣਗੇ। ਰੋਂਦੀ ਹੋਈ ਮਾਂ ਨੇ ਖੈਰੀ ਬਾਰੇ ਪੁੱਛਿਆ ਤਾਂ ਹੈਜ਼ੀ ਦੱਸਣ ਲੱਗਾ, "ਮਾਂ ਉਹ ਠੀਕ ਐ। ਕਿਰਕੀ ਦਾ ਮੁਖਤਾਰ ਕਹਿੰਦਾ ਸੀ, ਖੈਰੀ ਉਸ ਦੇ ਘਰ ਐ। ਜਿਵੇਂ ਈ ਉਨ੍ਹਾਂ ਨੂੰ ਰਕਮ ਮਿਲ ਗਈ, ਉਹ ਉਸ ਨੂੰ ਇੱਥੇ ਛੱਡ ਜਾਣਗੇ। ਅਸੀਂ ਹੁਣ ਪੈਸੇ ਦਾ ਪ੍ਰਬੰਧ ਕਰਦੇ ਆਂ।"

ਮਾਂ ਨੇ ਸਿਰ ਨਿਵਾਉਂਦਿਆਂ ਹੁੰਗਾਰਾ ਭਰਿਆ। ਉਂਜ ਉਹ ਉਵੇਂ ਹੀ ਹੌਕੇ ਭਰਦੀ ਰਹੀ। ਬਾਕੀ ਸਾਰੇ ਵੀ ਘਰ ਦੇ ਇਕ ਖੂੰਜੇ ਬੈਠੇ ਰੋ ਰਹੇ ਸਨ। ਸਈਅਦ, ਜਾਲੋ ਅਤੇ ਹੈਜ਼ੀ ਪੈਸੇ ਦਾ ਪ੍ਰਬੰਧ ਕਰਨ ਲੱਗ ਪਏ। ਉਨ੍ਹਾਂ ਨੇ ਜਿੰਜ਼ਾਲ ਨਾਲ ਫੋਨ 'ਤੇ ਗੱਲ ਕਰ ਲਈ ਸੀ। ਇਸ ਤੋਂ ਬਿਨਾ ਜਾਲੋ ਦੀ ਸਿੰਜਾਰ, ਉਸ ਦੇ ਬੈਂਕ ਨਾਲ ਵੀ ਗੱਲਬਾਤ ਹੋ ਗਈ ਸੀ। ਅਗਲੇ ਦਿਨ ਪੈਸੇ ਮਿਲ ਜਾਣੇ ਸਨ। ਉਦੋਂ ਤੱਕ ਸਾਨੂੰ ਇਵੇਂ ਹੀ ਉਡੀਕ ਕਰਨੀ ਪੈਣੀ ਸੀ। ਸਈਅਦ ਨੇ ਜਾਲੋ ਨੂੰ ਰਾਇ ਦਿੱਤੀ ਕਿ ਉਹ ਸ਼ਹਿਰ ਚਲਾ ਜਾਵੇ ਤਾਂ ਕਿ ਪੈਸੇ ਲਿਆਂਦੇ ਜਾ ਸਕਣ। ਜਾਲੋ ਤਿਆਰ ਹੋ ਗਿਆ। ਉਸ ਨੂੰ ਤੋਰ ਕੇ ਅਸੀਂ ਸਾਰੇ ਉਦਾਸੇ ਚਿਹਰਿਆਂ ਨਾਲ ਵਾਪਸ ਵਿਹੜੇ 'ਚ ਆ ਬੈਠੇ। ਉਦੋਂ ਨੂੰ ਗਲੀ ਵਲੋਂ 'ਖੜੱਪ ਖੜੱਪ' ਦੀ ਆਵਾਜ਼ ਆਈ। ਸਾਡੇ ਚਿਹਰਿਆਂ ਦੀ ਉਦਾਸੀ ਕੁਝ ਘੱਟ ਗਈ। ਸ਼ਾਮੀ ਅੰਮਾ ਨੇ ਅੰਦਰ ਆਉਂਦਿਆਂ ਹੀ ਮਾਂ ਵਲ ਹੱਥ ਖੜ੍ਹਾ ਕਰ ਦਿੱਤਾ। ਭਾਵ ਉਸ ਨੇ ਖਾਣਾ ਪੀਣਾ ਕੁਝ ਨਹੀਂ। ਉਹ ਨੇੜੇ ਆਈ ਤਾਂ ਮਾਂ ਉਸ ਨੂੰ ਚਿੰਬੜ ਕੇ ਰੋਣ ਲੱਗੀ। ਅਸੀਂ ਸਭ ਵੀ ਸੁਬਕਦੇ ਸ਼ਾਮੀ ਅੰਮਾ ਨੂੰ ਲਿਪਟ ਗਏ। ਉਸ ਨੇ ਸਭ ਦੇ ਸਿਰਾਂ 'ਤੇ ਹੱਥ ਫੇਰਦਿਆਂ ਧਰਵਾਸ ਦਿੱਤਾ। ਮਾਂ ਨੇ ਉਸ ਲਈ ਕੁਰਸੀ ਡਾਹ ਦਿੱਤੀ। ਉਹ ਬਹਿੰਦਿਆਂ ਮਾਂ ਨੂੰ ਬੋਲੀ, "ਸਾਇਰਾ ਬੀਬੀ, ਸਮਾਂ ਬਹੁਤ ਮਾੜਾ ਚੱਲ ਰਿਹਾ ਐ। ਮੈਨੂੰ ਹੁਣੇ ਖੈਰੀ ਬਾਰੇ ਪਤਾ ਲੱਗੈ।"

"ਅੰਮਾ ਕੀ ਕਰੀਏ। ਕੋਈ ਨਾ ਕੋਈ ਵਖਤ ਪਿਆ ਈ ਰਹਿੰਦੈ। ਪਤਾ ਨੀਂ ਰੱਬ ਕਿਉਂ ਨਾਰਾਜ਼ ਐ ਮੇਰੇ ਬੱਚਿਆਂ 'ਤੇ।"

"ਨੀਂ ਧੀਏ, ਰੱਬ ਦਾ ਕੋਈ ਦੋਸ਼ ਨੀਂ। ਇਹ ਤਾਂ ਲੋਕਾਂ ਦਾ ਈ ਇਮਾਨ ਮਾਰਿਆ ਗਿਆ ਐ।"

"ਅੰਮਾ ਉਤੋਂ ਵਕਤ ਕਿੰਨਾ ਖਰਾਬ ਐ। ਫਿਰ ਆਹ ਡਾਕੂ ਲੁਟੇਰੇ ਸਾਡਾ ਖਹਿੜਾ ਨੀਂ ਛੱਡਦੇ।" ਸਈਅਦ ਨੇ ਇੰਨਾ ਕਿਹਾ ਤਾਂ ਸ਼ਾਮੀ ਅੰਮਾ ਬੋਲੀ, "ਪੁੱਤਰਾ, ਸਾਡਾ ਵਕਤ ਤਾਂ ਹਮੇਸ਼ਾ ਤੋਂ ਈ ਖਰਾਬ ਰਿਹਾ ਐ। ਸਾਨੂੰ ਇਨ੍ਹਾਂ ਸੁੰਨੀ ਅਰਬੀਆਂ ਨੇ ਕਦੇ ਸੁੱਖ ਨਾਲ ਵਸਣ ਨੀਂ ਦਿੱਤਾ। ਇਹ ਮੁੱਦਤਾਂ ਤੋਂ ਇਹੀ ਕੁਛ ਕਰਦੇ ਆਉਂਦੇ ਨੇ। ਇਵੇਂ ਈ ਕਿੰਨੀ ਵਾਰੀ ਆਪਣੇ ਲੋਕਾਂ ਨੂੰ ਅਗਵਾ ਕਰ ਕੇ ਲੈ ਗਏ ਨੇ। ਤੇ ਫਿਰ ਫਿਰੌਤੀ ਲੈ ਕੇ ਈ ਛੱਡਦੇ ਨੇ।"

"ਅੰਮਾ ਖਤਰਾ ਤਾਂ ਕੋਈ ਨੀਂ ਮੇਰੇ ਪੁੱਤਰ ਨੂੰ?" ਮਾਂ ਨੇ ਅੱਖਾਂ ਪੂੰਝਦਿਆਂ ਪੁੱਛਿਆ।

"ਨੀਂ ਸਾਇਰਾ ਬੀਬੀ, ਕਿਉਂਕਿ ਉਥੇ ਦਾ ਮੁਖਤਾਰ ਵਿਚ ਆ ਗਿਐ। ਪੈਸੇ ਤਾਂ ਜ਼ਰੂਰ ਲੱਗਣਗੇ ਪਰ ਮੁਖਤਾਰ ਉਸ ਨੂੰ ਫੁੱਲ ਦੀ ਵੀ ਨੀਂ ਲੱਗਣ ਦੇਵੇਗਾ। ਅਹਿਮਦ ਜਾਸੋ ਨੇ ਵੀ ਮੈਨੂੰ ਇਹੀ ਦੱਸਿਆ ਐ।"

"ਅੰਮਾ ਮੈਂ 'ਕੱਲੀ ਜਾਨ ਕੀ ਕੀ ਕਰਾਂ, ਇਨ੍ਹਾਂ ਦਾ ਬਾਪ ਤਾਂ...?" ਇੰਨਾ ਕਹਿੰਦਿਆਂ ਮਾਂ ਉਚੀ ਉਚੀ ਰੋਣ ਲੱਗ ਪਈ। ਉਸ ਨੂੰ ਇਸ ਬਿਪਤਾ



*ਇਰਾਕ ਵਿਚ ਅਮਰੀਕੀ ਫੌਜਾਂ*

*(ਅਗਲੇ ਸਫੇ 'ਤੇ ਜਾਰੀ)*

ਦੀ ਘੜੀ ਬਾਪ ਯਾਦ ਆ ਗਿਆ ਸੀ। ਸ਼ਾਮੀ ਅੰਮਾ ਨੇ ਅਗਾਂਹ ਹੋ ਉਸ ਨੂੰ ਚੁੱਪ ਕਰਾਇਆ। ਮਾਂ ਵਲੋਂ ਹਟ ਉਸ ਨੇ ਸਾਡੇ ਵਲ ਵੇਖਿਆ। ਕੁਝ ਦੇਰ ਚੁੱਪ ਰਹਿ ਬੋਲੀ, "ਬੱਚਿਉ, ਆਪਾਂ ਕਦੇ ਵੀ ਸੁੱਖ ਨਾਲ ਨ੍ਹੀਂ ਰਹਿ ਸਕੇ। ਇਸ ਤਰ੍ਹਾਂ ਦੀਆਂ ਘਟਨਾਵਾਂ ਇੱਥੇ ਵਾਪਰਦੀਆਂ ਈ ਰਹਿੰਦੀਆਂ ਨੇ। ਪਰ ਮੈਨੂੰ ਹੁਣ ਕੋਈ ਹੋਰ ਫਿਕਰ ਮਾਰ ਰਿਹੈ...।" ਅਗਾਂਹ ਸ਼ਾਮੀ ਅੰਮਾ ਨੇ ਗੱਲ ਵਿਚਾਲੇ ਹੀ ਛੱਡ ਦਿੱਤੀ ਤਾਂ ਮਾਂ ਨੇ ਕਾਹਲੀ ਨਾਲ ਪੁੱਛਿਆ, "ਅੰਮਾ, ਉਹ ਕੀ?"

"ਮੈਨੂੰ ਆਪਣੇ ਪਿੰਡ ਵਲ ਕਿਆਮਤ ਦੀ ਕੋਈ ਖ਼ੂਨੀ 'ਨੇਰੀ ਚੜ੍ਹੀ ਆਉਂਦੀ ਦਿਸਦੀ ਐ।

ਗੱਲ ਸੁਣ ਸਾਰੇ ਇਕਦਮ ਹੈਰਾਨ ਹੁੰਦਿਆਂ ਉਸ ਵਲ ਝਾਕੇ ਤਾਂ ਉਹ ਅੱਗੇ ਬੋਲਣ ਲੱਗੀ, "ਆਪਾਂ ਜਾਣਦੇ ਈ ਆਂ ਕਿ ਮੋਸਲ ਤਾਂ ਪਹਿਲਾਂ ਈ ਇਸਲਾਮਕ ਸਟੇਟ ਵਾਲਿਆਂ ਦੇ ਕਬਜ਼ੇ 'ਚ ਐ। ਹੁਣ ਪਤਾ ਲੱਗੈ, ਉਨ੍ਹਾਂ ਆਪਣੀ ਸਾਰੀ ਫੌਜ ਸਿੰਜਾਰ ਵਲ ਨੂੰ ਤੋਰ ਦਿੱਤੀ ਐ।"

"ਹੈਂ ਅੰਮਾ ਕੀ ਕਿਹਾ? ਇਹ ਕਦੋਂ ਦੀ ਗੱਲ ਐ?" ਸਈਅਦ ਨੇ ਹੈਰਾਨੀ 'ਚ ਪੁੱਛਿਆ।

"ਹੁਣੇ ਟੀ. ਵੀ. ਵੇਖ ਕੇ ਆ ਰਹੀ ਆਂ। ਤੁਸੀਂ ਤਾਂ ਸ਼ਾਇਦ ਖੈਰੀ ਵਾਲੇ ਮਸਲੇ ਕਰਕੇ ਕੁਛ ਵੇਖਿਆ ਈ ਨ੍ਹੀਂ ਹੋਣਾਂ। ਇਸੇ ਕਰਕੇ...।"

"ਹਾਂ ਅੰਮਾ ਸਾਡੀ ਤਾਂ ਮੱਤ ਈ ਮਾਰੀ ਪਈ ਐ। ਪਰ ਹੁਣ ਬਣੂੰ ਕੀ?" ਮਾਂ ਨੇ ਅੱਥਰੂ ਪੂੰਝਦਿਆਂ ਪੁੱਛਿਆ।

"ਬਣਨਾ ਕੀ ਐ ਬੱਚਿਉ। ਜੋ ਰੱਬ ਨੂੰ ਮਨਜ਼ੂਰ।" ਇੰਨਾ ਕਹਿੰਦਿਆਂ ਸ਼ਾਮੀ ਅੰਮਾ ਨੇ ਲੰਬਾ ਹਉਕਾ ਭਰਿਆ। ਇਕਦਮ ਚੁੱਪ ਪਸਰ ਗਈ। ਫਿਰ ਸ਼ਾਇਦ ਮਾਂ ਨੇ ਸਭ ਦਾ ਦਿਲ ਧਰਵਾਉਣ ਦੇ ਇਰਾਦੇ ਨਾਲ ਕਿਹਾ, "ਜੇ ਉਹ ਸਿੰਜਾਰ ਆ ਵੀ ਗਏ ਤਾਂ ਆਪਣੇ ਵਲ ਫਿਰ ਵੀ ਨ੍ਹੀਂ ਆਉਣਗੇ। ਆਪਾਂ ਠੀਕ ਆਂ।"

"ਮਾਂ ਇੱਧਰ ਕਿਉਂ ਨ੍ਹੀਂ ਆਉਣਗੇ? ਕੋਈ ਵਜ੍ਹਾ ਤਾਂ ਜਾਪਦੀ ਨ੍ਹੀਂ।" ਜ਼ਾਹਰਾ ਨੇ ਕਿਹਾ ਤਾਂ ਮਾਂ ਨੇ ਜੁਆਬ ਦਿੱਤਾ, "ਆਪਾਂ ਧੀਏ ਇੱਧਰ ਸਰਹੱਦ 'ਤੇ ਆਂ। ਇਸ ਤੋਂ ਬਿਨਾ ਆਪਣੀ ਰਾਖੀ ਲਈ ਪੇਸ਼ਮਰਗਾ ਵੀ ਤਾਂ ਹੈਗਾ।" ਮਾਂ ਨੇ ਫਿਰ ਹੌਸਲਾ ਦਿੱਤਾ। ਪਰ ਸ਼ਾਮੀ ਅੰਮਾ ਉਦਾਸ ਆਵਾਜ਼ 'ਚ ਬੋਲੀ, "ਸਾਇਰਾ ਬੀਬੀ, ਇਹ ਇਸਲਾਮਕ ਸਟੇਟ ਵਾਲੇ ਬੜੇ ਜ਼ਾਲਮ ਨੇ। ਜੇ ਇਹ ਸਿੰਜਾਰ ਤੱਕ ਆ ਗਏ ਤਾਂ ਇਹ ਅੱਗੇ ਵੀ ਵਧਣਗੇ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਇੱਧਰ ਦੇ ਸਾਰੇ ਪਿੰਡ ਜਾਜ਼ੀਦੀਆਂ ਦੇ ਨੇ, ਫਿਰ ਤਾਂ ਜ਼ਰੂਰ ਆਉਣਗੇ।"

"ਤਾਂ ਫਿਰ ਆਪਾਂ ਕੀ ਕਰੀਏ ਅੰਮਾ?" ਹੁਣ ਤੱਕ ਚੁੱਪ ਬੈਠੀ ਜ਼ੀਨਤ ਨੇ ਪੁੱਛਿਆ।

"ਇਸ ਵੇਲੇ ਸਭ ਤੋਂ ਵੱਡੀ ਗੱਲ ਐ ਕਿ ਆਪਾਂ ਇਕਮੁੱਠ ਰਹੀਏ। ਇਕ ਦੂਜੇ ਦਾ ਸਾਥ ਦਈਏ। ਵੇਖੋ ਆਪਣੀ ਰਾਖੀ ਲਈ ਪੇਸ਼ਮਰਗਾ ਹੈਗੈ। ਰੱਬ 'ਤੇ ਭਰੋਸਾ ਰੱਖੋ।"

ਉਹ ਚੁੱਪ ਹੋਈ ਤਾਂ ਸਈਅਦ ਉਸ ਦੀ ਗੱਲ ਦੀ ਤਾਈਦ ਕਰਦਾ ਕਹਿਣ ਲੱਗਾ, "ਹਾਂ ਇਹ ਗੱਲ ਅੰਮਾ ਦੀ ਬਿਲਕੁਲ ਦਰੁਸਤ ਐ। ਪੇਸ਼ਮਰਗਾ ਬਹੁਤ ਤਾਕਤਵਰ ਐ। ਨਾਲੇ ਪੇਸ਼ਮਰਗਾ ਦਾ ਤਾਂ ਮਤਲਬ ਈ ਜਾਨ ਵਾਰ ਕੇ ਦੂਸਰੇ ਦੀ ਰਾਖੀ ਕਰਨਾ। ਫਿਰ ਕੁਰਦਸਤਾਨ ਵਾਲਿਆਂ ਲਈ ਇਹ ਵੀ ਜ਼ਰੂਰੀ ਐ ਕਿ ਉਹ ਸਿੰਜਾਰ ਤੋਂ ਅੱਗੇ ਇਸਲਾਮਕ ਸਟੇਟ ਵਾਲਿਆਂ ਨੂੰ ਨਾ ਆਉਣ ਦੇਣ। ਇਸ ਵਿਚ ਕੁਰਦਸਤਾਨ ਦੀ ਸੁਰੱਖਿਆ ਵੀ ਖਤਰੇ 'ਚ ਪੈਂਦੀ ਐ। ਇੱਧਰ ਵਲ ਤੇਲ ਦੇ ਖੂਹ ਵੀ ਇਸਲਾਮਕ ਸਟੇਟ ਵਾਲਿਆਂ ਤੋਂ ਬਚਾਉਣੇ ਬਹੁਤ ਜ਼ਰੂਰੀ ਨੇ। ਮੈਨੂੰ ਪੂਰਾ ਯਕੀਨ ਐ, ਕੁਰਦਸਤਾਨ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਸਿੰਜਾਰ ਤੋਂ ਅੱਗੇ ਨ੍ਹੀਂ ਆਉਣ ਦੇਵੇਗਾ।"

"ਖ਼ੁਦਾ ਕਰੇ ਤੇਰੀ ਗੱਲ ਠੀਕ ਹੋਵੇ ਬੱਚਿਆ।" ਸੋਚਾਂ 'ਚ ਗੁੰਮ ਸ਼ਾਮੀ ਅੰਮਾ ਨੇ ਮੱਠਾ ਜਿਹਾ ਹੁੰਗਾਰਾ ਭਰਿਆ। ਸਈਅਦ ਫਿਰ ਬੋਲਿਆ, "ਸਾਡੀ ਯੂਨਿਟ 'ਚ ਇਹ ਗੱਲਾਂ ਆਮ ਹੁੰਦੀਆਂ ਰਹਿੰਦੀਆਂ ਨੇ ਕਿ ਇਸ ਗੱਲੋਂ ਅਮਰੀਕਾ ਵੀ ਸਾਵਧਾਨ ਐ, ਬਈ ਇੱਧਰ ਇਸਲਾਮਕ ਸਟੇਟ ਵਾਲਿਆਂ ਨੂੰ ਨਾ ਵਧਣ ਦਿੱਤਾ ਜਾਵੇ। ਸੋ ਜੇ ਉਹ ਇੱਧਰ ਨੂੰ ਵਧਦੇ ਐ ਤਾਂ ਅਮਰੀਕਾ ਪੂਰੀ ਤਾਕਤ ਨਾਲ ਉਨ੍ਹਾਂ ਨੂੰ ਰੋਕੇਗਾ।"

ਸਈਅਦ ਨੇ ਗੱਲ ਪੂਰੀ ਕੀਤੀ ਤਾਂ ਸ਼ਾਮੀ ਅੰਮਾ ਉਠਦਿਆਂ ਬੋਲੀ, "ਰੱਬ ਭਲੀ ਕਰੂ ਪੁੱਤਰੋ। ਚੰਗਾ ਮੈਂ ਹੁਣ ਚੱਲਦੀ ਆਂ। ਖੈਰੀ ਪਰਤ ਆਵੇ ਤਾਂ ਮੈਨੂੰ ਸੁਨੇਹਾ ਭੇਜ ਦੇਣਾ। ਮੇਰੇ ਲਾਇਕ ਕੋਈ ਹੋਰ ਕੰਮ ਹੋਵੇ ਤਾਂ ਵੀ ਦੱਸ ਦੇਣਾ।" ਇੰਨਾ ਆਖ ਸ਼ਾਮੀ ਅੰਮਾ ਤੁਰ ਗਈ। ਅਸੀਂ ਸਾਰੇ ਉਸ ਨੂੰ ਜਾਂਦੀ ਨੂੰ ਵੇਖਦੇ ਰਹੇ। ਉਹ ਆਮ ਨਾਲੋਂ ਬਹੁਤ ਹੌਲੀ ਤੁਰ ਰਹੀ ਸੀ। ਉਹ ਘਰੋਂ ਬਾਹਰ ਨਿਕਲੀ ਹੀ ਸੀ ਕਿ ਸਈਅਦ ਦੇ ਫੋਨ ਦੀ ਘੰਟੀ ਵੱਜੀ। ਉਹ ਪਾਸੇ ਹੋ ਕੇ ਫੋਨ ਸੁਣਨ ਲੱਗਾ। ਗੱਲ ਪੂਰੀ ਹੋਣ ਪਿੱਛੋਂ ਉਹ ਕਹਿਣ ਲੱਗਾ, "ਮਾਂ, ਮੇਰੀ ਯੂਨਿਟ 'ਚੋਂ ਫੋਨ ਆਇਐ। ਮੈਨੂੰ ਤੁਰੰਤ ਵਾਪਸ ਮੁੜਨ ਨੂੰ ਕਿਹਾ ਐ। ਸ਼ਾਇਦ ਇਸਲਾਮਕ ਸਟੇਟ ਵਾਲਿਆਂ ਦੇ ਵੱਧ ਰਹੇ ਖਤਰੇ ਕਰਕੇ ਈ ਐ।"

ਸੁਣ ਕੇ ਮਾਂ ਨੇ ਹੈਰਾਨੀ ਨਾਲ ਉਸ ਵਲ ਵੇਖਿਆ। ਉਸ ਦਾ ਚਿਹਰਾ ਇਕਦਮ ਚਿੰਤਾਗ੍ਰਸਤ ਹੋ ਗਿਆ। ਪਰ ਫਿਰ ਆਪਣੇ ਆਪ 'ਤੇ ਕਾਬੂ ਪਾਉਂਦਿਆਂ ਉਸ ਕਿਹਾ, "ਚੰਗਾ ਪੁੱਤਰਾ ਜਾਹ ਤੂੰ।"

ਸਈਅਦ ਦੀ ਗੱਲ ਸੁਣ ਕੇ ਇਕੱਲੀ ਮਾਂ ਹੀ ਨਹੀਂ ਸਗੋਂ ਸਾਰੇ ਹੀ ਹਿਰਾਸੇ ਜਿਹੇ ਹੋ ਗਏ। ਕਿਉਂਕਿ ਇਸ ਵੇਲੇ ਕੋਈ ਨਹੀਂ ਸੀ ਚਾਹੁੰਦਾ ਕਿ ਪਰਿਵਾਰ ਦਾ ਵੱਡਾ ਪੁੱਤਰ ਵੀ ਘਰੋਂ ਚਲਿਆ ਜਾਵੇ। ਪਰ ਮਜਬੂਰੀ ਸੀ। ਸਈਅਦ ਬੜਾ ਉਦਾਸ ਚਿੱਤ ਘਰੋਂ ਤੁਰ ਗਿਆ। ਪਿੱਛੇ ਬੈਠੇ ਅਸੀਂ ਜਾਲੋ ਦਾ ਸੁਨੇਹਾ ਉਡੀਕਣ ਲੱਗੇ। ਸਵੇਰ ਤੋਂ ਸ਼ਾਮ ਹੋ ਗਈ ਪਰ ਉਸ ਦਾ ਫੋਨ ਨਾ ਆਇਆ। ਇਵੇਂ ਉਡੀਕਦਿਆਂ ਅਗਲਾ ਦਿਨ ਬੀਤ ਗਿਆ।

ਪੂਰੇ ਦੋ ਦਿਨ ਜਾਲੋ ਦਾ ਫੋਨ ਨਾ ਆਇਆ। ਅਸੀਂ ਉਡੀਕ ਉਡੀਕ ਪਾਗਲ ਹੋਈ ਜਾ ਰਹੇ ਸਾਂ। ਜਾਲੋ ਦਾ ਫੋਨ ਨਾ ਆਉਣ ਕਰਕੇ ਫਿਕਰ ਤਾਂ ਹੈ ਹੀ ਸੀ ਪਰ ਵੱਡਾ ਫਿਕਰ ਖੈਰੀ ਦਾ ਸੀ। ਉਹ ਤਿੰਨ ਦਿਨਾਂ ਤੋਂ ਸੁੰਨੀ ਅਰਬਾਂ ਦੇ ਕਬਜ਼ੇ ਵਿਚ ਸੀ। ਪੈਸੇ ਨਾ ਪਹੁੰਚਣ ਕਰਕੇ ਉਹ, ਉਸ ਨੂੰ ਰਿਹਾ ਨਹੀਂ ਸਨ ਕਰ ਰਹੇ। ਪਰ ਇੰਨਾ ਧਰਵਾਸ ਜ਼ਰੂਰ ਸੀ ਕਿ ਸਾਡਾ ਮੁਖਤਾਰ ਅਹਿਮਦ ਜਾਸੋ ਸਾਨੂੰ ਹੌਸਲਾ ਦੇ ਰਿਹਾ ਸੀ। ਉਸ ਦਾ ਕਹਿਣਾ ਸੀ ਕਿ ਉਹ ਲਗਾਤਾਰ ਕਿਰਕੀ ਦੇ ਮੁਖਤਾਰ ਦੇ ਸੰਪਰਕ ਵਿਚ ਹੈ। ਉਸ ਨੇ ਦੱਸ ਦਿੱਤਾ ਹੈ ਕਿ ਅਜੇ ਪੈਸਿਆਂ ਦਾ ਪ੍ਰਬੰਧ ਨਹੀਂ ਹੋ ਸਕਿਆ। ਕਿਰਕੀ ਵਾਲੇ ਮੁਖਤਾਰ ਨੇ ਭਰੋਸਾ ਦਵਾਇਆ ਹੈ ਕਿ ਅਸੀਂ ਖੈਰੀ ਦਾ ਫਿਕਰ ਨਾ ਕਰੀਏ। ਉਹ ਠੀਕ ਠਾਕ ਹੈ ਤੇ ਉਸ ਦੇ ਘਰ ਹੈ। ਪਰ ਜਦੋਂ ਤੱਕ ਪੈਸੇ ਨਾ ਪੁੱਜੇ, ਉਹ ਉਸ ਨੂੰ ਛੱਡ ਨਹੀਂ ਸਕੇਗਾ।

ਤੀਸਰੇ ਦਿਨ ਜਾਲੋ ਦਾ ਫੋਨ ਆਇਆ। ਮੈਂ ਛੇਤੀ ਦੇਣੇ ਚੁੱਕਿਆ ਤਾਂ ਉਹ ਅੱਗੋਂ ਉਦਾਸ ਜਿਹਾ ਬੋਲਿਆ, "ਆਸਮਾ, ਇੱਥੇ ਸਿੰਜਾਰ ਵਿਚ ਹਾਲਾਤ ਬਹੁਤ ਖਰਾਬ ਹੋ ਗਏ ਨੇ। ਦੋ ਦਿਨ ਪਹਿਲਾਂ ਇਸਲਾਮਕ ਸਟੇਟ ਵਾਲੇ ਇੱਥੇ ਪਹੁੰਚ ਚੁੱਕੇ ਨੇ ਤੇ ਸ਼ਹਿਰ ਦੇ ਦੱਖਣ ਵਾਲੇ ਪਾਸੇ ਲੜਾਈ ਚੱਲ ਰਹੀ ਐ। ਬੈਂਕ ਵੀ ਇਸੇ ਕਰਕੇ ਬੰਦ ਸਨ। ਇੰਟਰਨੈਟ ਵੀ ਡਾਊਨ ਹੋ ਗਿਆ ਸੀ ਜਿਸ ਕਰਕੇ ਮੈਂ ਫੋਨ ਵੀ ਨ੍ਹੀਂ ਕਰ ਸਕਿਆ।"

"ਭਾਈ ਹੁਣ ਕੀ ਬਣੂੰ?" ਮੈਂ ਫਿਕਰ 'ਚ ਪੁੱਛਿਆ।

"ਇਕ ਵਾਰੀ ਤਾਂ ਇਰਾਕੀ ਫੌਜ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ ਐ। ਇਸੇ ਕਰਕੇ ਆਰਜ਼ੀ ਤੌਰ 'ਤੇ ਬੈਂਕ ਖੁੱਲ੍ਹੇ ਨੇ ਤੇ ਇੰਟਰਨੈਟ ਚਾਲੂ ਹੋਈ ਐ। ਮੈਂ ਅੱਜ ਈ ਪੈਸੇ ਕਢਾ ਕੇ ਪਿੰਡ ਪਹੁੰਚਦਾਂ। ਤੁਸੀਂ ਫਿਕਰ ਨਾ ਕਰਿਉ।" ਇੰਨਾ ਕਹਿ ਉਸ ਨੇ ਫੋਨ ਕੱਟ ਦਿੱਤਾ। ਮੈਂ ਸਾਰੀ ਗੱਲ ਬਾਕੀ ਪਰਿਵਾਰ ਨੂੰ ਸੁਣਾਈ। ਸਭ ਨੇ ਥੋੜ੍ਹਾ ਸ਼ੁਕਰ ਮਨਾਇਆ ਕਿ ਜਾਲੋ ਦਾ ਫੋਨ ਆ ਗਿਆ। ਪਰ ਇਸਲਾਮਕ ਸਟੇਟ ਵਾਲਿਆਂ ਦੀ ਖਬਰ ਨੇ ਸਾਡੇ ਸਾਹ ਸੁੱਕਣੇ ਪਾ ਦਿੱਤੇ। ਦੁਪਹਿਰ ਪਿੱਛੋਂ ਹੈਂਜ਼ੀ ਦੁਕਾਨ ਤੋਂ ਆਇਆ ਤਾਂ ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਹ ਉਦਾਸਿਆ ਜਿਹਾ ਕਹਿਣ ਲੱਗਾ, "ਹੁਣੇ ਵਣਜਾਰਾ ਮੇਰੀ ਦੁਕਾਨ 'ਚ ਸਾਮਾਨ ਭਰਨ ਆਇਆ ਸੀ। ਉਹ ਦੱਸਦਾ ਸੀ ਕਿ ਇਸਲਾਮਕ ਸਟੇਟ ਵਾਲੇ ਸਿੰਜਾਰ ਦੇ ਨੇੜੇ ਪਹੁੰਚ ਗਏ ਐ ਤੇ ਬੜੇ ਜੋਸ਼ 'ਚ ਨੇ। ਛੇਤੀ ਈ ਸਿੰਜਾਰ 'ਤੇ ਕਬਜ਼ਾ ਕਰ ਲੈਣਗੇ ਤੇ ਉਥੇ ਕਾਬਜ਼ ਹੁੰਦਿਆਂ ਈ ਅੱਗੇ ਵਧਣਗੇ।"

"ਭਾਈ, ਇਹ ਸੁੰਨੀ ਲੋਕ ਨ੍ਹੀਂ ਫਿਕਰ ਕਰਦੇ ਇਸਲਾਮਕ ਸਟੇਟ ਵਾਲਿਆਂ ਦੇ ਆਉਣ ਦਾ?" ਜ਼ੀਨਤ ਨੇ ਭੋਲੇਪਣ 'ਚ ਪੁੱਛਿਆ।

"ਨ੍ਹੀਂ, ਇਹ ਤਾਂ ਸਗੋਂ ਖੁਸ਼ ਨੇ। ਵਣਜਾਰਾ ਪੂਰਾ ਟਹਿਕਿਆ ਹੋਇਆ ਸੀ। ਉਹ ਕਹਿੰਦਾ ਸੀ ਕਿ ਉਨ੍ਹਾਂ ਦੀ ਸਰਕਾਰ ਆ ਰਹੀ ਐ। ਇਸੇ ਕਰਕੇ ਉਨ੍ਹਾਂ ਲਈ ਇਹ ਬੜੀ ਮਾਣ ਦੀ ਗੱਲ ਐ। ਕਈ ਤਾਂ ਦਾਅਵਤਾਂ ਕਰ ਰਹੇ ਨੇ, ਜਸ਼ਨ ਮਨਾ ਰਹੇ ਨੇ।"

"ਬੇੜਾ ਗਰਕ ਹੋਵੇ ਇਨ੍ਹਾਂ ਦਾ।" ਮਾਂ ਨੇ ਗੁੱਸੇ 'ਚ ਕਿਹਾ। ਉਦੋਂ ਹੀ ਹੈਂਜ਼ੀ ਆਲੇ ਦੁਆਲੇ ਝਾਕਦਾ ਬੋਲਿਆ, "ਮਾਂ ਜਾਲੋ ਦਾ ਸੁਨੇਹਾ ਆਇਆ ਕੋਈ?"

"ਹਾਂ ਹੁਣੇ ਮੇਰੇ ਨਾਲ ਗੱਲ ਹੋਈ ਐ।" ਅਗਾਂਹ ਉਸ ਨੇ ਜਾਲੋ ਨਾਲ ਹੋਈ ਸਾਰੀ ਗੱਲ ਦੱਸੀ। ਫਿਰ ਉਸ ਨੇ ਮਾਂ ਵਲ ਵੇਖਦਿਆਂ ਪੁੱਛਿਆ, "ਮਾਂ, ਮੈਂ ਕਿਵੇਂ ਕਰਾਂ? ਮੈਨੂੰ ਤਾਂ ਫਿਕਰ ਹੋਇਆ ਪਿਆ ਐ ਕਿ ਜੇ ਕੋਈ ਗੱਲ ਹੋ ਗਈ ਤਾਂ ਦੁਕਾਨ ਦਾ ਕੀ ਬਣੂੰ? ਮੇਰਾ ਮਤਲਬ ਮੈਂ ਹੋਰ ਸਾਮਾਨ ਨਾ ਲਵਾਂ। ਉਂਜ ਮੈਂ ਵਣਜਾਰੇ ਨੂੰ ਕਹਿ ਦਿੱਤੈ ਕਿ ਮੇਰੇ ਫੋਨ ਕਰੇ ਬਿਨਾ ਦੁਕਾਨ ਲਈ ਸਾਮਾਨ ਨਾ ਲਿਆਵੇ।"

"ਠੀਕ ਐ ਪੁੱਤਰਾ ਤੂੰ ਚੰਗਾ ਕੀਤਾ। ਕੁਛ ਦਿਨ ਉਡੀਕ ਲੈਨੇ ਆਂ। ਨਾਲੇ ਪਹਿਲਾਂ ਖੈਰੀ ਆ ਜਾਵੇ। ਉਸ ਬਿਨਾ ਕੁਛ ਨ੍ਹੀਂ ਸੁੱਝਦਾ।"

"ਮਾਂ, ਉਹ ਠੀਕ ਐ। ਮੈਨੂੰ ਅਹਿਮਦ ਜਾਸੋ ਨੇ ਹੁਣੇ ਫੋਨ ਕੀਤਾ ਸੀ। ਉਹ ਪੈਸਿਆਂ ਦੇ ਪ੍ਰਬੰਧ ਬਾਰੇ ਪੁੱਛਦਾ ਸੀ। ਉਦੋਂ ਈ ਉਸ ਨੇ ਖੈਰੀ ਦੀ ਸੁੱਖ ਸਲਾਮਤੀ ਦੀ ਖਬਰ ਦਿੱਤੀ। ਉਸ ਦੀ ਕਿਰਕੀ ਦੇ ਮੁਖਤਾਰ ਨਾਲ ਗੱਲਬਾਤ ਹੁੰਦੀ ਰਹਿੰਦੀ ਐ।"

"ਸ਼ੁਕਰ ਐ ਰੱਬ ਦਾ।"

ਇਸ ਪਿੱਛੋਂ ਅਸੀਂ ਜਾਲੋ ਦਾ ਫੋਨ ਫਿਰ ਤੋਂ ਉਡੀਕਣ ਲੱਗੇ। ਉਡੀਕ ਵਿਚ ਹੀ ਦੁਪਹਿਰਾ ਲੰਘ ਗਿਆ। ਸ਼ਾਮ ਵੇਲੇ ਉਸ ਦਾ ਫੋਨ ਆਇਆ। ਉਸ ਨੇ ਦੱਸਿਆ ਕਿ ਬੈਂਕ ਖੁੱਲ੍ਹਿਆ ਤਾਂ ਸੀ ਪਰ ਦੋ ਦਿਨ ਬੰਦ ਰਹਿਣ ਕਰਕੇ ਭੀੜ ਬਹੁਤ ਸੀ। ਇਸ ਕਰਕੇ ਉਸ ਦਾ ਨੰਬਰ ਕੱਲ੍ਹ ਨੂੰ ਲੱਗੇਗਾ। ਉਸ ਨੇ ਭਰੋਸਾ ਦਿੰਦਿਆਂ ਸਾਨੂੰ ਸਬਰ ਰੱਖਣ ਨੂੰ ਕਿਹਾ। ਫਿਰ ਰਾਤ ਦਾ ਖਾਣਾ ਖਾ ਸਭ ਸੌਣ ਲਈ ਕੋਠੇ 'ਤੇ ਜਾ ਚੜ੍ਹੇ।

ਸਵੇਰੇ ਸਦੇਹਾਂ ਹੀ ਜਦੋਂ ਸਾਰੇ ਘੂਕ ਸੁੱਤੇ ਪਏ ਸਨ ਤਾਂ ਦਰਵਾਜਾ ਜ਼ੋਰ ਜ਼ੋਰ ਦੀ ਖੜਕਿਆ। ਅਸੀਂ ਤ੍ਰਭਕ ਕੇ ਉਠੇ। ਮੈਂ ਛੇਤੀ ਦੇਣੇ ਹੇਠਾਂ ਉਤਰੀ। ਮਾਂ ਵੀ ਨਾਲ ਹੀ ਸੀ। ਜਦੋਂ ਮੈਂ ਡਰਦੀ ਡਰਦੀ ਨੇ ਬੂਹਾ ਖੋਲ੍ਹਿਆ ਤਾਂ ਸਾਹਮਣੇ ਖੈਰੀ ਖੜ੍ਹਾ ਸੀ। ਉਸ ਦੇ ਮੂੰਹ 'ਤੇ ਹਵਾਈਆਂ ਉਡ ਰਹੀਆਂ ਸਨ। ਕੱਪੜੇ ਪਾਟੇ ਤੇ ਉਹ ਮਿੱਟੀ ਘੱਟੇ ਨਾਲ ਲਿਬੜਿਆ ਪਿਆ ਸੀ। ਉਹ ਬਹੁਤ ਡਰਿਆ ਹੋਇਆ ਸੀ। ਮਾਂ ਕੁਝ ਪੁੱਛਣ ਹੀ ਲੱਗੀ ਸੀ ਕਿ ਉਸ ਨੇ ਮੂੰਹ 'ਤੇ ਉਂਗਲ ਰੱਖਦਿਆਂ ਚੁੱਪ ਰਹਿਣ ਦਾ ਕਿਹਾ। ਉਹ ਛੇਤੀ ਦੇਣੇ ਅੰਦਰ ਲੰਘ ਆਇਆ ਤਾਂ ਮੈਂ ਦਰਵਾਜਾ ਬੰਦ ਕਰ ਦਿੱਤਾ। ਖੈਰੀ ਅੰਦਰਲੇ ਕਮਰੇ 'ਚ ਚਲਾ ਗਿਆ। ਮੈਂ ਅਤੇ ਮਾਂ ਵੀ ਮਗਰੇ ਹੀ ਸਾਂ। ਮਾਂ ਨੇ ਪੁੱਛਿਆ, ਕੀ ਵਾਪਰਿਆ? ਉਹ ਡਰਦਾ ਜਿਹਾ ਬੋਲਿਆ, "ਮਾਂ, ਮੈਂ ਉਨ੍ਹਾਂ ਦੇ ਕਬਜ਼ੇ 'ਚੋਂ ਭੱਜ ਆਇਆਂ।"

"ਹੈਂ! ਉਹ ਕਿਵੇਂ?"

"ਮੈਂ ਕਿਰਕੀ ਵਾਲੇ ਮੁਖਤਾਰ ਦੇ ਘਰ ਸੀ। ਰਾਤੀਂ ਉਸ ਦੇ ਘਰੇ ਦਾਅਵਤ ਸੀ। ਉਹ ਇਸਲਾਮਕ ਸਟੇਟ ਵਾਲਿਆਂ ਦੀਆਂ ਇੱਧਰਲੀਆਂ ਜਿੱਤਾਂ ਦਾ ਜਸ਼ਨ ਮਨਾ ਰਹੇ ਸਨ। ਬਹੁਤ ਲੋਕ ਉਸ ਦੇ ਘਰ ਇਕੱਠੇ ਸਨ। ਉਹ ਸਭ ਉਧਰ ਰੁੱਝੇ ਹੋਏ ਸਨ। ਮੇਰਾ ਦਾਅ ਲੱਗ ਗਿਆ ਤੇ ਮੈਂ ਬਚ ਕੇ ਘਰੋਂ ਨਿਕਲ ਪਿਆ। ਬਾਹਰ ਆ ਮੈਂ ਖੇਤਾਂ ਵਿਚੋਂ ਦੀ ਭੱਜਦਾ ਇੱਥੇ ਪਹੁੰਚਿਆਂ। ਪਰ ਮੇਰਾ ਇੱਥੇ ਰਹਿਣਾ ਠੀਕ ਨ੍ਹੀਂ। ਕਿਧਰੇ ਉਹ ਪਿੱਛੇ ਨਾ ਆ ਜਾਣ।"

"ਪੁੱਤਰ ਰੱਬ ਦਾ ਸ਼ੁਕਰ ਐ ਜੋ ਤੂੰ ਸਹੀ ਸਲਾਮਤ ਆ ਗਿਐਂ। ਪਰ ਤੇਰੀ ਗੱਲ ਠੀਕ ਐ ਕਿ ਉਹ ਪਿੱਛੇ ਨਾ ਆ ਜਾਣ। ਆਪਾਂ ਨੂੰ ਪਤਾ ਐ ਕਿ ਜਿਸ ਨੂੰ ਉਹ ਅਗਵਾ ਕਰ ਲੈਂਦੇ ਐ ਤਾਂ ਪੈਸੇ ਲਏ ਬਿਨਾ ਨ੍ਹੀਂ ਛੱਡਦੇ। ਸੁੰਨੀ ਅਰਬਾਂ ਦਾ ਜ਼ੋਰ ਵੀ ਬਹੁਤ ਐ। ਆਪਾਂ ਨੂੰ ਸੰਭਲ ਕੇ ਰਹਿਣਾ ਚਾਹੀਦੈ।"

"ਫਿਰ ਮੈਂ ਕੀ ਕਰਾਂ? ਜੇ ਕਹੇਂ ਤਾਂ ਮੈਂ ਹੈਂਜ਼ੀ ਕੋਲ ਦੁਕਾਨ 'ਤੇ ਚਲਾ ਜਾਨਾਂ।" ਹੈਂਜ਼ੀ ਰਾਤ ਵੇਲੇ ਦੁਕਾਨ 'ਤੇ ਹੀ ਸੌਂਦਾ ਸੀ। ਪਰ ਮਾਂ ਨੂੰ ਲੱਗਾ ਕਿ ਉਹ ਸੁਰੱਖਿਅਤ ਥਾਂ ਨਹੀਂ ਹੈ ਤੇ ਬੋਲੀ, "ਤੂੰ ਇਉਂ ਕਰ। ਸ਼ਾਮੀ ਅੰਮਾ ਦੇ ਘਰ ਚਲਾ ਜਾਹ। ਕੁਛ ਵਕਤ ਉਥੇ ਛੁਪ ਜਾਹ। ਜੇ ਉਹ ਪਿੱਛੇ ਆਏ ਤਾਂ ਅਸੀਂ ਕਹਾਂਗੇ ਕਿ ਤੂੰ ਇੱਥੇ ਨ੍ਹੀਂ ਆਇਆ।"

"ਠੀਕ ਐ ਮੈਂ ਅੰਮਾ ਦੇ ਜਾਨਾਂ। ਜੇ ਕੋਈ ਗੱਲ ਕਰਨੀ ਹੋਈ ਤਾਂ ਮੈਂ ਉਸ ਨੂੰ ਭੇਜਾਂਗਾ।" ਇੰਨਾ ਕਹਿੰਦਿਆਂ ਖੈਰੀ ਆਲੇ ਦੁਆਲੇ ਨਜ਼ਰ ਮਾਰਦਾ ਘਰੋਂ ਨਿਕਲ ਗਿਆ। ਅਸੀਂ ਉਸ ਨੂੰ ਬੀਹੀ 'ਚ ਤੋਰ ਕੇ ਦਰਵਾਜਾ ਬੰਦ ਕਰ ਲਿਆ। ਸਾਨੂੰ ਸੁੱਖ ਦਾ ਸਾਹ ਆਇਆ। ਮਾਂ ਨੇ ਸੁਝਾਅ ਦਿੱਤਾ ਕਿ ਅਸੀਂ ਪ੍ਰਾਰਥਨਾ ਕਰ ਲਈਏ। ਮੈਂ ਹਾਂ ਕਹੀ ਤੇ ਅਸਮਾਨ ਵਲ ਵੇਖਿਆ। ਛਿਪਦੇ ਵਲ ਚੰਨ ਦਾ ਛੋਟਾ ਜਿਹਾ ਟੋਟਾ ਦਿੱਸ ਰਿਹਾ ਸੀ। ਅਸੀਂ ਮੂੰਹ ਹੱਥ ਧੋ ਚੰਨ ਵਲ ਮੂੰਹ ਕਰਦੀਆਂ ਪ੍ਰਾਰਥਨਾ ਕਰਨ ਲੱਗੀਆਂ। ਇੱਧਰੋਂ ਵਿਹਲੇ ਹੋ ਕੇ ਮਾਂ ਤੰਦੂਰ ਤਪਾ ਖਾਣਾ ਬਣਾਉਣਾ ਲੱਗੀ। ਚੜ੍ਹਦੇ ਵਲ ਲਾਲੀ ਦਿੱਸਣ ਲੱਗ ਪਈ ਸੀ।

*(ਚਲਦਾ)*

# ਕਾਵਿ-ਜਗਤ

## ਜੱਟ ਬੇ-ਜਮੀਨੇ

ਕਰਜੇ ਦੀ ਮਾਰ ਤੇ ਖਰਚਿਆਂ ਦੀ ਬਹੁਤਾਤ ਨੇ,
ਕਰ'ਤੇ ਜੱਟ ਬੇ-ਜਮੀਨੇ,
ਕੁਝ ਬੇਰੁਜ਼ਗਾਰ ਤੇ ਬਾਕੀ ਨਿਕੰਮੀ ਔਲਾਦ ਨੇ,
ਕਰ'ਤੇ ਜੱਟ ਬੇ-ਜਮੀਨੇ।

ਇਕ ਭਾਰੀ ਕਬੀਲਦਾਰੀ
ਦੂਜੀ ਮੁਫਤ 'ਚ ਲੈਂਦੇ ਨੇ ਫਿਰ ਲੰਬੜਦਾਰੀ,
ਤੀਜੀ ਯਾਰੋ ਨਿਕਲਦੀ ਕਿਸਮਤ ਖਰਾਬ ਨੇ,
ਕਰ'ਤੇ ਜੱਟ ਬੇ-ਜਮੀਨੇ।

ਵਧ ਗਈ ਹੈ ਲੋੜੋਂ ਵੱਧ ਯਾਰੋ
ਹੁਣ ਜੱਟ ਦੀ ਖੇਤੀ 'ਤੇ ਹੀ ਨਿਰਭਰਤਾ,
ਬਿਮਾਰ ਫਸਲਾਂ ਤੇ ਹੁੰਦੀ ਬੇਮੌਸਮੀ ਬਰਸਾਤ ਨੇ,
ਕਰ'ਤੇ ਜੱਟ ਬੇ-ਜਮੀਨੇ।

ਕਰਜ ਲੈ ਕਰਨਾ ਵੈਲਪੁਣਾ,
ਕਸਰ ਛੱਡਣੀ ਨਾ ਕੋਈ ਲੋਕ ਦਿਖਾਵੇ ਦੀ,
ਸਾਹੂਕਾਰਾਂ ਦੇ ਲਗਦੇ ਵਿਆਜ ਉਤੇ ਵਿਆਜ ਨੇ,
ਕਰ'ਤੇ ਜੱਟ ਬੇ-ਜਮੀਨੇ।

ਇੱਥੇ ਨਾ ਕਹਿੰਦੇ ਕੰਮ ਕੋਈ,
ਲੱਗੀ ਹੁਣ ਬਾਹਰਲੇ ਮੁਲਕਾਂ ਨੂੰ ਦੌੜ ਹੈ,
ਵੇਚ ਕੇ ਜਮੀਨਾਂ ਲਾਉਂਦੇ ਵੀਜ਼ੇ ਦੇ ਜੁਗਾੜ ਨੇ,
ਕਰ'ਤੇ ਜੱਟ ਬੇ-ਜਮੀਨੇ।

ਨਿਕੰਮੀਆਂ ਨਿਕਲੀਆਂ ਨੇ ਸਰਕਾਰਾਂ
ਤੇ ਫੈਲ ਰਿਹਾ ਹੈ ਭ੍ਰਿਸ਼ਟਾਚਾਰ,
ਕੁਝ ਅਫਸਰਸ਼ਾਹੀ ਦੇ ਲਗਦੇ ਬਦ-ਦਿਮਾਗ ਨੇ,
ਕਰ'ਤੇ ਜੱਟ ਬੇ-ਜਮੀਨੇ।

ਕਰ ਹੀ ਲੈਂਦੇ ਹਾਂ 'ਮਨਦੀਪ' ਗੱਲ ਹੁਣ
ਜੱਟਾਂ 'ਤੇ ਚੱਲਦੇ ਬਹੁਤੇ ਗੀਤਾਂ ਦੀ,
ਵੇਚ ਕੇ ਜਮੀਨਾਂ ਆਪੂੰ ਬਣੇ ਦੇਸੀ ਕਲਾਕਾਰ ਨੇ,
ਕਰ'ਤੇ ਜੱਟ ਬੇ-ਜਮੀਨੇ।

ਖੁਦ ਹੱਥੀਂ ਕੰਮ ਕਰੇ ਨਾ ਕੋਈ,
ਸਭ ਬਾਹਰੀ ਕਾਮਿਆਂ 'ਤੇ ਗਿੱਝ ਗਏ,
ਔਲਾਦ ਦੇ ਨਸ਼ਿਆਂ ਤੇ ਫੈਸ਼ਨ ਦੀ ਮਾਰ ਨੇ,
ਕਰ'ਤੇ ਜੱਟ ਬੇ-ਜਮੀਨੇ।

ਆ ਗਈਆਂ ਕੰਪਨੀਆਂ ਤੇ
ਭਾਅ ਰਾਤੋ-ਰਾਤ ਵਧ ਗਏ ਨੇ ਜਮੀਨਾਂ ਦੇ,
ਗਿੱਲ ਕੱਟੀਆਂ ਕਾਲੋਨੀਆਂ, ਵਿੱਕਦੇ ਪਲਾਟ ਨੇ,
ਕਰ'ਤੇ ਜੱਟ ਬੇ-ਜਮੀਨੇ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

---

## ਲਾਸ਼

ਵੇਖ ਪੁੱਤਰ ਦੀ ਲਾਸ਼ ਟੰਗੀ ਨੂੰ,
ਡਿੱਗ ਪਈ ਸੀ ਗੱਸ਼ ਖਾ ਕੇ ਮਾਂ।
ਇਹ ਕੀ ਸੱਲ ਤੂੰ ਲਾ ਗਿਆ ਪੁੱਤਰਾ,
ਝੱਲੇਗੀ ਕਿੰਜ ਤੇਰੀ ਮਾਂ।

ਕਰਜ਼ ਸੀ ਸਿਰ 'ਤੇ ਚੜ੍ਹਿਆ ਭਾਰੀ,
ਦੱਸਿਆ ਸੀ ਤੂੰ ਪਿਛਲੀ ਵਾਰੀ।
ਉਤਾਰ ਦਿਆਂਗਾ ਕਹਿੰਦਾ ਸੀ ਤੂੰ
ਹੌਲੀ ਹੌਲੀ ਕਰਕੇ ਮਾਂ।
ਇਹ ਕੀ ਸੱਲ ਤੂੰ ਲਾ ਗਿਆ ਪੁੱਤਰਾ,
ਝੱਲੇਗੀ ਕਿੰਜ ਤੇਰੀ ਮਾਂ।

ਚੁੰਮ ਚੁੰਮ ਮੱਥਾ ਪੁੱਤਰ ਦਾ ਰੋਈ,
ਸਦਮੇ ਦੇ ਵਿਚ ਕਮਲੀ ਹੋਈ।
ਸੀਨੇ ਦੇ ਨਾਲ ਲਾ ਕੇ ਕਹਿੰਦੀ,
ਪੁੱਤਰਾ ਛੱਡ ਕੇ ਜਾਵੀਂ ਨਾ।
ਇਹ ਕੀ ਸੱਲ ਤੂੰ ਲਾ ਗਿਆ ਪੁੱਤਰਾ,
ਝੱਲੇਗੀ ਕਿੰਜ ਤੇਰੀ ਮਾਂ।

ਕਈ ਦਿਨਾਂ ਤੋਂ ਸੀ ਤੱਕਦੀ ਤੈਨੂੰ,
ਚਿਹਰਾ ਬੁਝਿਆ ਸੀ ਲੱਗਦਾ ਮੈਨੂੰ।
ਗੱਲੀਂ ਗੱਲੀਂ ਪੁੱਛਦੀ ਸੀ ਮੈਂ,
ਰਾਜ ਤੂੰ ਪੁੱਤਰਾ ਦੱਸਿਆ ਨਾ।
ਇਹ ਕੀ ਸੱਲ ਤੂੰ ਲਾ ਗਿਆ ਪੁੱਤਰਾ,
ਝੱਲੇਗੀ ਕਿੰਜ ਤੇਰੀ ਮਾਂ।

ਦੋਸ਼ ਦਿਆਂ ਕੀ ਰੁੱਖ ਨੂੰ ਪੁੱਤਰਾ,
ਜਾਂ ਫਿਰ ਆਪਣੀ ਕੁੱਖ ਨੂੰ ਪੁੱਤਰਾ।
ਚੰਗੀ ਕਿਸਮਤ ਜੇ ਹੁੰਦੀ ਮੇਰੀ,
ਘਰ ਦਾ ਦੀਵਾ ਬੁੱਝਦਾ ਨਾ।
ਇਹ ਕੀ ਸੱਲ ਤੂੰ ਲਾ ਗਿਆ ਪੁੱਤਰਾ,
ਝੱਲੇਗੀ ਕਿੰਜ ਤੇਰੀ ਮਾਂ।
ਝੱਲੇਗੀ ਕਿੰਜ ਤੇਰੀ ਮਾਂ।

*-ਬਲਜਿੰਦਰ ਸਿੰਘ ਸਿੱਧੂ*
*ਪਿੰਡ ਗੁਲਾਮ ਪੱਤਰਾ*
*ਫੋਨ: 91-95010-15085*

---

## ਲਹੂ ਦਾ ਫਰਕ

ਸਿਤਮ ਉਦੋਂ ਸਿਤਮ ਨਹੀਂ ਲਗਦਾ
ਜਦੋਂ ਬੇਰੁਜ਼ਗਾਰਾਂ 'ਤੇ ਹੁੰਦਾ ਹੈ
ਜ਼ੁਲਮ ਵੀ ਉਦੋਂ ਜ਼ੁਲਮ ਨਹੀਂ ਲਗਦਾ
ਜਦੋਂ ਕਿਸਾਨਾਂ 'ਤੇ ਹੁੰਦਾ ਹੈ
ਜਾਂ ਅਧਿਆਪਕਾਂ 'ਤੇ ਹੁੰਦਾ ਹੈ।
ਸਿਤਮ ਉਦੋਂ ਸਿਤਮ ਬਣਦਾ ਹੈ
ਜਦੋਂ ਆਪਣੇ 'ਤੇ ਤੇਜ਼ਾਬ ਬਣ ਡੁੱਲ੍ਹਦਾ ਹੈ
ਤੇ ਬੰਦਾ ਫੇਰ ਸਾਰੀ ਉਮਰ ਨਹੀਂ ਭੁਲਦਾ।

ਅੱਜ ਦਾ ਸਵਾਰਥੀ ਇਨਸਾਨ
ਜੇ ਵੱਟਸਐਪ 'ਤੇ ਕਿਸੇ ਦੀ
ਚਮੜੀ ਉਤਰਦੀ ਦੀ ਵੀਡੀਓ
ਵੀ ਦੇਖਦਾ ਹੈ
ਤਾਂ ਵੀ ਉਸ ਨੂੰ ਕੰਡਾ ਭਰ
ਦਰਦ ਨਹੀਂ ਹੁੰਦਾ
ਤੇ ਜਿਸ ਦਿਨ ਆਪਣੇ
ਪੈਰ 'ਚ ਕੰਡਾ ਵੀ ਚੁਭਦਾ ਹੈ
ਤਾਂ ਇੰਜ ਜਾਪਦਾ ਹੈ
ਜਿਵੇਂ ਕਿਸੇ ਨੇ
ਚਮੜੀ ਉਧੇੜ'ਤੀ ਹੋਵੇ।
ਬਸ ਏਹੀ ਫਰਕ ਹੈ
ਮਨੁੱਖ ਤੇ ਮਨੁੱਖ 'ਚ
ਕਵੀ ਤੇ ਕਵੀ 'ਚ
ਲਹੂ ਤੇ ਲਹੂ 'ਚ?

*-ਕੇਵਲ ਸਿੰਘ ਧਰਮਪੁਰਾ*
*ਫੋਨ: 91-98788-01561*

---

## ਅੱਜ ਦੀ ਗੱਲ

ਬਲਦੇ ਖੇਤ ਤਾਂ ਧਾਹਾਂ ਮਾਰਨ,
ਲਾ ਅੱਗਾਂ ਅਸਾਂ ਨੇ ਸਾੜ ਦਿੱਤੇ।
ਸਾਹ ਲੈਣਾ ਵੀ ਹੋਇਆ ਦੁੱਭਰ,
ਮਿੱਤਰ ਜੀਵ ਵੀ ਮਾਰ ਦਿੱਤੇ।
ਰਹਿੰਦੀ ਕਸਰ ਤਿਉਹਾਰਾਂ ਕੱਢੀ,
ਕੰਨਾਂ ਦੇ ਪਰਦੇ ਪਾੜ ਦਿੱਤੇ।
ਗੁਰੂ, ਪਿਤਾ ਤੇ ਮਾਤਾ ਵਾਲੇ,
ਰਿਸ਼ਤੇ ਅਸਾਂ ਵਿਸਾਰ ਦਿੱਤੇ।
ਭਵਿੱਖ ਨੂੰ ਕੀ ਜਵਾਬ ਦਿਆਂਗੇ,
ਜੋ ਚੰਨ ਅਸਾਂ ਨੇ ਚਾੜ੍ਹ ਦਿੱਤੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

## ਗਜ਼ਲ

ਹਰ ਬੂਟੇ ਨੂੰ ਮੈਂ ਪਾਣੀ ਲਾਉਣਾ ਚਾਹੁੰਦਾ ਹਾਂ।
ਮੈਂ ਹਰ ਇਕ ਬੰਦੇ ਨੂੰ ਹਸਾਉਣਾ ਚਾਹੁੰਦਾ ਹਾਂ।

ਬੇਘਰੇ ਲੋਕ ਦੇਖ ਕੇ ਬਹੁਤ ਦੁਖੀ ਹੁੰਦਾ ਹਾਂ
ਮੈਂ ਸਭ ਦੇ ਲਈ ਘਰ ਬਣਾਉਣਾ ਚਾਹੁੰਦਾ ਹਾਂ।

ਭੁੱਖੇ ਲੋਕ ਦੁਨੀਆਂ ਵਿਚ ਦੇਖ ਨਹੀਂ ਸਕਦਾ
ਮੈਂ ਹਰ ਜਗ੍ਹਾ ਲੰਗਰ ਲਾਉਣਾ ਚਾਹੁੰਦਾ ਹਾਂ।

ਸਰਕਾਰਾਂ ਤਾਂ ਲੋਕਾਂ ਨੂੰ ਉਲਝਾ ਕੇ ਰੱਖਦੀਆਂ
ਮੈਂ ਸਭ ਦੇ ਜਖਮੀਂ ਮੱਲ੍ਹਮ ਲਾਉਣੀ ਚਾਹੁੰਦਾ ਹਾਂ।

ਨੇਤਾਵਾਂ ਨੂੰ ਆਪਣੀਆਂ ਵੋਟਾਂ ਦਾ ਹੀ ਸੰਸਾ ਹੈ
ਮੈਂ ਵੋਟਰ ਨੂੰ ਹਕੀਕਤ ਸਮਝਾਉਣੀ ਚਾਹੁੰਦਾ ਹਾਂ।

ਰਿਸ਼ਵਤਖੋਰਾਂ ਦੇਸ਼ ਦੇ ਅੰਦਰ ਅੱਤ ਮਚਾਈ ਹੈ
ਮੈਂ ਰਿਸ਼ਵਤਖੋਰਾਂ ਦੇ ਧੰਦੇ ਹਟਾਉਣਾ ਚਾਹੁੰਦਾ ਹਾਂ।

ਬਹੁਧਰਮੀ ਸਮਾਜ ਅੰਦਰ ਮਿਲ ਕੇ ਰਹਿਣਾ ਹੈ
ਮੈਂ ਲੋਕਾਂ ਨੂੰ ਇਹ ਗੱਲ ਸਿਖਾਉਣਾ ਚਾਹੁੰਦਾ ਹਾਂ।

ਕਾਲਜਾਂ 'ਚ ਕਿਤਾਬਾਂ ਪੜ੍ਹ ਕੇ ਡਿਗਰੀ ਮਿਲ ਜਾਵੇ
ਬੱਚਿਆਂ ਨੂੰ ਕਿੱਤਾਯੋਗ ਬਣਾਉਣਾ ਚਾਹੁੰਦਾ ਹਾਂ।

ਬਣੇ ਨੂੰਹ-ਸੱਸ ਦਾ ਸੁੰਦਰ ਪਿਆਰ ਵਾਲਾ ਰਿਸ਼ਤਾ
ਮੈਂ ਘਰ ਘਰ ਸੰਦੇਸ਼ ਪਹੁੰਚਾਉਣਾ ਚਾਹੁੰਦਾ ਹਾਂ।

ਦੁਨੀਆਂ ਵਿਚ ਹਰ ਬੰਦਾ ਬੰਦੇ ਨੂੰ ਦੇਖੇ ਘੂਰ ਘੂਰ
ਮੈਂ ਧਰਮ ਜਾਤ ਦੀ ਦੂਰੀ ਮਿਟਾਉਣਾ ਚਾਹੁੰਦਾ ਹਾਂ।

*-ਸੋਹਨ ਬੈਨੀਪਾਲ*
*ਫੋਨ: 91-28120-24940*

# ਸ਼ਾਮ ਦੀਆਂ ਸੁਗਾਤਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਦਾਨ ਦੀ ਮਹਿਮਾ ਕਰਦਿਆਂ ਕਿਹਾ ਸੀ, "ਦਾਨ ਹੀ ਦੇਣਾ ਏ ਤਾਂ ਕਿਸੇ ਨਿਆਸਰੇ ਨੂੰ ਆਸਰਾ ਦਿਓ। ਨਿਰਾਸ਼ ਵਿਅਕਤੀ ਦੇ ਪੱਲੇ ਵਿਚ ਆਸ ਦਾ ਸੰਧਾਰਾ ਪਾਓ। ਤਿੜਕੇ ਇਨਸਾਨ ਨੂੰ ਜੋੜਨ ਦੀ ਪਹਿਲ ਕਰੋ। ਕਮ-ਦਿਲਿਆਂ ਲਈ ਹੌਂਸਲਾ ਅਫਜਾਈ ਦਾ ਬੋਲ ਬੋਲੋ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੂਰਜ ਚੜ੍ਹਨ ਤੋਂ ਪਿਛੋਂ ਡੁੱਬਣ ਵੇਲੇ ਆਈ ਸ਼ਾਮ ਤੋਂ ਲੈ ਕੇ ਜੀਵਨ ਦੀ ਸ਼ਾਮ ਦਾ ਵਿਖਿਆਨ ਕਰਦਿਆਂ ਕਿਹਾ ਹੈ, "ਸ਼ਾਮ, ਜੀਵਨ ਦਾ ਅਜਿਹਾ ਪਹਿਰ, ਜੋ ਮਨੁੱਖੀ ਭਾਵਨਾਵਾਂ ਦੇ ਨਾਮ ਸੰਤੋਖ ਤੇ ਸੁਖਨ ਕਰਦਾ। ਹੰਭੇ ਹਾਰੇ ਪੈਰਾਂ ਨੂੰ ਅਰਾਮ ਦਾ ਸੱਦਾ ਅਤੇ ਸੋਚ ਦੀਆਂ ਰੁਆਂਸੀਆਂ ਖਲਜਗਣਾਂ ਵਿਚ ਤਾਜ਼ਗੀ। ਅਗਲੇ ਦਿਨ ਲਈ ਨਵਾਂ ਉਤਸ਼ਾਹ, ਹੰਭੇ ਹਾਰੇ ਪਲਾਂ ਦੇ ਨਾਮ ਕਰਦਾ ਅਤੇ ਸੁੱਖਦ ਪਲਾਂ 'ਚੋਂ ਜੀਵਨ ਦੇ ਸਮੁੱਚ ਦੀ ਨਿਸ਼ਾਨਦੇਹੀ ਕਰਦਾ।" ਉਹ ਆਖਦੇ ਹਨ, "ਉਤਰ ਰਹੀ ਸ਼ਾਮ ਦੀ ਖੂਬਸੂਰਤੀ ਇਹ ਹੁੰਦੀ ਕਿ ਤਾਰਿਆਂ ਦਾ ਛੱਜ ਜ਼ਿਆਦਾ ਚਮਕਦਾ ਅਤੇ ਸ਼ਾਮ ਦੀ ਕੁੱਖ ਵਿਚ ਚਾਨਣ ਦਾ ਬੀਜ ਧਰਦਾ।" -ਸੰਪਾਦਕ***


ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


ਹੌਲੀ ਜਿਹੇ ਉਤਰ ਰਹੀ ਹਲਕੀ ਹਲਕੀ ਸ਼ਾਮ। ਚਾਰੇ ਪਾਸੇ ਉਤਰ ਰਹੀ ਚੁੱਪ ਦਾ ਪਹਿਰ। ਪਸਰੀ ਹੋਈ ਸ਼ਾਂਤੀ। ਵਣ-ਤ੍ਰਿਣ ਵਲੋਂ ਸੌਣ ਦੀ ਤਿਆਰੀ। ਸ਼ਾਮ ਦੀਆਂ ਸੁਗਾਤਾਂ ਮਾਣ ਰਹੀ ਅਲਸਾਈ ਲੋਕਾਈ।

ਸ਼ਾਮ ਨੂੰ ਸ਼ਾਮ ਹੀ ਨਾ ਸਮਝੋ। ਇਸ ਦੀ ਕੁੱਖ ਵਿਚ ਉਗਦਾ ਏ ਚੰਦਰਮਾ, ਗਰਭ ਵਿਚ ਪਨਪਦੇ ਨੇ ਤਾਰਿਆਂ ਦੇ ਥਾਲ, ਨਜ਼ਰ ਆਉਣ ਲਈ ਉਤਾਵਲੀਆਂ ਹੋ ਜਾਂਦੀਆਂ ਨੇ ਗਲੈਕਸੀਆਂ, ਸੋਚ-ਪਿੰਡੇ 'ਤੇ ਸਿੰਮਦੇ ਨੇ ਸਲਾਹ-ਸਰਵਰ, ਧਰਾਤਲ 'ਤੇ ਸਿਰਜਦੇ ਨੇ ਨਵੀਂਆਂ ਪ੍ਰਾਪਤੀਆਂ ਦੇ ਸ਼ਿਲਾਲੇਖ ਅਤੇ ਕਰਮ-ਰੇਖਾਵਾਂ ਵਿਚ ਉਗਦੀਆਂ ਨੇ ਕੌਮ ਜਾਂ ਦੇਸ਼ ਦੀਆਂ ਤਕਦੀਰਾਂ।

ਸ਼ਾਮ, ਦਿਨ ਭਰ ਦੇ ਵਿਛੋੜੇ ਅਤੇ ਮਿਹਨਤ ਤੋਂ ਬਾਅਦ ਆਪਣਿਆਂ ਦਾ ਆਪਣਿਆਂ ਸੰਗ ਮਿਲਾਪ। ਸਕੂਨਮਈ, ਸਹਿਜਮਈ ਅਤੇ ਸੰਤੋਖੀ ਪਲਾਂ ਨੂੰ ਮਾਣਨ ਦਾ ਸਬੱਬ। ਪੇਤਲੇ ਚਾਨਣ 'ਚ ਸਾਹਾਂ ਦੇ ਤੱਕਲੇ 'ਤੇ ਪਾਈ ਜਾ ਰਹੀ ਮੁਹੱਬਤਾਂ ਦੀ ਉਮਰੋਂ ਲੰਮੇਰੀ ਤੰਦ। ਕਦੀ ਪਲ ਦਾ ਉਮਰਾਂ ਜੇਡ ਲੰਮੇਰਾ ਹੋਣਾ ਅਤੇ ਕਦੇ ਕਿਸੇ ਸ਼ਾਮ ਦਾ ਪਲਾਂ ਵਿਚ ਮੁੱਕ ਜਾਣਾ।

ਸ਼ਾਮ, ਜੀਵਨ ਦਾ ਅਜਿਹਾ ਪਹਿਰ, ਜੋ ਮਨੁੱਖੀ ਭਾਵਨਾਵਾਂ ਦੇ ਨਾਮ ਸੰਤੋਖ ਤੇ ਸੁਖਨ ਕਰਦਾ। ਹੰਭੇ ਹਾਰੇ ਪੈਰਾਂ ਨੂੰ ਅਰਾਮ ਦਾ ਸੱਦਾ ਅਤੇ ਸੋਚ ਦੀਆਂ ਰੁਆਂਸੀਆਂ ਖਲਜਗਣਾਂ ਵਿਚ ਤਾਜ਼ਗੀ। ਅਗਲੇ ਦਿਨ ਲਈ ਨਵਾਂ ਉਤਸ਼ਾਹ, ਹੰਭੇ ਹਾਰੇ ਪਲਾਂ ਦੇ ਨਾਮ ਕਰਦਾ ਅਤੇ ਸੁੱਖਦ ਪਲਾਂ 'ਚੋਂ ਜੀਵਨ ਦੇ ਸਮੁੱਚ ਦੀ ਨਿਸ਼ਾਨਦੇਹੀ ਕਰਦਾ।

ਸ਼ਾਮ, ਕੁੱਖ ਵਿਚ ਸੂਰਜ ਲੁਕੋਂਦੀ। ਉਸ ਦੇ ਦਿਨ ਭਰ ਦੇ ਪੈਂਡੇ ਨੂੰ ਕਿਸੇ ਦੇ ਲੇਖੇ ਲਾਉਂਦੀ। ਉਸ ਦੇ ਘਰਕਦੇ ਸਾਹਾਂ 'ਚ ਠਰੰਮਾ ਟਿਕਾਉਂਦੀ। ਉਸ ਦੀ ਦਿਨ ਭਰ ਦੀ ਮੁਸ਼ੱਕਤ ਦਾ ਮੁੱਲ ਪਾਉਂਦੀ ਅਤੇ ਨਿੱਕੀ ਨਿੱਕੀ ਲੋਰੀ ਨਾਲ ਸੁਆਉਂਦੀ ਤਾਂ ਕਿ ਉਹ ਅਗਲੇ ਦਿਨ ਦਾ ਸਫਰ ਧਰਤੀ ਦੇ ਇਸ ਪੀਹੜੇ 'ਤੇ ਪੂਰਨ-ਤਨਦੇਹੀ ਨਾਲ ਨਿਬੇੜ ਸਕੇ।

ਸ਼ਾਮ ਦੀ ਸੁਲੱਖਣੀ ਕੁੱਖ, ਪੁੰਨਿਆ ਦੀ ਜਨਮਦਾਤੀ। ਚਾਨਣ ਦੀ ਕਰਮ-ਭੂਮੀ। ਸੌਣ ਤੋਂ ਪਹਿਲਾਂ ਪਰਿੰਦਿਆਂ ਦੀ ਸੰਗੀਤਕ ਮਹਿਫਿਲ। ਸੌਣ ਲੱਗੀ ਕੁਦਰਤ ਨੂੰ ਨਿਹਾਰਨ ਦੀ ਅਸੀਮਤ ਤ੍ਰੇਹ। ਕੋਮਲ ਲਗਰਾਂ ਦੀ ਤਲੀ 'ਤੇ ਫੁੱਲਾਂ ਤੇ ਫਲਾਂ ਦੀ ਸੰਤੋਖੀ ਸਰਗਮ। ਬ੍ਰਿਖ ਦੇ ਸਿਰ 'ਤੇ ਆਲ੍ਹਣਿਆਂ ਵਿਚ ਉਤਰ ਰਹੀ ਖਾਮੋਸ਼ੀ ਅਤੇ ਰਾਹੀਆਂ ਦੇ ਨਾਮ ਸਰ ਕੀਤੀਆਂ ਮੰਜ਼ਿਲਾਂ ਦਾ ਵਸੀਅਤਨਾਮਾ।

ਸ਼ਾਮ ਦੀ ਚੁੱਪ ਨੂੰ ਕਦੇ ਕਦੇ ਕਿਸੇ ਪਰਿੰਦੇ ਦੀ ਚੀਖ ਤੋੜਦੀ। ਕੋਈ ਕੋਚਰੀ ਬੋਲਦੀ ਤਾਂ ਘੁਸਮੁਸੇ ਦੀ ਕੁੱਖ ਵਿਚ ਦਰਦ ਉਗਦਾ। ਕਿਸੇ ਦੁਖੀਏ ਦੀ ਲੋਰ, ਫਿਜ਼ਾ ਦੇ ਨਾਮ ਹੁੰਦੀ ਅਤੇ ਫਿਜ਼ਾ ਦੇ ਨੈਣਾਂ ਵਿਚ ਹਿੰਝ ਧਰੀ ਜਾਂਦੀ।

ਸ਼ਾਮ ਜਦ ਚੁੱਪ ਤੇ ਸ਼ਾਂਤ ਹੁੰਦੀ ਤਾਂ ਇਸ ਦੀ ਕੁੱਖ ਵਿਚ ਬਹੁਤ ਕੁਝ ਉਬਾਲੇ ਖਾਂਦਾ। ਦਿਨ ਦੇ ਆਖਰੀ ਇਲਾਹੀ ਆਲਮ ਨੂੰ ਮਾਣਨ ਦਾ ਚਾਅ ਪੈਦਾ ਹੁੰਦਾ। ਸ਼ਾਮ, ਜੀਵਨ ਦੇ ਆਖਰੀ ਪਹਿਰ ਦਾ ਹਰਫ ਤਾਂ ਨਹੀਂ ਅਤੇ ਨਾ ਹੀ ਸ਼ਾਮ ਨੂੰ ਅਵੇਸਲੇ ਹੋਣ ਦਾ ਸ਼ਰਫ ਹਾਸਲ ਏ।

ਸ਼ਾਮ ਦੇ ਦਰਦ ਦੀ ਹਾਥ ਕਿਸੇ ਨਾ ਪਾਈ।

***ਪੀੜ-ਪਰੁੱਚੀ ਸ਼ਾਮ, ਸਦੀਆਂ ਵਰਗੀ ਰਾਤ ਦਾ ਦਰਦ ਲੈ ਕੇ ਆਉਂਦੀ ਜਦ ਕਿ ਖੁਸ਼ੀਆਂ-ਖੇੜਿਆਂ ਵਰਗੀ ਸ਼ਾਮ ਦਾ ਪਲ ਭਰ ਵਿਚ ਬੀਤਣਾ, ਮਨ ਵਿਚ ਭਰਿਆ ਹੁੰਦਿਆਂ ਵੀ ਖਾਲੀਪਣ ਦਾ ਅਹਿਸਾਸ ਧਰ ਜਾਂਦੀ। ਸ਼ਾਮ ਤਾਂ ਸ਼ਾਮ ਹੁੰਦੀ। ਇਹ ਸਾਡੀ ਮਨੋ-ਕਾਮਨਾਵਾਂ ਵਿਚਲਾ ਅਸਾਵਾਂਪਣ ਹੁੰਦਾ ਜੋ ਸ਼ਾਮ ਦੇ ਮੱਥੇ 'ਤੇ ਇਲਜ਼ਾਮ ਧਰਦਾ।***

ਇਸ ਦੀ ਥਾਹ ਕਿਸੇ ਨੂੰ ਨਾ ਥਿਆਈ ਅਤੇ ਨਾ ਹੀ ਕਿਸੇ ਦੁਪਹਿਰ ਨੇ ਸ਼ਾਮ ਦੀ ਸੁਣੀ ਦੁਹਾਈ। ਧੁਆਂਖੀ ਸ਼ਾਮ ਦੀ ਅਉਧ-ਜਿਹੀ ਆਈ, ਤੇਹੀ ਨਾ ਆਈ।

ਕਈ ਵਿਅਕਤੀ ਸ਼ਾਮ ਦੇ ਉਤਰਦੇ ਹਨੇਰ ਨੂੰ ਨਿੰਦਦੇ ਤੇ ਉਲਾਂਭੇ ਦਿੰਦੇ। ਇਸ ਵਿਚ ਪਸਰੀ ਮਾਤਮੀ ਚੁੱਪ ਨੂੰ ਸੋਗ ਦਾ ਅਫਸਾਨਾ ਕਹਿੰਦੇ ਅਤੇ ਇਸ ਦੇ ਅਰਥਾਂ 'ਚੋਂ ਪੀੜਾ ਨਾਲ ਲੀਰਾਂ ਹੋਏ ਹਰਫਾਂ ਨੂੰ ਸਿਉਂਦੇ।

ਸ਼ਾਮ, ਕੁਲਹਿਣੇ ਪਲਾਂ 'ਚ ਕੁਕਰਮਾਂ ਦੀ ਕਰਮ-ਭੂਮੀ। ਸ਼ਾਮ ਦੇ ਗਰਭ ਵਿਚ ਬਹੁਤ ਔਗੁਣਾਂ ਦੀ ਤਫਸੀਲ ਉਗਦੀ। ਨਸ਼ਿਆਂ ਦੀ ਲੋਰ 'ਚ ਮਾਨਸਿਕ ਅਤੇ ਸਰੀਰਕ ਤੌਰ 'ਤੇ ਨਿਵਾਣਾਂ ਵੰਨੀ ਵਹਿੰਦਾ ਮਨੁੱਖ। ਜੁਰਮ ਦਾ ਲਿਖਦਾ ਰੋਜ਼ਨਾਮਚਾ। ਨੋਚੇ ਜਾ ਰਹੇ ਜਿਸਮ। ਖੋਹੇ ਜਾ ਰਹੇ ਪਰ। ਸੁੰਨੀ ਹੋ ਰਹੀ ਨਿੱਘੀ ਗੋਦ। ਮੋਹ ਦੀ ਧਰਤ 'ਚ ਬੀਜਿਆ ਜਾ ਰਿਹਾ ਹਿਰਖ। ਬੋਲਾਂ ਦੀ ਹਿੱਕ 'ਚ ਉਗਦਾ ਸੋਗ। ਹਰਫਾਂ ਦੇ ਅਰਥਾਂ 'ਚ ਸਦੀਵੀ ਸੰਤਾਪ।

ਸ਼ਾਮ 'ਚੋਂ ਚੋਂਦੀ ਰੱਤ ਵੀ ਉਗਦੀ ਅਤੇ ਸੰਧੂਰੀ ਰੁੱਤ ਵੀ। ਰਾਹ ਵੀ ਅਤੇ ਰਾਹੂ ਵੀ। ਰੌਣਕ ਵੀ ਅਤੇ ਰੋਣ ਵੀ। ਰਹਿੰਦ-ਖੂੰਹਦ ਵੀ ਅਤੇ ਰਹਿਤਲ ਵੀ। ਰਹਿਮ-ਦਿਲੀ ਵੀ ਅਤੇ ਰਹਿਮ-ਹੀਣਤਾ ਵੀ। ਨਸਲਕੁਸ਼ੀ ਵੀ ਕਰਦੀ ਪਰ ਨਸਲਾਂ ਵੀ ਪੈਦਾ ਹੁੰਦੀਆਂ। ਫਖਰਯੋਗ ਹਾਸਲ ਵੀ ਅਤੇ ਕੁਲਹਿਣੀ ਕਮੀਨਗੀ ਵੀ।

ਦਿਲ ਚਾਹੇ ਕਿ ਕਾਲਖੀ ਸ਼ਾਮਾਂ ਬਹਿਣ ਨਾ ਮਨ-ਬਨੇਰੇ, ਸੋਗ ਨਾ ਚੜ੍ਹੇ ਸਾਹ-ਕੰਧਾੜੇ ਅਤੇ ਨਾ ਹੀ ਲਕੋਣ ਚਾਨਣ-ਬਨੇਰੇ। ਬੜਾ ਔਖਾ ਹੁੰਦਾ ਸਾਰੀ ਉਮਰ ਹੀ ਸ਼ਾਮਾਂ ਨੂੰ ਜਿਉਣਾ ਅਤੇ ਇਸ ਦੇ ਕਾਲੇ ਪਹਿਰ 'ਚ ਹੀ ਸਾਹਾਂ ਨੂੰ ਅਲਵਿਦਾ ਕਹਿ ਜਾਣਾ।

ਖੁਦਾ ਕਰੇ! ਸ਼ਾਮ ਆਵੇ ਤਾਂ ਮਨ-ਮਸਤਕ 'ਤੇ ਰਾਂਗਲੀ ਰਾਤ ਦੀ ਦਸਤਕ ਦੇਵੇ। ਰਾਤ-ਰੂਹਾਂ ਵਿਚ ਖਿੜਨ ਖੁਸ਼ੀਆਂ ਅਤੇ ਖੇੜੇ।

ਸ਼ਾਮ, ਖੁਦ ਸੰਗ ਰੂ-ਬ-ਰੂ ਹੋਣ ਦਾ ਸੁੱਚਾ ਪਲ ਵੀ। ਆਪਣੀ ਅੰਦਰਲੀ ਤੇ ਬਾਹਰਲੀ ਇਕਸਾਰਤਾ ਨੂੰ ਪਛਾਣਨ ਤੋਂ ਖੁਦ ਜਦ ਕੋਈ ਸ਼ਖਸ ਹੋ ਜਾਂਦਾ ਇਨਕਾਰੀ ਤਾਂ ਜੀਵਨ-ਬ੍ਰਿਖ ਦੇ ਮੁੱਢੀਂ ਚਲਦੀ ਏ ਆਰੀ।

ਸ਼ਾਮ ਦੇ ਪਿੰਡੇ ਨੂੰ ਰੁਸ਼ਨਾਉਣ ਦੀ ਹੋੜ ਵਿਚ ਅੰਬਰ ਦੀ ਪਰਿਕਰਮਾ ਕਰਦੇ ਤਾਰੇ। ਚਾਨਣ ਚਾਨਣ ਹੋ ਕੇ ਧਰਤੀ ਦੇ ਕਣ ਕਣ ਨੂੰ ਚਮਕਾਉਣ ਦੀ ਲੋਚਾ। ਹਨੇਰਿਆਂ ਨਾਲ ਆਢਾ ਲਾਉਂਦੇ ਜੁਗਨੂੰ। ਅਸਮਾਨ 'ਚ ਰੋਸ਼ਨੀ ਦੀ ਲੀਕ ਮਾਰਨ ਵਾਲੇ ਟੁੱਟਦੇ ਤਾਰੇ ਦੀ ਸਾਰਥਕ ਹੱਠ-ਧਰਮੀ। ਤਾਰਿਆਂ ਦਾ ਪੀਹੜਾ ਡਾਹ ਕੇ ਬੈਠਾ ਅੰਬਰ, ਰਾਤ ਦਾ ਸੱਗਵਾਂ ਸੱਜਣ। ਚਾਨਣ ਦੀ ਦਸਤਕ ਦੇਣ ਵਾਲਾ ਪ੍ਰਾਹੁਣਾ। ਰੋਸ਼ਨੀ ਦੀ ਕਾਤਰ ਦੀ ਕਲਾ-ਨਿਕਾਸ਼ੀ ਕਰਨ ਵਾਲਾ ਕਲਾਕਾਰ। ਅੰਬਰ ਦੀ ਮਨੁੱਖਤਾਵਾਦੀ ਸੋਚ ਦੇ ਬਲਹਾਰ ਜਾਂਦੀ ਧਰਤੀ ਮਾਂ।

ਸ਼ਾਮ ਤਾਂ ਸ਼ਾਮ ਹੀ ਹੁੰਦੀ, ਪਰ ਇਸ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਤਾਂ ਤੁਸੀਂ ਕਰਨੀ ਹੈ ਕਿ ਇਸ ਨੂੰ ਕਿਸ ਤਰ੍ਹਾਂ ਪਰਿਭਾਸ਼ਤ ਕਰਨਾ ਏ, ਕਿਹੜੇ ਹਰਫਾਂ ਨਾਲ ਤਸ਼ਬੀਹ ਦੇਣੀ ਏ, ਕਿਹੜੇ ਸ਼ਬਦ-ਜੋੜ ਸੰਗ ਪੜ੍ਹਨਾ ਏ, ਕਿਸ ਤਰ੍ਹਾਂ ਦੇ ਸੁੱਚਮ ਨੂੰ ਸ਼ਾਮ ਦੇ ਨਾਮ ਕਰਨਾ ਅਤੇ ਕਿਹੜੀ ਤਰਤੀਬ ਇਸ 'ਚੋਂ ਉਘਾੜਨੀ ਏ?

ਸ਼ਾਮ, ਦਿਨ ਦੀਆਂ ਤਲਖੀਆਂ, ਤੰਗੀਆਂ, ਤਕਲੀਫਾਂ ਅਤੇ ਫਿਕਰਾਂ ਤੋਂ ਮੁਕਤੀ ਤੇ ਰਾਤ ਦੇ ਸੰਦਲੀ ਸੁਪਨਿਆਂ ਦੀ ਆਧਾਰਸ਼ਿਲਾ। ਸ਼ਾਮ, ਥਕਾਵਟ ਦੀ ਅਰਾਮ ਵੱਲ ਨੂੰ ਜਾਂਦੀ ਪਗਡੰਡੀ।

ਢਲਦੀ ਸ਼ਾਮ ਵਰਗੀ ਦੋਸਤੀ ਹੋਵੇ ਤਾਂ ਇਹ ਲੰਮੇਰੇ ਹੋ ਰਹੇ ਪ੍ਰਛਾਂਵਿਆਂ ਵਾਂਗ ਵੱਧਦੀ ਹੀ ਜਾਦੀ ਜਿਵੇਂ ਜੀਵਨ ਵਿਹੜੇ ਉਤਰਦੀ ਏ ਸ਼ਾਮ।

ਸ਼ਾਮ, ਦਿਨ ਦੇ ਚਾਨਣ ਤੇ ਰਾਤ ਦੇ ਹਨੇਰੇ ਦਾ ਮਿਲਣ ਬਿੰਦੂ, ਦਿਨ ਦੇ ਵਿਛੋੜੇ ਤੋਂ ਬਾਅਦ ਰਾਤ ਨੂੰ ਮਿਲਣ ਦੀ ਉਮੀਦ ਅਤੇ ਸੁਪਨੇ ਸਿਰਜਣ ਤੇ ਸੁਪਨੇ ਦੇਖਣ ਦਾ ਵਕਤ।

ਸ਼ਾਮ, ਮਨ ਵਿਚ ਕਿਸੇ ਪ੍ਰਾਪਤੀ ਦਾ ਅਹਿਸਾਸ, ਮੰਜ਼ਿਲ 'ਤੇ ਪਹੁੰਚਣ ਦਾ ਧਰਵਾਸ ਅਤੇ ਮਿੱਤਰ ਪਿਆਰੇ ਨੂੰ ਮਿਲਣ ਦਾ ਵਿਸਮਾਦ, ਪਰਿੰਦਿਆਂ ਦਾ ਆਲ੍ਹਣਿਆਂ ਵੰਨੀਂ ਪਰਵਾਸ ਅਤੇ ਆਲਿਆਂ ਦੀ ਚਾਨਣ-ਚਾਨਣ ਹੋਈ ਆਸ।

ਸ਼ਾਮ ਹੁੰਦੇ ਸਾਰ ਹੀ ਚੜ੍ਹਦਾ ਹੈ ਚੰਨ ਤੇ ਨਿਕਲਦੇ ਨੇ ਤਾਰੇ, ਸੌਣ ਦੀ ਤਿਆਰੀ ਕਰਦੇ ਨੇ ਪੰਛੀ। ਅੰਬਰ ਦੇ ਦਿਲਕਸ਼ ਨਜ਼ਾਰੇ। ਨੈਣਾਂ ਵਿਚ ਮਚਲਦੀ ਨੀਂਦ ਅਤੇ ਮਿੱਤਰ-ਮੋਢੇ ਦੇ ਹੁਲਾਰੇ। ਦੀਦਿਆਂ ਵਿਚ ਅੰਗੜਾਈਆਂ ਭਰਦੇ ਨੇ ਸੁਪਨ-



***ਸ਼ਾਮ, ਕੁਲਹਿਣੇ ਪਲਾਂ 'ਚ ਕੁਕਰਮਾਂ ਦੀ ਕਰਮ-ਭੂਮੀ। ਸ਼ਾਮ ਦੇ ਗਰਭ ਵਿਚ ਬਹੁਤ ਔਗੁਣਾਂ ਦੀ ਤਫਸੀਲ ਉਗਦੀ। ਨਸ਼ਿਆਂ ਦੀ ਲੋਰ 'ਚ ਮਾਨਸਿਕ ਅਤੇ ਸਰੀਰਕ ਤੌਰ 'ਤੇ ਨਿਵਾਣਾਂ ਵੰਨੀ ਵਹਿੰਦਾ ਮਨੁੱਖ। ਜੁਰਮ ਦਾ ਲਿਖਦਾ ਰੋਜ਼ਨਾਮਚਾ। ਨੋਚੇ ਜਾ ਰਹੇ ਜਿਸਮ। ਖੋਹੇ ਜਾ ਰਹੇ ਪਰ। ਸੁੰਨੀ ਹੋ ਰਹੀ ਨਿੱਘੀ ਗੋਦ। ਮੋਹ ਦੀ ਧਰਤ 'ਚ ਬੀਜਿਆ ਜਾ ਰਿਹਾ ਹਿਰਖ। ਬੋਲਾਂ ਦੀ ਹਿੱਕ 'ਚ ਉਗਦਾ ਸੋਗ। ਹਰਫਾਂ ਦੇ ਅਰਥਾਂ 'ਚ ਸਦੀਵੀ ਸੰਤਾਪ।***

ਸਿਤਾਰੇ।

ਸ਼ਾਮ ਨੂੰ ਜੀਵਨੀ-ਸ਼ਾਮ ਦੇ ਅਰਥਾਂ ਤੀਕ ਸੀਮਤ ਕਰਨ ਵਾਲੇ, ਬੌਣੇ ਲੋਕ। ਇਸ ਦੀ ਅਸੀਮਤਾ 'ਚੋਂ ਜ਼ਿੰਦਗੀ ਦੇ ਸਮੁੱਚ ਦੀ ਪਛਾਣ ਸਿਰਜਣ ਵਾਲੇ ਲੋਕ ਵਕਤ ਦੇ ਸ਼ਾਹ-ਅਸਵਾਰ।

ਸ਼ਾਮ ਨੂੰ ਗਿਆਨ ਦਾ ਚਿਰਾਗ ਜਗਾਉਣਾ, ਮਸਤਕ ਵਿਚ ਰੋਸ਼ਨੀ ਦਾ ਉਗਾਉਣਾ ਅਤੇ ਸਮਾਜ ਦਾ ਚਾਨਣਾ ਪੱਖ ਰੁਸ਼ਨਾਉਣਾ। ਹਰਫ-ਸਾਧਨਾ 'ਚੋਂ ਅਰਥਾਂ ਦੇ ਦੇਸੀ ਘਿਉ ਦੇ ਦੀਵੇ ਜਗਾਉਣਾ। ਹਿੰਮਤ ਅਤੇ ਮਿਹਨਤ ਦੀ ਧੂਣੀ ਧੁਖਾ ਕੇ ਮੰਜ਼ਿਲਾਂ ਦੇ ਸਿਰਨਾਵਿਆਂ ਦੀ ਲਿਸ਼ਕੋਰ ਪਾਉਣੀ। ਸ਼ਾਮ ਦੇ ਪਲਾਂ ਨੂੰ ਸਾਂਵੇਂ ਸਾਹਾਂ ਦੀ ਤੌਫੀਕ ਮਿਲੇਗੀ। ਸ਼ਾਮ ਨੂੰ ਉਮਰ ਦਾ ਸੰਜੀਲਾ ਪਹਿਰ ਮਿਥ ਕੇ ਪਹਿਲ-ਪੈਂਡਿਆਂ ਦਾ ਆਗਾਜ਼ ਕਰਨਾ ਅਤੇ ਸਫਲਤਾਵਾਂ ਦੇ ਸੁੱਚਮ ਨੂੰ ਮੱਥਿਆਂ ਦੀ ਕਰਮ-ਰੇਖਾ ਬਣਾਉਣਾ।

ਸ਼ਾਮ ਦੀ ਸੰਗਣੀ ਚੁੱਪ ਤੇ ਇਕੱਲ ਦਾ ਇਲਾਹੀ ਸਾਥ ਹੋਵੇ ਤਾਂ ਇਸ ਦੀ ਅੰਤਰੀਵੀ ਇਬਾਦਤ ਵਿਚੋਂ ਖੁਦ ਦੀ ਪਛਾਣ ਹੁੰਦੀ। ਇਸ 'ਚੋਂ ਤੁਸੀਂ ਆਪਣੇ ਉਸ ਰੂਪ ਨੂੰ ਨਿਹਾਰਦੇ, ਜੋ ਤੁਹਾਡੇ ਕੋਲ ਹੁੰਦਿਆਂ ਵੀ ਤੁਹਾਥੋਂ ਦੂਰ ਹੁੰਦਾ।

ਉਤਰ ਰਹੀ ਸ਼ਾਮ ਦੀ ਖੂਬਸੂਰਤੀ ਇਹ ਹੁੰਦੀ ਕਿ ਤਾਰਿਆਂ ਦਾ ਛੱਜ ਜ਼ਿਆਦਾ ਚਮਕਦਾ ਅਤੇ ਸ਼ਾਮ ਦੀ ਕੁੱਖ ਵਿਚ ਚਾਨਣ ਦਾ ਬੀਜ ਧਰਦਾ।

ਸ਼ਾਮ ਇਕ ਰੱਬੀ ਨਿਆਮਤ, ਜਿਸ ਦੀ ਕੀਮਤ ਥੱਕੇ-ਹਾਰੇ ਰਾਹੀ, ਸੱਜਣ ਦੀ ਉਡੀਕ ਵਿਚ ਅੱਖਾਂ ਦੇ ਸਿੱਲੇ ਹੋਏ ਕੋਏ ਜਾਂ ਪਰਦੇਸੀ ਪੁੱਤ ਦੀ ਉਡੀਕ ਵਿਚ ਦਰ 'ਤੇ ਪੱਥਰ ਹੋਏ ਦੀਦੇ ਹੀ ਜਾਣਦੇ। ਸ਼ਾਮ ਦਾ ਬਰਕਤੀ-ਅਹਿਸਾਸ, ਸਿਉਂਕੀ ਸਾਹ-ਸੁਰਤਾਲ 'ਤੇ ਸੁਗਮ ਸਾਹ-ਸੰਗੀਤ ਖੁਣਦਾ।

ਬੀਤੇ ਸਮੇਂ ਵਿਚ ਸ਼ਾਮ ਨੂੰ ਸਾਡੀਆਂ ਮਾਂਵਾਂ ਦਾ ਦੀਵਾ ਡੰਗਣਾ, ਬੀਤੇ ਦਿਨ ਦੀ ਸ਼ੁਕਰਗੁਜਾਰੀ ਅਤੇ ਉਤਰ ਰਹੀ ਰਾਤ ਲਈ ਸਰਬ-ਸੁੱਖ ਤੇ ਸ਼ਾਂਤੀ ਦੀ ਅਰਜ਼ੋਈ, ਸਾਡੇ ਸਮਿਆਂ ਦੀ ਸੱਚੀ ਅਰਦਾਸ ਹੁੰਦੀ ਸੀ ਜੋ ਹੁਣ ਕਿਤੇ ਵੀ ਸੁਣਾਈ ਨਹੀਂ ਦਿੰਦੀ।

ਸ਼ਾਮ, ਆਉਣ ਵਾਲੀ ਰਾਤ ਦੀ ਸ਼ੁਭ-ਆਮਦ ਦੀ ਕਾਮਨਾ ਜਿਸ ਨੇ ਤੁਹਾਡੇ ਜੀਵਨ-ਵਿਹੜੇ ਵਿਚ ਸੁਪਨਮਈ ਨੀਂਦ ਲੈ ਕੇ ਦਸਤਕ ਦੇਣੀ ਹੁੰਦੀ ਆ। ਸੁਖਨਮਈ ਨੀਂਦ ਹੀ ਸਿਆਣਪਾਂ, ਸੋਚਾਂ, ਸੁਪਨਿਆਂ ਅਤੇ ਸੰਭਾਵਨਾਵਾਂ ਨੂੰ ਹੋਰ ਅਮੀਰੀ ਬਖਸ਼ਦੀ।

ਦਿਨ ਜਲਦੀ ਬੀਤਣ ਦਾ ਉਲਾਹਮਾ ਜਦ ਕਿਸੇ ਹੋਠੀਂ ਗੁਣਗੁਣਾਵੇ ਤਾਂ ਸ਼ਾਮ ਦੇ ਨੈਣਾਂ ਵਿਚ ਸੁਪਨਿਆਂ ਦੀ ਰੁੱਤ ਧਰ ਜਾਵੇ। ਇਸੇ ਲਈ ਸਿਆਣੇ ਕਹਿੰਦੇ ਨੇ ਕਿ ਕਿਸੇ ਦੇ ਦੀਦਿਆਂ ਦੀ ਸ਼ਾਮ ਨਾ ਬਣੋ ਸਗੋਂ ਕਿਸੇ ਲਈ ਸਵੇਰ ਜਰੂਰ ਬਣੋ।

ਸ਼ਾਮ, ਸੁਪਨਿਆਂ ਦੀ ਸਮੀਖਿਆ ਲਈ ਨਿਸ਼ਚਿਤ ਸਮਾਂ ਜਦ ਕਿ ਸਵੇਰ, ਸੁਪਨਿਆਂ ਦੀ ਪੂਰਤੀ ਵੰਨੀਂ ਜਾਂਦਾ ਰਾਹ। ਇਨ੍ਹਾਂ ਵਿਚਲਾ ਸਮਤੋਲ, ਜੀਵਨ ਦਾ ਸੰਦਲੀ ਮਾਰਗ ਜਿਸ ਦੀ ਪੈੜ੍ਹ ਚਾਲ ਵਿਚੋਂ ਸੰਪੂਰਨ ਮਨੁੱਖ ਦੇ ਦਰਸ਼ਨ-ਦੀਦਾਰੇ ਹੁੰਦੇ।

ਸ਼ਾਮ, ਰਾਹੀਆਂ ਦਾ ਸਫਰ-ਟਿਕਾਣਾ। ਸ਼ਾਮ-ਬੀਹੀਏ ਚੰਦ-ਫੱਕਰ ਦਾ ਬਹਿਣਾ। ਸ਼ਾਮ-ਸੰਧੂਰੀ ਨੂੰ ਤਦ ਆਪਣਾ ਕਹਿਣਾ। ਜੇ ਅੰਬਰ ਜੇਡਾ ਜੇਰਾ ਲੈਣਾ। ਸ਼ਾਮ-ਜੂਹ, ਚਾਨਣ ਲਈ ਰੋਣਾ। ਇਸ ਦੇ ਮਸਤਕੀਂ ਚਿਰਾਗ ਜਗਾਉਣਾ। ਸ਼ਾਮ ਦੇ ਮੱਥੇ ਇਕ ਤਾਰਾ ਲਾਈਏ, 'ਨੇਰਿਆਂ 'ਚ ਜੁਗਨੂੰਆਂ ਦੀ ਫਸਲ ਉਗਾਈਏ, ਨੇਤਰਹੀਣ ਡੰਗੋਰੀਆਂ ਨੂੰ ਥਮਾਈਏ ਅਤੇ ਤ੍ਰਿਕਾਲਾਂ ਦੇ ਦੀਵੇ ਦਾ ਜਸ਼ਨ ਮਨਾਈਏ।

ਸ਼ਾਮ, ਬੱਚੇ ਦਾ ਲੋਰੀਆਂ ਦੀ ਰੁੱਤ ਮਾਣਨਾ ਤੇ ਪਰੀ ਕਹਾਣੀਆਂ ਵਿਚੋਂ ਹਾਣ ਭਾਲਣਾ। ਅੱਲ੍ਹੜ ਵਰੇਸ ਲਈ ਸੁਪਨਿਆਂ ਦੀ ਤਸ਼ਬੀਹ ਵਿਚੋਂ ਭਵਿੱਖ ਨੂੰ ਨਿਹਾਰਨਾ। ਮਿੱਤਰ-ਪਿਆਰੇ ਦੇ ਸਾਥ ਨਾਲ ਅਲਸਾਏ ਪਲਾਂ ਵਰਗੀ ਰੂਹਾਨੀਅਤ ਵਿਚ ਲੀਨ ਹੋਣਾ। ਬਜੁਰਗੀ ਦਾ ਬੀਤੀ ਜ਼ਿੰਦਗੀ ਦੇ ਵਰਕੇ ਫਰੋਲਦਿਆਂ ਸੌਣ ਲਈ ਤਰਲੇ ਕਰਨੇ ਤੇ ਰਾਤ ਲੰਮੇਰੀ ਹੋਣ ਦਾ ਤਾਹਨਾ ਵਕਤ ਦੀ ਤਲੀ 'ਤੇ ਧਰਨਾ।

ਪੋਹ ਦੀ ਸ਼ਾਮ, ਕਕਰੀਲੀ ਤੇ ਦਰਦੀਲੀ ਹੋਵੇ ਤਾਂ ਠੰਢੇ ਬੁਰਜ ਵਿਚ ਦਾਦੀ ਦੀ ਗੋਦ ਦਾ ਨਿੱਘ, ਪੋਤਰਿਆਂ ਲਈ ਸਾਹ ਨਿਰੰਤਰਤਾ ਬਣਦਾ। ਇਸ ਦੀ ਵੰਗਾਰ ਵਿਚੋਂ ਉਗਮੇ ਪਲ ਇਤਿਹਾਸ ਦਾ ਉਹ ਵਰਕਾ ਬਣਦੇ ਜਿਸ ਨੂੰ ਸਜ਼ਦਾ ਕਰਦਿਆਂ ਕਈ ਉਮਰਾਂ ਵੀ ਘੱਟ ਹੁੰਦੀਆਂ।

ਸ਼ਾਮ ਦੀ ਸਾਦਗੀ 'ਚ ਰਾਤ ਦੀ ਰਾਣੀ ਮਹਿਕਦੀ ਜਾਂ ਜੀਵਨ-ਸਾਥੀ ਦੀ ਸਾਥ-ਸੁਗੰਧੀ ਮਨ-ਪੌੜੀਆਂ ਉਤਰਦੀ ਤਾਂ ਘਰ ਨੂੰ ਭਾਗ ਲੱਗਦੇ ਤੇ ਘਰ ਨੂੰ ਘਰ ਵਾਲਿਆਂ ਦਾ ਸਾਥ ਨਸੀਬ ਹੁੰਦਾ।

ਸ਼ਾਮ, ਰੰਗੀਲੇ ਪਲਾਂ ਦਾ ਨਿਉਂਦਾ ਹੋਵੇ, ਰੱਤੜੀ ਰੁੱਤ ਦਾ ਪਹਿਲਾ ਪਹਿਰ ਹੋਵੇ, ਰਮਣੀਕ ਪਲਾਂ ਨੂੰ ਹਯਾਤੀ ਬਣਾਉਣ ਦੀ ਮਾਨਵੀ ਤੜਪ ਹੋਵੇ ਅਤੇ ਸਾਹ-ਸੁਗੰਧੀਆਂ ਨੂੰ ਪੌਣਾਂ ਵਿਚੋਂ ਪਕੜਨ ਦਾ ਅਦਬ ਹੋਵੇ ਤਾਂ ਇਸ ਦੇ ਦਰੀਂ ਨਿੰਮ ਦੇ ਪੱਤੇ ਬੰਨੇ ਜਾਂਦੇ।

ਕੁਦਰਤ ਇਕ ਨਿਯਮ ਵਿਚ ਬੱਝੀ। ਧਰਤੀ ਤੇ ਸੂਰਜ ਇਸ ਨਿਯਮ ਦਾ ਹਿੱਸਾ। ਇਸ ਦੀ ਨਿਰੰਤਰਤਾ ਵਿਚੋਂ ਹੀ ਦਿਨ ਤੇ ਰਾਤ ਅਤੇ ਸਵੇਰ ਤੇ ਸ਼ਾਮ ਦਾ ਅਵਾਗਵਣ। ਇਨ੍ਹਾਂ ਦੀ ਆਗਿਆ, ਜੀਵਨੀ-ਹਾਸਲ ਜਦ ਕਿ ਅਵੱਗਿਆ ਜੀਵਨ-ਤਲੀ 'ਤੇ ਸਾਹ-ਸਿੱਸਕਣੀ।

ਸ਼ਾਮ, ਵੱਖ-ਵੱਖ ਰੂਪਾਂ ਅਤੇ ਰੰਗਾਂ ਵਿਚ ਸਾਡੇ ਦਰੀਂ ਦਸਤਕ ਦਿੰਦੀ। ਕੁਝ ਸ਼ਾਮਾਂ ਦੇ ਜਲਦੀ ਬਤੀਤ ਹੋਣ ਲਈ ਅਸੀਂ ਹੱਥ ਜੋੜਦੇ ਜਦ ਕਿ ਕੁਝ ਦੇ ਸਦੀਆਂ ਜੇਡ ਲੰਮੇਰੀਆਂ ਹੋਣ ਲਈ ਦੁਆਵਾਂ ਕਰਦੇ। ਮਨੁੱਖੀ ਮਨ ਦਾ ਲੋਭ ਕੇਹਾ ਜੋ ਕੁਦਰਤੀ ਕ੍ਰਿਆਵਾਂ ਨੂੰ ਆਪਣੀ ਲੋੜ ਮੁਤਾਬਕ ਬਦਲਣਾ ਚਾਹੁੰਦਾ ਪਰ ਅਜਿਹਾ ਸੰਭਵ ਨਹੀਂ।

ਪੀੜ-ਪਰੁੱਚੀ ਸ਼ਾਮ, ਸਦੀਆਂ ਵਰਗੀ ਰਾਤ ਦਾ ਦਰਦ ਲੈ ਕੇ ਆਉਂਦੀ ਜਦ ਕਿ ਖੁਸ਼ੀਆਂ-ਖੇੜਿਆਂ ਵਰਗੀ ਸ਼ਾਮ ਦਾ ਪਲ ਭਰ ਵਿਚ ਬੀਤਣਾ, ਮਨ ਵਿਚ ਭਰਿਆ ਹੁੰਦਿਆਂ ਵੀ ਖਾਲੀਪਣ ਦਾ ਅਹਿਸਾਸ ਧਰ ਜਾਂਦੀ। ਸ਼ਾਮ ਤਾਂ ਸ਼ਾਮ ਹੁੰਦੀ। ਇਹ ਸਾਡੀ ਮਨੋ-ਕਾਮਨਾਵਾਂ ਵਿਚਲਾ ਅਸਾਵਾਂਪਣ ਹੁੰਦਾ ਜੋ ਸ਼ਾਮ ਦੇ ਮੱਥੇ 'ਤੇ ਇਲਜ਼ਾਮ ਧਰਦਾ।

ਸ਼ਾਮ ਦੀ ਡੂੰਘੀ ਚੁੱਪ ਦੇ ਨਾਂਵੇਂ, ਉਸ ਚੁੱਪ ਨੂੰ ਕਰੀਏ ਜਿਸ ਦਾ ਇਕ ਹੀ ਬੋਲ, ਆਬੇ-ਹਯਾਤ ਦੀ ਤਿੱਪ ਬਣ ਮਾਨਵਤਾ ਦਾ ਨਗਮਾ ਬੁੱਲੀਂ ਗੁਣਗੁਣਾਵੇ।

ਸ਼ਾਮ ਦੀ ਬੁੱਕਲ ਮਾਰ ਕੇ ਤੁਰੇ ਜਾਂਦੇ ਰਾਹੀ ਸ਼ਾਮ-ਸਰਵਰ ਦੇ ਕੰਢਿਆਂ 'ਤੇ ਘੜੀ ਪਲ ਸੁਸਤਾ, ਮੰਜ਼ਿਲਾਂ ਦੇ ਪੈਂਡਿਆਂ ਨੂੰ ਆਖਰੀ ਸਾਹ ਤੀਕ ਦਾ ਹਮਸਫਰ ਬਣਾਉਣ ਦੀ ਤਮੰਨਾ ਮਨ 'ਚ ਪਾਲਦੇ।

ਸ਼ਾਮ ਦੇ ਘੁਸਮੁਸੇ ਵਿਹੜੇ 'ਚ ਕੋਸਾ-ਕੋਸਾ ਚਾਨਣ ਤਰੌਂਕ, ਸੰਦਲੀ ਜਿਹੀ ਮਹਿਕ ਘਰ ਦੇ ਨਾਮ ਕਰੀਏ, ਤਾਂ ਕਿ ਹਰੇਕ ਬੰਦਾ ਸ਼ਾਮ ਨੂੰ ਖੁਸ਼-ਆਮਦੀਦ ਕਹਿੰਦਾ ਰਾਤ ਦੇ ਦਰਾਂ 'ਤੇ ਨਤਮਸਤਕ ਹੋ, ਸ਼ਾਮ ਦੀ ਆਰਤੀ ਉਤਾਰੇ। ਰਾਤਾਂ ਦੇ ਗਰਭ 'ਚੋਂ ਪਨਪੇ ਸਵੇਰ ਦੇ ਮੁਖੜੇ 'ਤੇ ਹੀ ਚੜ੍ਹਦੇ ਦੀ ਲਾਲੀ ਦਾ ਜਲੌਅ ਹੁੰਦਾ।

ਆਉ! ਸ਼ਾਮ ਦੀ ਹੌਲੀ ਹੌਲੀ ਉਤਰ ਰਹੀ ਇਲਾਹੀ ਖਾਮੋਸ਼ੀ ਨੂੰ ਖਾਮੋਸ਼ ਬੁੱਲਾਂ 'ਤੇ ਧਰ, ਜੀਵਨ-ਧਾਰਾ ਦਾ ਕਲਕਲ ਕਰਦਾ ਨਗਮਾ ਆਦਮੀਅਤ ਦੇ ਨਾਮ ਕਰੀਏ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜ਼ਾਲਮਾਂ ਦੇ ਜ਼ੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ ਅਤੇ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਆਖ ਔਰਤ ਜਾਤ ਨੂੰ ਉਚੇਰਾ ਦਰਜਾ ਬਖਸ਼ਣ ਵਾਲੇ

# ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ

# ਕੋਟਾਨਿ ਕੋਟਿ ਵਧਾਈ

## ਆਓ ਸਾਰੇ ਰਲ-ਮਿਲ ਕੇ ਵਿਸ਼ਵ ਨੂੰ ਗਦਰੀ ਬਾਬਿਆਂ ਦੇ ਸੁਪਨਿਆਂ ਦੇ ਹਾਣ ਦਾ ਬਣਾਉਣ ਲਈ ਸਿਰਤੋੜ ਯਤਨ ਕਰੀਏ






ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ
ਫੋਨ: 916-420-2390

ਸਕੱਤਰ ਗਿਆਨ ਸਿੰਘ ਬਿਲਗਾ
ਫੋਨ: 661-397-7330

ਖਜ਼ਾਨਚੀ ਜਗਜੀਤ ਸਿੰਘ ਗਿੱਲ
ਫੋਨ: 209-985-1552

ਸੁਮਿੱਤਰ ਸਿੰਘ ਉਪਲ
ਯੂਬਾ ਸਿਟੀ

ਬਲਵੰਤ ਬਾਂਕਾ
ਫੋਨ: 916-271-4216

ਕਿਰਪਾਲ ਸਿੰਘ ਸੰਧੂ
ਫਰਿਜ਼ਨੋ

ਜਸਵਿੰਦਰ ਸੰਧੂ
ਫੋਨ: 209-639-2100

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਸੁਰਿੰਦਰ ਸਿੰਘ ਗਿੱਲ, ਸਤਵਿੰਦਰ ਸਿੰਘ ਰਾਣਾ।


## ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ ਐਸ ਏ)

# ਪੰਜਾਬੀ ਕਾਮੇਡੀ ਫਿਲਮਾਂ: ਜੁਮਲੇ ਤੇ ਜੁਗਤਾਂ

ਅਜੋਕੀਆਂ ਪੰਜਾਬੀ ਫਿਲਮਾਂ ਦਾ ਤਸੱਵੁਰ ਕਾਮੇਡੀ ਤੋਂ ਬਿਨਾਂ ਕਰਨਾ ਮੁਮਕਿਨ ਨਹੀਂ ਲੱਗਦਾ। ਸ਼ੁਰੂਆਤੀ ਦੌਰ ਦੀਆਂ ਪੰਜਾਬੀ ਫਿਲਮਾਂ 'ਤੇ ਕਾਮੇਡੀ ਭਾਰੂ ਨਹੀਂ ਸੀ, ਪਰ ਅਦਾਕਾਰਾਂ ਦੇ ਜੁਮਲੇ ਤੇ ਜੁਗਤਾਂ ਦਰਸ਼ਕਾਂ ਦੇ ਮਨ ਮੋਹ ਲੈਂਦੇ ਸਨ। ਕਾਮੇਡੀ ਦਾ ਮੂਲ ਉਦੇਸ਼ ਤਣਾਓਗ੍ਰਸਤ ਸਥਿਤੀ ਤੋਂ ਦਰਸ਼ਕਾਂ ਨੂੰ ਨਿਜਾਤ ਦਿਵਾਉਣਾ ਹੈ ਜੋ ਕਾਮੇਡੀ ਦਾ ਬੁਨਿਆਦੀ ਸੁਭਾਅ ਹੈ।

ਕਾਮੇਡੀ ਦਾ ਆਪਣਾ ਜਗਤ ਹੈ ਜਿਸ ਵਿਚ ਕਲਾਸੀਕਲ, ਨਵੀਂ, ਰੋਮਨ, ਉਪੇਰਾ, ਨਵ-ਜਾਗ੍ਰਿਤੀ ਵਰਗੀਆਂ ਕਿਸਮਾਂ ਹਨ। ਇਸ ਦੇ ਜਗਤ ਨੂੰ ਸਮਝਣ ਤੋਂ ਬਗ਼ੈਰ ਜੁਮਲੇ ਤੇ ਜੁਗਤਾਂ ਨਹੀਂ ਬਣ ਸਕਦੀਆਂ। ਕਾਮੇਡੀ ਸਿਰਫ ਸ਼ਬਦਾਂ ਦੀ ਗੰਢ-ਤੁਪ ਨਹੀਂ ਸਗੋਂ ਅਦਾਕਾਰਾਂ ਦੇ ਹਾਵ ਭਾਵ, ਉਸ ਦੀ ਪੇਸ਼ਕਾਰੀ, ਸਥਿਤੀ ਤੇ ਪ੍ਰਤੀਕਰਮ ਤੇ ਪ੍ਰਤਕਿਰਿਆ, ਹਾਜ਼ਰ ਜਵਾਬੀ ਤੇ ਹੋਰ ਕਈ ਕੁਝ ਹੁੰਦਾ ਹੈ। ਆਮ ਤੌਰ 'ਤੇ ਅਦਾਕਾਰ ਦੋ ਮਤਲਬੀ ਸ਼ਬਦਾਂ ਦੀ ਪੇਸ਼ਕਾਰੀ ਨੂੰ ਹੀ ਕਾਮੇਡੀ ਸਮਝ ਬੈਠਦਾ ਹੈ। ਕਾਮੇਡੀ ਤਾਂ ਸਾਧਾਰਨ ਨੂੰ ਅਸਾਧਾਰਨ ਤੇ ਅਸਾਧਾਰਨ ਨੂੰ ਸਾਧਾਰਨ ਬਣਾਉਣ ਦੀ ਵਿਧੀ ਹੈ। ਇਹ ਵੀ ਕਹਿ ਸਕਦੇ ਹਾਂ ਕਿ ਸਾਧਾਰਨ ਨੂੰ ਸਾਧਾਰਨਤਾ ਦਾ ਜਾਮਾ ਪਹਿਨਾਉਣਾ, ਜਿਸ ਨਾਲ ਵੇਖਣ-ਸੁਣਨ ਵਾਲਾ ਸੋਚਣ ਲਈ ਮਜਬੂਰ ਹੋ ਜਾਵੇ।

ਪੰਜਾਬੀ ਫਿਲਮਾਂ ਵਿਚ 'ਲੱਕੀ ਦੀ ਅਨਲੱਕੀ ਸਟੋਰੀ', 'ਬੈਸਟ ਆਫ ਲੱਕ', 'ਜਿਹਨੇ ਮੇਰਾ ਦਿਲ ਲੁੱਟਿਆ', 'ਤੂੰ ਮੇਰਾ 22 ਮੈਂ ਤੇਰਾ 22', 'ਡੈਡੀ ਕੂਲ ਮੁੰਡੇ ਫੂਲ', 'ਕੈਰੀ ਆਨ ਜੱਟਾ', 'ਵਧਾਈਆਂ ਜੀ ਵਧਾਈਆਂ', 'ਲਾਵਾਂ ਫੇਰੇ', 'ਮੰਜੇ ਬਿਸਤਰੇ' ਤੇ 'ਨਿੱਕਾ ਜ਼ੈਲਦਾਰ' ਆਦਿ। ਇਨ੍ਹਾਂ ਫਿਲਮਾਂ ਦਾ ਮੁੱਖ ਹਾਸ ਕਲਾਕਾਰ ਜਸਵਿੰਦਰ ਭੱਲਾ, ਬੀਨੂੰ ਢਿੱਲੋਂ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਰਾਣਾ ਰਣਬੀਰ, ਬੀ.ਐਨ. ਸ਼ਰਮਾ, ਸਰਦਾਰ ਸੋਹੀ ਤੇ ਕਈ ਹੋਰ ਹਨ। ਇਨ੍ਹਾਂ ਫਿਲਮਾਂ ਵਿਚ ਜਿਸ ਤਰ੍ਹਾਂ ਦੀ ਕਾਮੇਡੀ ਦੀ ਪੇਸ਼ਕਾਰੀ ਹੋਈ, ਉਸ ਤੋਂ ਲਗਦਾ ਹੈ ਕਿ ਇਹ ਅਦਾਕਾਰ ਅਜੇ ਜੁਮਲੇ ਕਸਣੇ ਤੇ ਜੁਗਤਾਂ ਕਹਿਣੀਆਂ ਸਿੱਖ ਰਹੇ ਹਨ। ਅਜਿਹੀਆਂ ਫਿਲਮਾਂ ਦੇਖ ਕੇ ਇੰਜ ਮਹਿਸੂਸ ਹੋ ਰਿਹਾ ਹੁੰਦਾ ਹੈ ਕਿ ਅਦਾਕਾਰ ਫਿਲਮੀ ਸੈੱਟ 'ਤੇ ਰਿਹਰਸਲ ਹੀ ਕਰ ਰਹੇ ਹਨ। ਇਸ ਤਰ੍ਹਾਂ ਦੀ ਕਾਮੇਡੀ ਦਾ ਕੋਈ ਮਤਲਬ ਨਹੀਂ ਬਣਦਾ ਕਿ ਅਦਾਕਾਰ ਹਾਵਾਂ-ਭਾਵਾਂ, ਅਦਾਵਾਂ ਨੂੰ ਓਵਰਐਕਟ ਕਰੇ। ਜਿਥੇ ਕਾਮੇਡੀ ਕਮਜ਼ੋਰ ਹੋਣ ਲੱਗ ਪੈਂਦੀ ਹੈ, ਉਥੇ ਉਹ ਦੋ ਮਤਲਬੀ ਬੋਲੀ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹੋ ਜਿਹੇ ਸੰਵਾਦ ਸੁਣ ਕੇ ਇੰਜ ਲੱਗਦਾ ਹੈ ਕਿ ਪੰਜਾਬੀ ਸਿਨੇਮਾ ਕੋਲ ਚੰਗੇ ਲਿਖਾਰੀਆਂ ਦੀ ਵੀ ਘਾਟ ਹੈ। ਦੋ ਅਰਥੀ ਬੋਲਾਂ ਨਾਲ ਕਾਮੇਡੀ ਅਸ਼ਲੀਲਤਾ ਦੇ ਨੇੜੇ ਹੋ ਜਾਂਦੀ ਹੈ।




ਫਿਲਮ 'ਲੱਕੀ ਦੀ ਅਨਲੱਕੀ ਸਟੋਰੀ' ਦਾ ਪੋਸਟਰ।




ਫਿਲਮ 'ਕੈਰੀ ਆਨ ਜੱਟਾ' ਦਾ ਪੋਸਟਰ।

ਕਾਮੇਡੀ ਸਿਰਫ ਸਮਾਜਿਕ ਹੀ ਨਹੀਂ ਸਗੋਂ ਮਨੋਵਿਗਿਆਨਕ ਕਾਰਜ ਵੀ ਹੈ। ਹਾਸ ਕਲਾਕਾਰ ਦੀ ਭੂਮਿਕਾ ਨਿਭਾਉਣ ਵੇਲੇ ਕਾਮੇਡੀਅਨ ਕੋਲ ਸਮਾਜਿਕ, ਰਾਜਨੀਤਕ ਪਿਛੋਕੜ ਦੀ ਸਮਝ ਤੇ ਉਸ 'ਤੇ ਵਿਅੰਗ ਕੱਸਣ ਦੀ ਮੁਹਾਰਤ ਤੇ ਕਿਰਦਾਰ ਦੀ ਨਿਰੀਖਣ ਤੇ ਸਮੇਂ 'ਤੇ ਕੰਟਰੋਲ ਦੀ ਸਮਰੱਥਾ ਲੋੜੀਂਦੀ ਹੈ। ਪੰਜਾਬੀ ਦੂਰਦਰਸ਼ਨ ਦੇ ਹਾਸ ਕਲਾਕਾਰ ਜਿਨ੍ਹਾਂ ਵਿਚ ਜਸਪਾਲ ਭੱਟੀ, ਭਗਵੰਤ ਮਾਨ, ਬਲਵਿੰਦਰ ਵਿੱਕੀ, ਗੁਰਪ੍ਰੀਤ ਘੁੱਗੀ ਦੀ ਕਾਮੇਡੀ ਦੀ ਆਪਣੀ ਵਿਲੱਖਣਤਾ ਸੀ। ਜਦੋਂ ਤਕ ਗੁਰਪ੍ਰੀਤ ਘੁੱਗੀ ਵਪਾਰਕ ਫਿਲਮਾਂ ਦਾ ਹਿੱਸਾ ਨਹੀਂ ਬਣਿਆ ਉਦੋਂ ਤਕ ਉਸ ਦੀ ਕਾਮੇਡੀ ਦੇ ਜੁਮਲਿਆਂ ਦਾ ਆਪਣਾ ਹੀ ਰੰਗ ਸੀ। ਕਾਮੇਡੀ ਕਲਾਕਾਰਾਂ ਦੀ ਵੱਡੀ ਦੁਵਿਧਾ ਇਹ ਹੋ ਨਿੱਬੜਦੀ ਹੈ ਕਿ ਉਹ ਆਪਣੇ ਆਪੇ ਵਿਚੋਂ ਬਾਹਰ ਨਹੀਂ ਨਿਕਲ ਪਾਉਂਦੇ ਅਤੇ ਕਿਰਦਾਰ ਵਿਚ ਢਲ ਕੇ ਸੁਭਾਵਿਕ ਪੇਸ਼ਕਾਰੀ ਨਹੀਂ ਕਰ ਪਾਉਂਦੇ। ਉਹ ਲਹਿੰਦੇ ਪੰਜਾਬ ਦੇ ਹਾਸ ਕਲਾਕਾਰਾਂ ਦੀ ਨਕਲ ਕਰਨ ਲੱਗ ਪੈਂਦੇ ਹਨ ਅਤੇ ਉਨ੍ਹਾਂ ਵਲੋਂ ਵਰਤੇ ਜੁਮਲੇ ਵੀ ਹੂ-ਬ-ਹੂ ਵਰਤਣ ਲੱਗ ਪੈਂਦੇ ਹਨ ਜੋ ਉਸ ਸਥਿਤੀ ਵਿਚ ਢੁਕਦੇ ਨਜ਼ਰ ਨਹੀਂ ਆਉਂਦੇ। ਬੀਨੂੰ ਢਿੱਲੋਂ ਕੋਲ ਵੀ ਜੁਗਤਾਂ ਦੀ ਮੁਹਾਰਤ ਹੈ ਜੋ ਕਦੇ-ਕਦੇ ਕਿਰਦਾਰ ਨਾਲ ਇਨਸਾਫ ਕਰ ਪਾਉਂਦਾ ਹੈ, ਪਰ ਹਰ ਵੇਲੇ ਨਹੀਂ। ਇਨ੍ਹਾਂ ਅਦਾਕਾਰਾਂ ਕੋਲ ਜੋ ਮੁਹਾਰਤ ਹੈ, ਉਹ ਕਾਮੇਡੀ ਫਿਲਮਾਂ ਵਿਚ ਫਿੱਟ ਨਹੀਂ ਬੈਠਦੀ ਅਤੇ ਨਾ ਹੀ ਇਨ੍ਹਾਂ ਅਦਾਕਾਰਾਂ ਕੋਲ ਕੋਈ ਰਸਮੀ ਸਿਖਲਾਈ ਹੈ।

ਜੇਕਰ ਗੁਆਂਢ ਵੱਲ ਝਾਤੀ ਮਾਰੀਏ ਤਾਂ ਸਥਿਤੀ ਕੁਝ ਵੱਖਰੀ ਨਜ਼ਰ ਆਉਂਦੀ ਹੈ। ਪਾਕਿਸਤਾਨੀ ਹਾਸ ਕਲਾਕਾਰਾਂ ਵਿਚ ਅਮਾਨ ਉਲਾ ਖਾਨ, ਉਮਰ ਸਰੀਫ, ਇਫਤਿਕਾਰ ਠਾਕੁਰ, ਸੋਹੇਲ ਅਹਿਮਦ, ਮੋਇਨ ਅਖਤਰ, ਅਮਾਨਤ ਚੰਦ ਦਾ ਆਪਣਾ ਮੁਕਾਮ ਹੈ। ਭਾਵੇਂ ਇਨ੍ਹਾਂ ਦੀ ਕਲਾਕਾਰੀ ਟੀ.ਵੀ. ਸ਼ੋਅ ਤੇ ਸਟੇਜ ਤਕ ਹੀ ਮਹਿਦੂਦ ਹੈ, ਕਿਉਂਕਿ ਪਾਕਿਸਤਾਨੀ ਪੰਜਾਬੀ ਫਿਲਮਾਂ ਦਾ ਜੋ ਹਾਲ ਹੈ ਉਸ ਤੋਂ ਸਾਰੇ ਵਾਕਿਫ ਹੀ ਹਨ। ਇਹ ਸਾਰੇ ਸਟੇਜ ਦੀ ਪੈਦਾਵਾਰ ਹਨ। ਇਨ੍ਹਾਂ ਕਲਾਕਾਰਾਂ ਦੀ ਆਪਣੀ ਪਛਾਣ ਉਨ੍ਹਾਂ ਦੀ ਅਦਾਕਾਰੀ, ਜੁਮਲੇ ਤੇ ਜੁਗਤਾਂ ਕਰਕੇ ਹੀ ਹੈ।

ਪੰਜਾਬੀ ਫਿਲਮਾਂ ਵਿਚ ਘਾਟ ਇਸ ਗੱਲ ਦੀ ਰੜਕਦੀ ਹੈ ਕਿ ਫਿਲਮ ਨਿਰਮਾਤਾ, ਨਿਰਦੇਸ਼ਕ ਤੇ ਅਦਾਕਾਰ ਕਾਮੇਡੀ ਪ੍ਰਤੀ ਸੰਜੀਦਾ ਨਹੀਂ ਲੱਗਦੇ। ਇਨ੍ਹਾਂ ਕੋਲ ਚੰਗੇ ਲਿਖਾਰੀਆਂ ਤੇ ਰਸਮੀ ਸਿਖਲਾਈ ਦੀ ਅਣਹੋਂਦ ਹੋਣ ਕਰਕੇ ਵੀ ਕਾਮੇਡੀ ਮੂਲ ਬਿਰਤੀ ਤੋਂ ਥਿੜਕ ਰਹੀ ਹੈ।

*-ਜਤਿੰਦਰ ਸਿੰਘ*

# 'ਰੰਗ ਪੰਜਾਬ' ਨਾਲ ਮੁੜ ਸਰਗਰਮ ਹੋਇਆ ਦੀਪ ਸਿੱਧੂ



**ਸੁਰਜੀਤ ਜੱਸਲ**
ਫੋਨ: 91-98146-07737

ਦੀਪ ਸਿੱਧੂ ਦੀ ਅੱਜ ਦੇ ਸਿਨਮੇ ਵਿਚ ਇੱਕ ਖਾਸ ਪਛਾਣ ਬਣ ਚੁਕੀ ਹੈ। ਆਪਣੀ ਪਹਿਲੀ ਹੀ ਫਿਲਮ 'ਜ਼ੋਰਾ ਦਸ ਨੰਬਰੀਆ' ਨਾਲ ਚਰਚਿਤ ਹੋਇਆ ਦੀਪ ਸਿੱਧੂ ਸ੍ਰੀ ਮੁਕਤਸਰ ਸਾਹਿਬ ਜਿਲ੍ਹੇ ਦਾ ਜੰਮਪਲ ਹੈ। ਅਦਾਕਾਰੀ ਦੇ ਖੇਤਰ ਵਿਚ ਆਉਣ ਤੋਂ ਪਹਿਲਾਂ ਦੀਪ ਨੇ ਕੁਝ ਸਮਾਂ ਵਕਾਲਤ ਵੀ ਕੀਤੀ ਪਰ ਹੁਣ ਪਿਛਲੇ ਕਈ ਸਾਲਾਂ ਤੋਂ ਫਿਲਮ ਖੇਤਰ ਵਿਚ ਸਰਗਰਮ ਹੈ। ਮੁੰਬਈ ਫਿਲਮ ਨਗਰੀ ਨੂੰ ਹੀ ਆਪਣਾ ਕੈਰੀਅਰ ਬਣਾਉਂਦਿਆਂ ਉਸ ਨੇ ਗੁੱਡੂ ਧਨੋਆ ਦੇ ਨਿਰਦੇਸ਼ਨ ਵਿਚ ਫਿਲਮ 'ਰਮਤਾ ਜੋਗੀ' ਨਾਲ ਆਪਣਾ ਫਿਲਮੀ ਸਫਰ ਸ਼ੁਰੂ ਕੀਤਾ। ਇਹ ਫਿਲਮ ਇੱਕ ਲਵ ਸਟੋਰੀ 'ਤੇ ਆਧਾਰਤ ਸੀ। ਦੀਪ ਸਿੱਧੂ ਆਪਣੀ ਜ਼ਿੰਦਗੀ ਵਿਚ ਦਿਉਲ ਫਿਲਮ ਪਰਿਵਾਰ ਦਾ ਵਡਮੁੱਲਾ ਸਹਿਯੋਗ ਮੰਨਦਾ ਹੈ।

ਫਿਰ ਕੁਝ ਸਮੇਂ ਦੇ ਵਕਫੇ ਮਗਰੋਂ ਨਿਰਦੇਸ਼ਕ ਅਮਰਦੀਪ ਗਿੱਲ ਨੇ ਦੀਪ ਸਿੱਧੂ ਨੂੰ 'ਜ਼ੋਰਾ ਦਸ ਨੰਬਰੀਆਂ' ਬਣਾ ਕੇ ਇੱਕ ਨਵੀਂ ਪਛਾਣ ਨਾਲ ਪੰਜਾਬੀ ਪਰਦੇ 'ਤੇ ਉਤਾਰਿਆ। ਪੰਜਾਬ ਦੀ ਸਿਆਸਤ ਅਤੇ ਭਖਦੇ ਮਸਲਿਆਂ 'ਤੇ ਆਧਾਰਤ ਇਸ ਫਿਲਮ ਦੀ ਚਰਚਾ ਨੇ ਫਿਲਮੀ ਗਲਿਆਰਿਆਂ ਵਿਚ ਹਰ ਛੋਟੇ ਵੱਡੇ ਕਲਾਕਾਰ, ਨਿਰਮਾਤਾ ਨਿਰਦੇਸ਼ਕ ਦਾ ਧਿਆਨ ਖਿੱਚਿਆ।

ਜਿਸ ਨੇ ਵੀ ਇਹ ਫਿਲਮ ਵੇਖੀ, ਉਹ ਦੀਪ ਸਿੱਧੂ ਦੀ ਅਦਾਕਾਰੀ ਦਾ ਦੀਵਾਨਾ ਹੋ ਗਿਆ। ਅਦਾਕਾਰੀ ਅਤੇ ਡਾਇਲਾਗ ਬੋਲਣ ਦੇ ਇੱਕ ਖਾਸ ਅੰਦਾਜ਼ ਦੀ ਤਾਰੀਫ ਹਰ ਕਿਸੇ ਦੇ ਮੂੰਹੋਂ ਆਪ ਮੁਹਾਰੇ ਹੋਈ। 'ਜੋਰਾ ਦਸ ਨੰਬਰੀਆ' ਫਿਲਮ ਤੋਂ ਬਾਅਦ ਦੀਪ ਪੰਜਾਬੀ ਸਿਨਮੇ ਲਈ ਸਰਗਰਮ ਹੋ ਗਿਆ। ਉਸ ਕੋਲ ਇਸ ਵੇਲੇ ਕਈ ਫਿਲਮਾਂ ਹਨ, ਜਿਨ੍ਹਾਂ ਰਾਹੀਂ ਉਹ ਪੰਜਾਬੀ ਸਿਨਮੇ ਨੂੰ ਇੱਕ ਨਵੀਂ ਦਿਸ਼ਾ ਦੇਵੇਗਾ।

ਅੱਜ ਦੇ ਕਾਮੇਡੀ ਤੇ ਵਿਆਹਾਂ ਵਾਲੇ ਸਿਨਮੇ ਨੂੰ ਨਵਾਂ ਮੋੜ ਦੇਣ ਲਈ ਇਨ੍ਹੀਂ ਦਿਨੀਂ ਦੀਪ ਸਿੱਧੂ ਪੰਜਾਬੀ ਫਿਲਮ 'ਰੰਗ ਪੰਜਾਬ' ਲੈ ਕੇ ਆ ਰਿਹਾ ਹੈ, ਜਿਸ ਵਿਚ ਦਰਸ਼ਕ ਉਸ ਨੂੰ ਪਹਿਲਾਂ ਵਾਂਗ ਗੈਂਗਸਟਰ ਨਹੀਂ, ਸਗੋਂ ਗੈਂਗਸਟਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਦੇਣ ਵਾਲਾ ਇੱਕ ਜਾਂਬਾਜ਼ ਪੁਲਿਸ ਅਫਸਰ ਬਣਿਆ ਵੇਖਣਗੇ।

ਦੀਪ ਦੀ ਅਦਾਕਾਰੀ ਦੇ ਕਈ ਨਵੇਂ ਰੰਗ ਇਸ ਫਿਲਮ ਰਾਹੀਂ ਨਜ਼ਰ ਆਉਣਗੇ। ਇਸ ਬਾਰੇ ਦੀਪ ਸਿੱਧੂ ਦਾ ਕਹਿਣਾ ਹੈ ਕਿ ਉਹ ਕਿਸੇ ਇੱਕ ਕਿਰਦਾਰ 'ਚ ਹੀ ਨਹੀਂ ਬੱਝਣਾ ਚਾਹੁੰਦਾ ਬਲਕਿ ਹਰ ਤਰ੍ਹਾਂ ਦੇ ਕਿਰਦਾਰ ਨਿਭਾਉਣ ਦਾ ਇਛੁੱਕ ਹੈ, ਬਸ਼ਰਤੇ ਕਿਰਦਾਰ ਉਸ ਦੇ ਲੈਵਲ ਦਾ ਜਾਨਦਾਰ ਹੋਵੇ। ਹਲਕੇ ਕਿਰਦਾਰਾਂ ਤੋਂ ਉਹ ਪਰਹੇਜ ਕਰਦਾ ਹੈ।

ਇਹ ਨਵੀਂ ਫਿਲਮ 'ਰੰਗ ਪੰਜਾਬ' ਪੁਲਿਸ ਅਤੇ ਗੈਂਗਸਟਰਾਂ ਨਾਲ ਜੁੜੀ ਕਹਾਣੀ 'ਤੇ ਆਧਾਰਤ ਹੈ। ਪਹਿਲੀ ਫਿਲਮ ਵਾਂਗ ਇਹ ਫਿਲਮ ਵੀ ਦਰਸ਼ਕਾਂ ਨੂੰ ਜਰੂਰ ਪਸੰਦ ਆਵੇਗੀ। ਫਿਲਮ ਦਾ ਟਰੇਲਰ ਕੁਝ ਦਿਨ ਪਹਿਲਾਂ ਹੀ ਰਿਲੀਜ ਹੋਇਆ ਹੈ, ਜਿਸ ਨੂੰ ਦਰਸ਼ਕਾਂ ਦਾ ਬਹੁਤ ਪਿਆਰ ਮਿਲ ਰਿਹਾ ਹੈ। ਉਸ ਨੇ ਦੱਸਿਆ ਕਿ ਛੇਤੀ ਹੀ 'ਜ਼ੋਰਾ ਦਸ ਨੰਬਰੀਆ' ਦੇ ਦੂਸਰੇ ਭਾਗ ਦੀ ਸ਼ੂਟਿੰਗ ਵੀ ਸ਼ੁਰੂ ਕਰਨ ਜਾ ਰਿਹਾ ਹੈ। ਇਸੇ ਦੌਰਾਨ ਕੁਝ ਹੋਰ ਫਿਲਮਾਂ ਵੀ ਦਰਸ਼ਕ ਵੇਖਣਗੇ।



ਫਿਲਮ 'ਰੰਗ ਪੰਜਾਬ' ਦੇ ਇਕ ਦ੍ਰਿਸ਼ 'ਚ ਦੀਪ ਸਿੱਧੂ ਤੇ ਰੀਨਾ ਰਾਏ

'ਬਠਿੰਡੇ ਵਾਲੇ ਬਾਈ ਫਿਲਮਜ਼' ਅਤੇ ਸਿਨੇ ਮੋਸ਼ਨ ਮੀਡੀਆ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਨਿਰਮਾਤਾ ਮਨਦੀਪ ਸਿੰਘ ਸਿੱਧੂ ਦੀ 23 ਨਵੰਬਰ ਨੂੰ ਰਿਲੀਜ਼ ਹੋਣ ਵਾਲੀ ਫਿਲਮ 'ਰੰਗ ਪੰਜਾਬ' ਦੀ ਕਹਾਣੀ ਗੁਰਪ੍ਰੀਤ ਭੁੱਲਰ ਨੇ ਲਿਖੀ ਹੈ।

ਫਿਲਮ ਵਿਚ ਦੀਪ ਸਿੱਧੂ, ਰੀਨਾ ਰਾਏ, ਕਰਤਾਰ ਚੀਮਾ, ਕਮਲ ਵਿਰਕ, ਆਸ਼ੀਸ ਦੁੱਗਲ, ਹੌਬੀ ਧਾਲੀਵਾਲ, ਜਗਜੀਤ ਸਿੱਧੂ, ਮਹਾਂਬੀਰ ਭੁੱਲਰ ਤੇ ਬਨਿੰਦਰ ਬਨੀ ਨੇ ਅਹਿਮ ਕਿਰਦਾਰ ਨਿਭਾਏ ਹਨ। ਇਹ ਫਿਲਮ ਕਾਮੇਡੀ ਤੇ ਵਿਆਹ ਕਲਚਰ ਦੇ ਮਾਹੌਲ ਵਾਲੀਆਂ ਫਿਲਮਾਂ ਵੇਖ ਅੱਕ ਚੁਕੇ ਦਰਸ਼ਕਾਂ ਨੂੰ ਨਵੇਂ ਤੇ ਤਾਜ਼ੇ ਮਨੋਰੰਜਨ ਦੀ ਸੌਗਾਤ ਹੋਵੇਗੀ।

## ਫਿਲਮ 'ਰੰਗ ਪੰਜਾਬ'

ਅਲੱਗ ਵਿਸ਼ੇ ਦੀ ਐਕਸ਼ਨ ਫਿਲਮ 'ਰੰਗ ਪੰਜਾਬ' ਦਾ ਟਰੇਲਰ ਵੇਖਦਿਆਂ ਭਵਿੱਖ ਵਿਚ ਇੱਕ ਵੱਖਰੇ ਸਿਨਮੇ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ, ਜੋ ਦਰਸ਼ਕਾਂ ਦੇ ਮਨੋਰੰਜਨ ਨੂੰ ਇੱਕ ਨਵਾਂ ਟੇਸਟ ਦੇਵੇਗਾ। 23 ਨਵੰਬਰ ਨੂੰ ਰਿਲੀਜ਼ ਹੋਣ ਵਾਲੀ ਫਿਲਮ 'ਰੰਗ ਪੰਜਾਬ' ਵਿਚ ਦੀਪ ਸਿੱਧੂ ਦੀ ਜੋੜੀ ਖੂਬਸੂਰਤ ਬਾਲੀਵੱਡ ਅਦਾਕਾਰਾ ਰੀਨਾ ਰਾਏ ਨਾਲ ਬਣੀ ਹੈ।

ਐਕਸ਼ਨ ਤੋਂ ਇਲਾਵਾ ਫਿਲਮ ਵਿਚ ਦੋਹਾਂ ਦਾ ਰੋਮਾਂਸ ਵੀ ਦਰਸ਼ਕਾਂ ਨੂੰ ਜਰੂਰ ਪਸੰਦ ਆਵੇਗਾ। ਫਿਲਮ ਦੇ ਗੀਤ ਪਹਿਲਾਂ ਹੀ ਦਰਸ਼ਕਾਂ ਦੀ ਪਸੰਦ ਬਣੇ ਹੋਏ ਹਨ। ਹਾਲਾਂਕਿ ਫਿਲਮ ਦੀ ਕਹਾਣੀ ਪੰਜਾਬ ਦੀਆਂ ਸਮਾਜਕ ਸਮੱਸਿਆਵਾਂ ਨੂੰ ਪਰਦਾ ਪੇਸ਼ ਕਰੇਗੀ ਪਰ ਦਰਸ਼ਕਾਂ ਦੇ ਟੇਸਟ




ਨੂੰ ਵੇਖਦਿਆ ਫਿਲਮ ਵਿਚ ਹਰ ਤਰ੍ਹਾਂ ਦਾ ਮਨੋਰੰਜਨਕ ਮਸਾਲਾ ਪਾਇਆ ਗਿਆ ਹੈ। 'ਰੰਗ ਪੰਜਾਬ' ਮੌਜੂਦਾ ਪੰਜਾਬ ਦੇ ਸਿਆਸੀ ਤੇ ਗੈਰ-ਸਿਆਸੀ ਰੰਗਾਂ ਦੀ ਪੇਸ਼ਕਾਰੀ ਕਰੇਗੀ। ਨਿਰਦੇਸ਼ਕ ਰਾਕੇਸ਼ ਮਹਿਤਾ ਨੇ ਫਿਲਮ ਰਾਹੀਂ ਕਾਲਜੀ ਜੀਵਨ ਦੇ ਨੌਜਵਾਨਾਂ ਵਿਚ ਵਧਦਾ ਗੈਂਗਵਾਰ, ਨਸ਼ਿਆਂ ਦਾ ਰੁਝਾਨ ਤੇ ਹਥਿਆਰਾਂ ਦੀ ਦਹਿਸ਼ਤ ਨੂੰ ਵੀ ਪਰਦਾ ਪੇਸ਼ ਕੀਤਾ ਹੈ।

ਫਿਲਮ ਦਾ ਨਾਇਕ ਇੱਕ ਗਰੀਬ ਪਰਿਵਾਰ ਦਾ ਮੁੰਡਾ ਹੈ, ਜੋ ਦਿਨ ਰਾਤ ਪੜ੍ਹਾਈ ਕਰਕੇ ਪੁਲਿਸ 'ਚ ਐਸ. ਪੀ. ਭਰਤੀ ਹੋ ਜਾਂਦਾ ਹੈ। ਜਦ ਇਮਾਨਦਾਰ ਅਤੇ ਕਾਨੂੰਨ ਦਾ ਪਾਬੰਦ ਹੋਣ ਕਰਕੇ ਇਲਾਕੇ 'ਚ ਉਸ ਦਾ ਪ੍ਰਭਾਵ ਬਣਦਾ ਹੈ ਤਾਂ ਉਹ ਕੁਝ ਅਸਰ ਰਸੂਖ ਲੋਕਾਂ ਦੀ ਅੱਖ ਵਿਚ ਰੜਕਣ ਲੱਗਦਾ ਹੈ।

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
**1-866-FOR-RAJA** (367-7252)
**www.RajaSweets.com**




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

## PARADISE BALLROOMS

4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਗੁਰੂ ਨਾਨਕ ਪ੍ਰਕਾਸ਼ ਪੁਰਬ ਦੀ ਸਭਨਾਂ ਨੂੰ ਲੱਖ ਲੱਖ ਵਧਾਈ

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 31 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067

DHMS, Loan Broker

CA BRE Lic.#01180969
NMLS# 352095

## Recent Sales

1. 2805 Danwood Ct., San Jose, CA 95148
2. 816 Gilchrist Dr., #2 San Jose CA 95133
3. 2634 S. White Rd., San Jose, CA 95148
4. 7569 Knollwood Place, Dublin, CA 94568
5. 1991 Liberia Cir., San Jose, CA 95116
6. 5011 Anaheim Cir., Union City, CA 94587
7. 1190 Raposa Dr., San Jose, CA 95121
8. 5842 Cohasset Way, San Jose, CA 95123
9. 5918 Crestmont St. Livermore, CA 94551

**Call for Listing Special 2018**

Fremont Office:
86 Pilgrim Loop
Fremont CA 94539
Tel:510-440-9292



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015, 2016 & 2017
Grand Master Award Winner
2012 & 2013

E-mail: jassi@jassigill.com
or
Visit us @ www.jassigill.com for hot listings

Follow us on zillow.com and trulia.com

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.